# ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ

# Jaswinder Singh de Novel ate Kahaanian di Galap Chetna

**Harpreet Singh**
**M. Phil. Student**
**Regd.No. 11412838**

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ
ਐਮ.ਫਿਲ. (ਪੰਜਾਬੀ) ਦੀ ਡਿਗਰੀ ਦੇ ਇੱਕ
ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ
ਖੋਜ-ਪ੍ਰਬੰਧ

ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

2015

# ਘੋਸ਼ਣਾ ਪੱਤਰ

ਮੈਂ ਹਰਪ੍ਰੀਤ ਸਿੰਘ ਇਹ ਬਿਆਨ ਕਰਦਾ ਹਾਂ ਕਿ ''ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ'' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਲ ਨਹੀਂ ਹੈ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

ਹਰਪ੍ਰੀਤ ਸਿੰਘ

ਰਜਿ. ਨੰਬਰ: 11412838

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਪ੍ਰੀਤ ਸਿੰਘ ਨੇ ''ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ'' ਵਿਸ਼ੇ ਉੱਤੇ ਐਮ.ਫਿਲ. ਪੰਜਾਬੀ ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ।

**ਮਿਤੀ:**............

**ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ


**ਭੂਮਿਕਾ** v-ix

**ਅਧਿਆਇ ਪਹਿਲਾ** 1-43

**ਪੰਜਾਬੀ ਗਲਪ: ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਵਿਕਾਸ**

1.1 ਪੰਜਾਬੀ ਕਹਾਣੀ ਦਾ ਅਰਥ ਅਤੇ ਪਰਿਭਾਸ਼ਾ

1.2 ਪੰਜਾਬੀ ਕਹਾਣੀ ਦੇ ਪ੍ਰਮੁੱਖ ਤੱਤ

1.3 ਪੰਜਾਬੀ ਕਹਾਣੀ ਦਾ ਇਤਿਹਾਸਕ ਸਫ਼ਰ

1.4 ਪੰਜਾਬੀ ਨਾਵਲ ਦਾ ਅਰਥ ਅਤੇ ਪਰਿਭਾਸ਼ਾ

1.5 ਪੰਜਾਬੀ ਨਾਵਲ ਦੇ ਪ੍ਰਮੁੱਖ ਤੱਤ

1.6 ਪੰਜਾਬੀ ਨਾਵਲ ਦਾ ਇਤਿਹਾਸਕ ਸਫ਼ਰ

**ਅਧਿਆਇ ਦੂਜਾ** 44-51

**ਜਸਵਿੰਦਰ ਸਿੰਘ ਦਾ ਜੀਵਨ, ਰਚਨਾ ਅਤੇ ਪ੍ਰਾਪਤੀਆਂ**

**ਅਧਿਆਇ ਤੀਜਾ** 52-78

**ਜਸਵਿੰਦਰ ਸਿੰਘ ਦੇ ਨਾਵਲ 'ਮਾਤ ਲੋਕ' ਦਾ ਵਿਸ਼ਾ ਪੱਖ**

3.1 ਮਾਤ ਲੋਕ: ਕਾਮਨਾ ਦੇ ਅਵੇਸ਼ 'ਚੋਂ ਉਪਜੇ ਸੰਕਟ

3.2 ਮਾਤ ਲੋਕ: ਰਿਸ਼ਤਿਆ 'ਚ ਤਣਾਓ

3.3 ਮਾਤ ਲੋਕ: ਪੰਜਾਬੀ ਸੱਭਿਆਚਾਰ ਵਿਚ ਪਰਿਵਰਤਨ

3.4 ਮਾਤ ਲੋਕ: ਨਵੇਂ ਯਥਾਰਥ ਅਤੇ ਨਵੇਂ ਪ੍ਰਤੀਮਾਨਾਂ ਦੀ ਪੇਸ਼ਕਾਰੀ

3.5 ਮਾਤ ਲੋਕ: ਪੰਜਾਬ ਸੰਕਟ ਦੀ ਪੇਸ਼ਕਾਰੀ

**ਅਧਿਆਇ ਚੌਥਾ** 79–96

**ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ 'ਖੂਹ ਖਾਤੇ' ਦਾ ਵਿਸ਼ਾ ਪੱਖ**

4.1 ਸ਼ਹਿਰੀ ਪੱਖ

4.2 ਦੂਜੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ

4.3 ਪਰਿਵਾਰਿਕ ਰਿਸ਼ਤਿਆਂ 'ਚ ਤਣਾਅ ਦੀ ਪੇਸ਼ਕਾਰੀ

4.4 ਕਿਸਾਨੀ ਪੱਖ

4.5 ਪੰਜਾਬ ਸੰਕਟ ਦੀ ਪੇਸ਼ਕਾਰੀ

**ਅਧਿਆਇ ਪੰਜਵਾਂ** 97–113

**ਜਸਵਿੰਦਰ ਸਿੰਘ ਦੇ ਗਲਪ ਦਾ ਕਲਾਤਮਕ ਪੱਖ**

5.1 ਪਾਤਰ ਚਿਤਰਨ

5.2 ਥੀਮ ਅਤੇ ਸੰਚਾਰ ਦੇ ਹਵਾਲੇ ਪੱਖੋਂ ਪੇਸ਼ਕਾਰੀ

5.3 ਭਾਸ਼ਾ ਚੇਤਨਾ

5.4 ਦੋਹਰੇ ਪਲਾਟ ਦੀ ਪੇਸ਼ਕਾਰੀ

5.6 ਪਿਛਲ-ਝਾਤ (ਫਲੈਸ਼ਬੈਕ) ਵਿਧੀ

5.7 ਸਾਹਿਤਕਤਾ

**ਸਾਰ ਤੇ ਸਥਾਪਨਾਵਾਂ** 114–123

**ਪੁਸਤਕ ਸੂਚੀ** 124–126

# ਭੂਮਿਕਾ

ਪੰਜਾਬੀ ਸਾਹਿਤ ਆਲੋਚਨਾ ਦੇ ਖੇਤਰ ਵਿਚ ਜਸਵਿੰਦਰ ਸਿੰਘ ਦਾ ਇਕ ਸਥਾਪਤ ਨਾਮ ਹੈ। ਸਾਹਿਤ ਚਿੰਤਨ, ਸਿਰਜਣਾ ਅਤੇ ਖੋਜ ਦੀ ਨਿਯੰਤਰਨ ਚਲੀ ਆ ਰਹੀ ਧਾਰਾ ਵਿਚ ਜਸਵਿੰਦਰ ਸਿੰਘ ਇਕ ਅਜਿਹੀ ਵਿਵੇਕਮਈ ਪ੍ਰਤਿਭਾ ਦੇ ਤੌਰ 'ਤੇ ਸ਼ਾਮਿਲ ਹਨ ਜਿਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ, ਖੋਜ ਅਤੇ ਅਧਿਆਪਨ ਦੇ ਮੁੱਢਲੇ ਦਿਨਾਂ ਵਿਚ ਹੀ ਅਦਬੀ ਅਤੇ ਅਧਿਆਪਨ ਹਲਕਿਆਂ ਨੂੰ ਆਕਰਸ਼ਿਤ ਕਰ ਲਿਆ ਸੀ। ਜਸਵਿੰਦਰ ਸਿੰਘ ਦੀ ਸਾਹਿਤਕ ਘਾਲਣਾ ਉਹਨਾਂ ਦੀ ਸਰਵਪੱਖੀ ਪ੍ਰਤਿਭਾ ਦੇ ਦਰਸ਼ਨ ਕਰਵਾਉਂਦੀ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਜਸਵਿੰਦਰ ਸਿੰਘ ਦੀ ਮੂਲ ਪਛਾਣ ਸੱਭਿਆਚਾਰ ਦੇ ਖੋਜੀ ਅਤੇ ਆਲੋਚਕ ਵਜੋਂ ਜਾਣੀ ਜਾਂਦੀ ਹੈ। ਉਹ ਪੰਜਾਬੀ ਸਾਹਿਤ ਚਿੰਤਨ, ਸੱਭਿਆਚਾਰਕ ਆਲੋਚਨਾ ਅਤੇ ਗਲਪ ਦੇ ਖੇਤਰ ਵਿਚ ਇੱਕ ਅਜਿਹੇ ਹਸਤਾਖ਼ਰ ਹਨ ਜਿਨ੍ਹਾਂ ਦੀ ਸਖਤ ਮਿਹਨਤ ਇਹਨਾਂ ਖੇਤਰਾਂ ਵਿਚ ਸਿਖਰਾਂ ਨੂੰ ਛੂੰਹਦੀ ਹੈ। ਪੰਜਾਬੀ ਗਲਪ ਸਾਹਿਤ ਸਿਰਜਣਾ ਦੇ ਖੇਤਰ ਵਿਚ ਜਸਵਿੰਦਰ ਸਿੰਘ ਦਾ ਨਾਂ ਇੱਕ ਪ੍ਰਮੁੱਖ ਸਾਹਿਤਕਾਰ ਵਜੋਂ ਜਾਣਿਆ ਜਾਂਦਾ ਹੈ। ਇਸ ਲਈ ਪ੍ਰਸਤੂਤ ਖੋਜ ਕਾਰਜ ਲਈ **"ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ"** ਨੂੰ ਵਿਸ਼ੇ ਵਜੋਂ ਚੁਣਿਆ ਗਿਆ ਹੈ। ਇਸ ਖੋਜ-ਪ੍ਰਬੰਧ ਨੂੰ ਅੱਗੇ ਪੰਜ ਭਾਗਾਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ **"ਪੰਜਾਬੀ ਗਲਪ: ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਵਿਕਾਸ"** ਦੀ ਗੱਲ ਕੀਤੀ ਗਈ ਹੈ। ਇਸ ਵਿਚ ਸਭ ਤੋਂ ਪਹਿਲਾ ਸਾਹਿਤ ਨੂੰ ਸਪੱਸ਼ਟ ਕੀਤਾ ਗਿਆ ਹੈ। ਸਾਹਿਤ ਦੇ ਦੋ ਰੂਪਾਂ ਗਦ ਅਤੇ ਪਦ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚੋਂ ਵਾਰਤਕ ਦੇ ਅਗਲੇਰੇ ਰੂਪ ਗਲਪ ਨੂੰ ਖੋਜ ਵਿਸ਼ੇ ਵਿਚ ਚੁਣਿਆ ਗਿਆ ਹੈ। ਗਲਪ ਵਿਚ ਨਾਵਲ ਅਤੇ ਕਹਾਣੀ ਦੋਵੇਂ ਰੂਪ ਆਉਂਦੇ ਹੋਣ ਕਰਕੇ ਇਸ ਲਈ ਦੋਹਾਂ ਦੇ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਨੂੰ ਸਪੱਸ਼ਟ ਕੀਤਾ ਗਿਆ ਹੈ। ਗਲਪ ਕਦੋਂ ਸ਼ੁਰੂ ਹੋਇਆ ਇਸ ਦੇ ਕੀ ਸਿਧਾਂਤ ਹਨ ਆਦਿ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਗਲਪ ਦੇ ਦੋਹਾਂ ਰੂਪਾਂ ਨਾਵਲ ਅਤੇ ਕਹਾਣੀ ਦੇ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਨੂੰ ਅਲੱਗ-ਅਲੱਗ ਚਿੰਤਕਾਂ ਦੀਆਂ ਪਰਿਭਾਸ਼ਵਾਂ ਦੇ ਕੇ ਪੇਸ਼ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ **"ਜਸਵਿੰਦਰ ਸਿੰਘ ਦਾ ਜੀਵਨ, ਰਚਨਾ ਤੇ ਪ੍ਰਾਪਤੀਆਂ"** ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿਚ ਦੱਸਣ ਦੀ ਕੋਸ਼ਿਸ਼ ਗਈ ਹੈ ਕਿ ਜਸਵਿੰਦਰ ਸਿੰਘ ਨੇ ਕਿਹੋ-ਜਿਹੇ ਪਰਿਵਾਰਿਕ ਮਾਹੌਲ ਵਿਚ ਜਨਮ ਲਿਆ, ਉਹਨਾਂ ਦੀ ਪੜ੍ਹਾਈ ਕਿਹੋ ਜਿਹੇ ਸਾਹਿਤਕ ਮਾਹੌਲ

ਵਿਚ ਹੋਈ ਅਤੇ ਕਿਹੜੀਆਂ-ਕਿਹੜੀਆਂ ਘਟਨਾਵਾਂ ਨੇ ਉਹਨਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ। ਕਿਸ-ਕਿਸ ਦਾ ਉਹਨਾਂ ਨੇ ਵਧੇਰੇ ਪ੍ਰਭਾਵ ਗ੍ਰਹਿਣ ਕੀਤਾ ਜੋ ਉਸ ਦੀ ਸਾਹਿਤਕ ਸਿਰਜਣਾ ਦਾ ਆਧਾਰ ਬਣੇ। ਇਸ ਦੇ ਨਾਲ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਜਸਵਿੰਦਰ ਸਿੰਘ ਨੇ ਆਪਣੀ ਸਾਹਿਤਕ ਯਾਤਰਾ ਕਿਥੋਂ ਸ਼ੁਰੂ ਕੀਤੀ। ਇਸ ਦੇ ਨਾਲ ਹੀ ਜਸਵਿੰਦਰ ਸਿੰਘ ਨੇ ਹੁਣ ਤੱਕ ਕਿੰਨੀਆਂ ਪੁਸਤਕਾਂ ਦੀ ਰਚਨਾ ਕੀਤੀ ਹੈ ਉਸ ਬਾਰੇ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ। ਉਹਨਾਂ ਨੇ ਜੋ ਪੁਸਤਕਾਂ ਲਿਖੀਆਂ ਹਨ ਉਹਨਾਂ ਪੁਸਤਕਾਂ ਦੇ ਇਨਾਮ ਵਜੋਂ ਜਸਵਿੰਦਰ ਸਿੰਘ ਨੂੰ ਜੋ ਪੁਰਸਕਾਰ/ਸਨਮਾਨ ਮਿਲੇ ਹਨ ਆਦਿ ਸਭ ਦਾ ਵੇਰਵਾ ਇਸ ਅਧਿਆਇ ਵਿਚ ਦਿੱਤਾਗਿਆ ਹੈ। ਤੀਜੇ ਅਧਿਆਇ ਵਿਚ **"ਜਸਵਿੰਦਰ ਸਿੰਘ ਦੇ ਨਾਵਲ 'ਮਾਤ ਲੋਕ' ਦਾ ਵਿਸ਼ਾ ਪੱਖ"** ਪੇਸ਼ ਕੀਤਾ ਗਿਆ ਹੈ। ਖੋਜ-ਪ੍ਰਬੰਧ ਵਿਚ ਨਾਵਲ "ਮਾਤ ਲੋਕ" ਦੇ ਜੋ ਵਿਸ਼ੇ ਚੁਣੇ ਗਏ ਹਨ ਉਹਨਾਂ ਦੀ ਪੇਸ਼ਕਾਰੀ ਇਸ ਅਧਿਆਇ ਵਿਚ ਕੀਤੀ ਗਈ ਹੈ। ਖੋਜ-ਪ੍ਰਬੰਧ ਵਿਚ ਮਾਤ ਲੋਕ: ਕਾਮਨਾ ਦੇ ਅਵੇਸ਼ 'ਚੋਂ ਉਪਜੇ ਸੰਕਟ, ਮਾਤ ਲੋਕ: ਰਿਸ਼ਤਿਆਂ 'ਚ ਤਣਾਓ, ਮਾਤ ਲੋਕ: ਪੰਜਾਬੀ ਸੱਭਿਆਚਾਰ ਵਿਚ ਪਰਿਵਰਤਨ, ਮਾਤ ਲੋਕ: ਨਵੇਂ ਯਥਾਰਥ ਅਤੇ ਨਵੇਂ ਪ੍ਰਤੀਮਾਨਾਂ ਦੀ ਪੇਸ਼ਕਾਰੀ, ਮਾਤ ਲੋਕ: ਪੰਜਾਬ ਸੰਕਟ ਦੀ ਪੇਸ਼ਕਾਰੀ ਆਦਿ ਸਭ ਵਿਸ਼ਿਆਂ ਦੀ ਪੇਸ਼ਕਾਰੀ ਇਸ ਅਧਿਆਇ ਵਿਚ ਕੀਤੀ ਗਈ ਹੈ। ਚੌਥੇ ਅਧਿਆਇ ਵਿਚ **"ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ 'ਖੂਹ ਖਾਤੇ' ਦਾ ਵਿਸ਼ਾ ਪੱਖ"** ਲਿਆ ਗਿਆ ਹੈ। ਸਾਰੀਆਂ ਕਹਾਣੀਆਂ ਨੂੰ ਪੜ੍ਹਨ ਤੋਂ ਬਾਅਦ ਜੋ ਸਾਂਝੇ ਵਿਸ਼ੇ ਚੁਣੇ ਗਏ ਹਨ, ਉਹਨਾਂ ਦੀ ਪੇਸ਼ਕਾਰੀ ਇਸ ਅਧਿਆਇ ਵਿਚ ਕੀਤੀ ਗਈ ਹੈ। ਖੋਜ-ਪ੍ਰਬੰਧ ਵਿਚ ਸ਼ਰਿਹੀ ਪੱਖ, ਦੂਜੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ, ਪਰਿਵਾਰਿਕ ਰਿਸ਼ਤਿਆਂ 'ਚ ਤਣਾਅ ਦੀ ਪੇਸ਼ਕਾਰੀ, ਕਿਸਾਨੀ ਪੱਖ, ਪੰਜਾਬ ਸੰਕਟ ਦੀ ਪੇਸ਼ਕਾਰੀ ਆਦਿ ਵਿਸ਼ਿਆਂ ਨੂੰ ਇਸ ਕਹਾਣੀ ਸੰਗ੍ਰਹਿ ਦੇ ਆਧਾਰ ਵਜੋਂ ਪੇਸ਼ ਕੀਤਾ ਗਿਆ ਹੈ। ਪੰਜਵੇਂ ਅਧਿਆਇ ਵਿਚ **"ਜਸਵਿੰਦਰ ਸਿੰਘ ਦੇ ਗਲਪ ਦਾ ਕਲਾਤਮਕ ਪੱਖ"** ਪੇਸ਼ ਕੀਤਾ ਗਿਆ ਹੈ। ਜਸਵਿੰਦਰ ਸਿੰਘ ਦੇ ਕਲਾ ਪੱਖ ਨੂੰ ਪਾਤਰ ਚਿਤਰ, ਭਾਸ਼ਾ ਚੇਤਨਾ, ਦੋਹਰੇ ਪਲਾਟ ਦੀ ਪੇਸ਼ਕਾਰੀ, ਪਿਛਲ-ਝਾਤ ਵਿਧੀ, ਸਾਹਿਤਕਤਾ ਆਦਿ ਨੂੰ ਆਧਾਰ ਬਣਾ ਕੇ ਪਰਖਿਆ ਗਿਆ ਹੈ। ਜਸਵਿੰਦਰ ਸਿੰਘ ਦਾ ਗਲਪ ਜਿਥੇ ਵਿਸ਼ੇ ਦੇ ਪੱਖ ਤੋਂ ਬਹੁਤ ਮਹੱਤਤਾ ਰੱਖਦਾ ਹੈ ਉਥੇ ਕਲਾਤਮਕ ਦੇ ਪੱਖ ਤੋਂ ਵੀ ਉਸ ਦੀਆਂ ਰਚਨਾਵਾਂ ਬਹੁਤ ਮਹੱਤਵਪੂਰਨ ਹਨ। ਇਸ ਅਧਿਆਇ ਵੰਡ ਦੇ ਆਧਾਰ 'ਤੇ ਜਸਵਿੰਦਰ ਸਿੰਘ ਦੀ ਗਲਪ ਚੇਤਨਾ ਨੂੰ ਪੇਸ਼ ਕੀਤਾ ਗਿਆ ਹੈ।

ਅੰਤ ਵਿਚ ਉਪਰੋਕਤ ਇਸ ਸਾਰੇ ਖੋਜ-ਪ੍ਰਬੰਧ ਵਿਚਲੇ ਅਧਿਆਇ ਦਾ ਸਾਰ ਅਤੇ ਸਥਾਪਨਾਵਾਂ ਨੂੰ ਨਿਰਧਾਰਿਤ ਕੀਤਾ ਗਿਆ ਹੈ, ਜਿਸ ਦੇ ਆਰ-ਪਾਰ ਸਾਰਾ ਖੋਜ-ਪ੍ਰਬੰਧ ਪਸਰਿਆ ਹੋਇਆ ਹੈ। ਸਭ ਤੋਂ ਅਖੀਰ ਵਿਚ ਉਨ੍ਹਾਂ ਚੋਣਵੀਆਂ ਪੁਸਤਕਾਂ ਦੀ ਵਿਸਥਾਰਕ ਪੁਸਤਕ ਸੂਚੀ ਦਿੱਤੀ ਗਈ ਹੈ ਜੋ ਮੇਰੇ ਸਮੁੱਚੇ ਖੋਜ ਕਾਰਜ ਦੌਰਾਨ ਕਿਸੇ ਨਾ ਕਿਸੇ ਰੂਪ ਵਿਚ ਮੇਰੀਆਂ ਸਹਾਇਕ ਬਣੀਆਂ ਹਨ।

### ਖੋਜ ਕਾਰਜ ਦੇ ਖੇਤਰ

ਹਥਲੇ ਖੋਜ ਕਾਰਜ ਲਈ "ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ" ਨੂੰ ਲਿਆ ਗਿਆ ਹੈ। ਇਸ ਵਿਚ ਜਸਵਿੰਦਰ ਸਿੰਘ ਦੀ ਗਲਪ ਚੇਤਨਾ ਦੀਆਂ ਗੁਣਾਤਮਕ ਖੂਬੀਆਂ ਨੂੰ ਆਧਾਰ ਬਣਾ ਕੇ ਇਕ ਸੀਮਾ ਨਿਰਧਾਰਤ ਕੀਤੀ ਗਈ ਹੈ। ਐਮ.ਫਿਲ. ਦੀ ਡਿਗਰੀ ਲਈ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਖੋਜ ਲਈ ਇਕ ਸੀਮਾ ਨਿਸ਼ਚਿਤ ਕਰਨੀ ਅਤਿ ਜ਼ਰੂਰੀ ਹੁੰਦੀ ਹੈ। ਜਿਸ ਕਾਰਨ ਖੋਜ ਕਾਰਜ ਲਈ ਸਮੁੱਚੇ ਲੇਖਕਾਂ ਵਿਚੋਂ ਪਹਿਲਾਂ ਜਸਵਿੰਦਰ ਸਿੰਘ ਦੀ ਚੋਣ ਕੀਤੀ ਗਈ ਹੈ। ਇਸ ਤੋਂ ਬਾਅਦ ਬਾਕੀ ਰਚਨਾਵਾਂ ਨੂੰ ਛੱਡ ਕੇ ਕੇਵਲ ਜਸਵਿੰਦਰ ਸਿੰਘ ਦੇ ਗਲਪ ਨੂੰ ਹੀ ਚੁਣਿਆ ਗਿਆ ਹੈ। ਉਹਨਾਂ ਦੇ ਸਮੁੱਚੇ ਗਲਪ ਵਿਚੋਂ ਕੇਵਲ ਉਹਨਾਂ ਦਾ ਨਾਵਲ "ਮਾਤ ਲੋਕ" ਅਤੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਤੱਕ ਖੋਜ ਦੀ ਸੀਮਾ ਨੂੰ ਨਿਸ਼ਚਿਤ ਕੀਤਾ ਗਿਆ ਹੈ। ਇਸ ਖੋਜ ਕਾਰਜ ਨੂੰ ਅੱਗੇ ਪੰਜ ਅਧਿਆਇ ਵਿਚ ਵੰਡ ਕੇ ਇਕ ਨਿਸ਼ਚਿਤ ਸੀਮਾ ਤੱਕ ਪੇਸ਼ ਕੀਤਾ ਗਿਆ ਹੈ। ਐਮ.ਫਿਲ. ਦੇ ਪੱਧਰ ਲਈ ਇਕ ਨਿਸ਼ਚਿਤ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਹਥਲੇ ਖੋਜ ਕਾਰਜ ਨੂੰ 'ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ' ਤੱਕ ਸੀਮਿਤ ਕਰਨ ਦਾ ਮੇਰੇ ਵਲੋਂ ਉਪਰਾਲਾ ਕੀਤਾ ਗਿਆ ਹੈ।

## ਉਦੇਸ਼

* ਸਭ ਤੋਂ ਪਹਿਲਾਂ ਉਦੇਸ਼ ਗਲਪ ਦੇ ਦੋਹਾਂ ਰੂਪਾਂ ਨਾਵਲ ਅਤੇ ਕਹਾਣੀ ਦੇ ਸਿਧਾਂਤਕ ਤੇ ਇਤਿਹਾਸਕ ਪਰਿਖੇਪ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨਾ ਹੈ।

* ਖੋਜ ਕਾਰਜ ਲਈ ਚੁਣੇ ਗਏ ਨਾਵਲ ਅਤੇ ਕਹਾਣੀਆਂ ਦੇ ਵਿਚ ਪ੍ਰਸਤੁਤ ਥੀਮ ਅਤੇ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨਾ ਹੈ।

* ਲੇਖਕ ਦੁਆਰਾ ਪੇਸ਼ ਕੀਤੇ ਵਿਸ਼ਿਆਂ/ਪੱਖਾਂ ਦਾ ਮੁੱਲ ਪਾਉਣ ਦਾ ਯਤਨ ਹੋਵੇਗਾ ਅਤੇ ਰਹਿ ਗਈਆਂ ਘਾਟਾਂ ਨੂੰ ਖੋਜ ਕਾਰਜ ਦੌਰਾਨ ਦੱਸਣ ਦਾ ਉਪਰਾਲਾ ਹੋਵੇਗਾ।

* ਸੰਬੰਧਿਤ ਵਿਸ਼ੇ ਨਾਲ ਲੇਖਕ ਦੀ ਪੰਜਾਬੀ ਸਾਹਿਤ ਨੂੰ ਜੋ ਦੇਣ ਹੈ ਇਸ ਨੂੰ ਸਪੱਸ਼ਟ ਕੀਤਾ ਜਾਵੇਗਾ।

## ਖੋਜ-ਵਿਧੀ

ਖੋਜ ਵਿਧੀ ਦਾ ਖੋਜ ਦੇ ਖੇਤਰ ਵਿਚ ਬਹੁਤ ਮਹੱਤਵ ਹੈ। ਲਗਭਗ ਪਿਛਲੇ ਇਕ ਅਧਿਆਇ ਵਿਚ ਗਿਆਨ ਦੇ ਅੱਧੀ ਕੁ ਦਰਜਨ ਮੁੱਖ ਖੇਤਰ ਹੋਣ ਦਾ ਪਤਾ ਲਾਇਆ ਗਿਆ ਹੈ। ਇਹਨਾਂ ਵਿਚੋ ਹਰੇਕ ਦੀ ਖੋਜ ਵਿਧੀ ਵਿਭਿੰਨ ਹੋਣ ਦੀ ਟੋਹ ਮਿਲਦੀ ਹੈ। ਅਜਿਹਾ ਹੋਣਾ ਸੁਭਾਵਿਕ ਹੈ ਕਿਉਂਕਿ ਹਰੇਕ ਦੀ ਪ੍ਰਕਿਰਤੀ ਅੱਡਰੀ ਹੈ, ਉਹਨਾਂ ਦੀਆਂ ਸਮੱਸਿਆਵਾਂ ਵੱਖਰੀਆਂ ਹਨ ਤੇ ਉਹਨਾਂ ਨੂੰ ਹੱਲ ਕਰਨ ਲਈ ਵਰਤੀ ਜਾਂਦੀ ਪ੍ਰਵਿਧੀ ਵੀ ਵੱਖਰੀ ਹੈ। ਕਈ ਵਿਦਵਾਨ ਤਾਂ ਇਸ ਤੋਂ ਵੀ ਅੱਗੇ ਨਿਕਲ ਜਾਂਦੇ ਹਨ। ਉਹਨਾਂ ਦਾ ਮਤ ਹੈ ਕਿ ਹਰੇਕ ਖੇਤਰ ਹੀ ਨਹੀਂ, ਹਰੇਕ ਸਮੱਸਿਆ ਵੀ ਸਮਾਧਾਨ ਲਈ ਵੱਖਰੀ ਵਿਧੀ ਦੀ ਮੰਗ ਕਰਦੀ ਹੈ। ਹਥਲੇ ਖੋਜ ਕਾਰਜ “ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ” ਵਿਚ ਤਰਕਵਾਦੀ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਤਰਕਵਾਦੀ ਵਿਧੀ ਤਰਕ-ਵਿਤਰਕ ਦੇ ਆਸਰੇ ਚਲਦੀ ਹੈ। ਇਕ ਜਾਂ ਵੱਧ ਕਥਨਾਂ ਜਾਂ ਸਿੱਟਿਆਂ ’ਤੇ ਅਪੜਨਾ ਤਰਕਵਾਦ ਹੈ। ਇਸ ਵਿਧੀ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ।

- ਨਿਗਮਨਾਤਮਕ ਵਿਧੀ
- ਆਗਮਨਾਤਮਕ ਵਿਧੀ

ਨਿਗਨਾਤਮਕ ਵਿਧੀ ਵਿਚ ਵਿਆਪਕ ਜਾਂ ਸਰਬਸਾਧਾਰਣ ਸਥਿਤੀ ਤੋਂ ਵਿਸ਼ੇਸ਼ ਸਥਿਤੀ ’ਤੇ ਪਹੁੰਚਣ ਦਾ ਵਿਧਾਨ ਹੈ ਅਤੇ ਆਗਮਨਾਤਮਕ ਵਿਧੀ ਵਿਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਅਥਵਾ ਸਰਬਸਾਧਰਣ ਸਥਿਤੀ ਵੱਲ ਪਹੁੰਚਣ ਦਾ ਵਿਧਾਨ ਹੈ।

## ਪੂਰਵਖੋਜ-ਕਾਰਜ:

ਮੇਰੀ ਜਾਚੇ ਜਸਵਿੰਦਰ ਸਿੰਘ ਦੇ ਗਲਪ ਚਿੰਤਨ ਨਾਲ ਸਬੰਧਿਤ ਵਿਸ਼ੇ 'ਤੇ ਕੋਈ ਖੋਜ ਕਾਰਜ ਹੋਇਆ ਨਹੀਂ ਮਿਲਦਾ ਜਦ ਕਿ ਜਸਵਿੰਦਰ ਸਿੰਘ ਦੀ ਆਲੋਚਨਾ ਦ੍ਰਿਸ਼ਟੀ ਅਤੇ ਸੱਭਿਆਚਾਰ ਨਾਲ ਸਬੰਧਿਤ ਖੋਜ ਕਾਰਜ ਮਿਲਦਾ ਹੈ। ਸੋ ਮੇਰੇ ਦੁਆਰਾ ਚੁਣਿਆ ਗਿਆ ਵਿਸ਼ਾ ਨਿਵੇਕਲਾ ਤੇ ਨਿਰੋਲ ਹੈ।

ਮੇਰੇ ਖੋਜ-ਕਾਰਜ ਦਾ ਵਿਸ਼ਾ "ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ" ਹੈ। ਮੇਰੇ ਖੋਜ ਵਿਸ਼ੇ ਵਿਚ ਚੁਣੇ ਗਏ ਨਾਵਲ "ਮਾਤ ਲੋਕ" ਦੇ ਸੰਬੰਧ ਵਿਚ ਕੁਝ ਪੇਪਰ ਛਪੇ ਹਨ ਜੋ ਕਿਸੇ ਉਪਾਧੀ-ਸਾਪੇਖ ਲਈ ਨਹੀਂ ਕੇਵਲ ਉਪਾਧੀ-ਨਿਰਪੇਖ ਲਈ ਛਪੇ ਹਨ ਜਿਨ੍ਹਾਂ ਦਾ ਵੇਰਵਾ 'ਮਾਤ ਲੋਕ ਜਗਤ ਤੇ ਜੁਗਤ' ਪੁਸਤਕ ਵਿਚ ਮਿਲਦਾ ਹੈ। ਇਸ ਤੋਂ ਇਲਾਵਾ ਹੋਰ ਕੋਈ ਕਾਰਜ ਨਹੀਂ ਹੋਇਆ।

ਅੰਤ ਵਿਚ ਮੈਂ ਉਹਨਾਂ ਸਭ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਮੇਰੀ ਪੂਰੀ ਖੋਜ ਦੇ ਦੌਰਾਨ ਮੇਰੀ ਤਹਿ ਦਿਲੋਂ ਸਹਾਇਤਾ ਕੀਤੀ ਹੈ। ਸਭ ਤੋਂ ਪਹਿਲਾਂ ਮੈਂ ਉਸ ਪਰਮਾਤਮਾ ਦਾ ਸ਼ੁਕਰੀਆ ਅਦਾ ਕਰਦਾ ਹਾਂ ਜਿਸ ਨੇ ਮੇਰੀ ਵਿੱਦਿਆ ਨੂੰ ਐਮ.ਫਿਲ. ਪੱਧਰ ਤੱਕ ਪਹੁੰਚਾਉਣ ਲਈ ਹੀਲੇ-ਵਸੀਲੇ ਪ੍ਰਦਾਨ ਕੀਤੇ। ਮੈਂ ਆਪਣੇ ਸਤਿਕਾਰਤ ਨਿਗਰਾਨ ਡਾ. ਬਲਵਿੰਦਰ ਸਿੰਘ ਥਿੰਦ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਜੋ ਸਮੁੱਚੇ ਖੋਜ-ਪ੍ਰਬੰਧ ਦੌਰਾਨ ਮੇਰੇ ਲਈ ਚਾਨਣ ਮੁਨਾਰਾ ਬਣਦੇ ਰਹੇ। ਉਹਨਾਂ ਨੇ ਬੜੀ ਸਹਿਜਤਾ ਨਾਲ ਮੇਰੀ ਹਰ ਦੁਬਿਧਾ ਨੂੰ ਹੱਲ ਕੀਤਾ। ਮੈਂ ਪੰਜਾਬੀ ਵਿਭਾਗ ਦੇ ਸਮੂਹ ਅਧਿਆਪਕਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਐਮ.ਫਿਲ. ਦੇ ਸਮੁੱਚੇ ਸਮੇਂ ਦੌਰਾਨ ਮੈਨੂੰ ਪੂਰਾ ਸਹਿਯੋਗ ਦਿੱਤਾ। ਮੈਂ ਆਪਣੇ ਸਤਿਕਾਰਤ ਮਾਤਾ-ਪਿਤਾ, ਨਾਨੀ ਜੀ ਅਤੇ ਵੱਡੀ ਭੈਣ ਰਮਨਦੀਪ ਕੌਰ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਪੂਰੀ ਪੜ੍ਹਾਈ ਦੇ ਦੌਰਾਨ ਮੇਰੀ ਹਰ ਪੱਖੋਂ ਸਹਾਇਤਾ ਕੀਤੀ। ਅੰਤ ਵਿਚ ਮੈਂ ਉਨ੍ਹਾਂ ਵਿਦਵਾਨਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਮੇਰੇ ਖੋਜ ਕਾਰਜ ਦਾ ਆਧਾਰ ਬਣੀਆਂ ਹਨ।

**ਹਰਪ੍ਰੀਤ ਸਿੰਘ**

# ਅਧਿਆਇ ਪਹਿਲਾ

# ਪੰਜਾਬੀ ਗਲਪ: ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਵਿਕਾਸ

1.1 **ਪੰਜਾਬੀ ਕਹਾਣੀ ਦਾ ਅਰਥ ਅਤੇ ਪਰਿਭਾਸ਼ਾ**

1.2 **ਪੰਜਾਬੀ ਕਹਾਣੀ ਦੇ ਪ੍ਰਮੁੱਖ ਤੱਤ**

1.3 **ਪੰਜਾਬੀ ਕਹਾਣੀ ਦਾ ਇਤਿਹਾਸਕ ਸਫ਼ਰ**

1.4 **ਪੰਜਾਬੀ ਨਾਵਲ ਦਾ ਅਰਥ ਅਤੇ ਪਰਿਭਾਸ਼ਾ**

1.5 **ਪੰਜਾਬੀ ਨਾਵਲ ਦੇ ਪ੍ਰਮੁੱਖ ਤੱਤ**

1.6 **ਪੰਜਾਬੀ ਨਾਵਲ ਦਾ ਇਤਿਹਾਸਕ ਸਫ਼ਰ**

ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। ਸਾਹਿਤ ਰਾਹੀਂ ਸਾਹਿਤਕਾਰ ਸਮਾਜ ਵਿਚਲੇ ਸਮਾਜਕ, ਆਰਥਕ, ਰਾਜਨੀਤਕ, ਧਾਰਮਿਕ, ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ। ਇਹਨਾਂ ਵਿਸ਼ਿਆਂ ਰਾਹੀਂ ਉਹ ਸਮਾਜ ਵਿਚਲੀਆਂ ਵਿਸੰਗਤੀਆਂ ਨੂੰ ਉਭਾਰਦਾ ਹੋਇਆਂ ਉਹਨਾਂ ਦੇ ਹਵਾਲੇ ਪੇਸ਼ ਕਰਦਾ ਹੈ ਤਾਂ ਜੋ ਇਕ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਤਰ੍ਹਾਂ "ਸ਼ਬਦ ਰੂਪੀ ਸੁੰਦਰ ਰਚਨਾ ਨੂੰ ਸਾਹਿਤ ਆਖਦੇ ਹਨ।"[1] ਸਾਹਿਤ ਸਮਾਜ ਦੀ ਉਪਜ ਹੁੰਦਾ ਹੈ ਕਿਉਂਕਿ ਲੇਖਕ ਸਮਾਜ ਦਾ ਅੰਗ ਹੁੰਦਾ ਹੈ ਅਤੇ ਉਸਦੀ ਵਿਚਾਰਧਾਰਾ ਸਮਾਜ ਦੇ ਹਲਾਤਾਂ ਅਤੇ ਉਸਦੇ ਅਨੁਭਵ ਦਾ ਸੁਮੇਲ ਹੁੰਦੀ ਹੈ। ਇਸ ਲਈ ਵਿਦਵਾਨ ਸਾਹਿਤ ਨੂੰ ਸਮਾਜ ਦਾ ਦਰਪਣ ਮੰਨਦੇ ਹਨ ਪਰੰਤੂ ਸਾਹਿਤ ਸਮਾਜ ਦਾ ਦਰਪਣ ਹੁੰਦਿਆਂ ਹੋਇਆਂ ਸਮਾਜ ਨੂੰ ਬਦਲਣ ਜਾਂ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ ਕਿਉਂਕਿ ਸਾਹਿਤ ਦਾ ਸੰਬੰਧ ਸਿੱਧਾ ਮਨੁੱਖੀ ਮਾਨਸਿਕਤਾ ਨਾਲ ਹੁੰਦਾ ਹੈ। ਕਿਸੇ ਵਿਅਕਤੀ ਵਿਚ ਪਰਿਵਰਤਨ ਲਿਆਉਣ ਲਈ ਉਸ ਦੇ ਮਨ ਜਾਂ ਵਿਚਾਰਾਂ ਨੂੰ ਬਦਲਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਕਿਸੇ ਵਿਅਕਤੀ ਦੇ ਵਿਚਾਰਾਂ ਦਾ ਸਮੂਹ ਹੀ ਉਸ ਦਾ ਜੀਵਨ ਫਲਸਫ਼ਾ ਅਖਵਾਉਂਦਾ ਹੈ। ਮਨੁੱਖ ਦਾ ਸਾਹਿਤ ਨਾਲ ਰਿਸ਼ਤਾ ਮੁੱਢ ਕਦੀਮ ਤੋਂ ਹੀ ਚਲਦਾ ਆ ਰਿਹਾ ਹੈ। ਮਨੁੱਖ ਨੇ ਆਪਣੀਆਂ ਭਾਵਨਾਵਾਂ ਨੂੰ ਤ੍ਰਿਪਤ ਕਰਨ ਦੇ ਲਈ ਲਲਿਤ ਕਲਾਵਾਂ/ਸਾਹਿਤ ਦਾ ਸਹਾਰਾ ਲਿਆ ਹੈ। ਸਾਹਿਤ ਨੂੰ ਅਸੀਂ ਆਮ ਤੌਰ 'ਤੇ ਦੋ ਕਿਸਮਾਂ ਵਿਚ ਰੱਖ ਕੇ ਦੇਖ ਸਕਦੇ ਹਾਂ :-

1. ਜ਼ੁਬਾਨੀ ਸਾਹਿਤ ਜਾਂ ਲੋਕ ਸਾਹਿਤ

2. ਲਿਖਤੀ ਸਾਹਿਤ

ਸੰਸਾਰ ਦੀਆਂ ਸਾਰੀਆਂ ਵਿਕਸਤ ਸੱਭਿਆਤਾਵਾਂ ਵਿਚ ਪਹਿਲਾਂ ਜ਼ੁਬਾਨੀ ਸਾਹਿਤ ਹੋਂਦ ਵਿਚ ਆਇਆ ਅਤੇ ਕਾਫੀ ਦੇਰ ਬਾਅਦ ਲਿਖਤੀ ਸਾਹਿਤਕ ਕਿਰਤਾਂ ਦੀ ਸਿਰਜਣਾ ਸ਼ੁਰੂ ਹੋਈ, ਅਸੀਂ ਦੇਖਦੇ ਹਾਂ ਕਿ ਲੋਕ ਸਾਹਿਤ ਦੀਆਂ

ਵੰਨਗੀਆਂ ਢੇਰ ਚਿਰ ਤੱਕ ਪੀੜ੍ਹੀ ਦਰ ਪੀੜ੍ਹੀ ਜ਼ੁਬਾਨੀ ਹੀ ਪ੍ਰਸਾਰਿਤ ਹੁੰਦੀਆਂ ਰਹੀਆਂ ਅਤੇ ਇਹਨਾਂ ਦੇ ਅਸਲੀ ਲੇਖਕ ਬਾਰੇ ਵੀ ਸਾਨੂੰ ਕੋਈ ਬਹੁਤੀ ਜਾਣਕਾਰੀ ਨਹੀਂ ਹੈ। "ਜਦੋਂ ਅਸੀਂ ਮਾਨਵ-ਜਾਤੀ ਦੇ ਸਮੁੱਚੇ ਸਾਹਿਤਕ ਵਰਤਾਰੇ ਵੱਲ ਨਜ਼ਰ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਸਾਹਿਤ ਦਾ ਮੁੱਢਲਾ ਪੜਾਅ ਮੌਖਿਕ ਰਚਨਾ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ ਜੋ ਲੋਕ-ਸਾਹਿਤ ਦੀ ਸਮਾਨੰਤਰ ਪਰੰਪਰਾ ਦਾ ਨਿਰਮਾਣ ਕਰਦਾ ਹੈ।"[2]

ਸਾਹਿਤ ਬਾਰੇ ਹੋਰ ਵਿਸਥਾਰ ਵਿਚ ਜਾਣ ਤੋਂ ਪਹਿਲਾਂ ਅਸੀਂ ਸਾਹਿਤ ਬਾਰੇ ਸੰਖੇਪ ਵਿੱਚ ਵਿਚਾਰ ਕਰਾਂਗੇ। ਸਾਹਿਤ ਲਲਿਤ ਕਲਾ ਦਾ ਉੱਤਮ ਨਮੂਨਾ ਹੈ। 'ਸਾਹਿਤ' ਸ਼ਬਦ ਅੰਗਰੇਜ਼ੀ ਸ਼ਬਦ 'Literature' ਦਾ ਸਮਾਨਾਰਥੀ ਹੈ। ਸਾਹਿਤ ਰਚਨਾ ਬਹੁਪਰਤੀ, ਬਹੁਅਰਥੀ ਤੇ ਬਹੁਦਿਸ਼ਾਵੀ ਹੋਣ ਕਾਰਨ ਮਨੁੱਖੀ ਜੀਵਨ ਦਾ ਅਨੋਖਾ ਅਮਲ ਹੈ ਜੋ ਸਮਾਜਕ ਜ਼ਿੰਦਗੀ ਦੇ ਰੂਪਾਂਤਰਣ ਵਿਚੋਂ ਉਪਜਦਾ ਹੈ ਅਤੇ ਜ਼ਿੰਦਗੀ ਦੇ ਯਥਾਰਥਕ ਦੀ ਪੇਸ਼ਕਾਰੀ ਕਰਦਾ ਹੈ। ਜਿਸ ਤਰ੍ਹਾਂ ਹਰ ਕਲਾ ਦਾ ਆਪਣਾ ਵੱਖਰਾ ਮਾਧਿਅਮ ਹੁੰਦਾ ਹੈ, ਇਸੇ ਤਰ੍ਹਾਂ ਸਾਹਿਤ ਦਾ ਮਾਧਿਅਮ 'ਸ਼ਬਦ' ਹੈ ਅਤੇ ਸ਼ਬਦਾਂ ਦੀ ਤਰਤੀਬਵਾਰ ਕੀਤੀ ਪੇਸ਼ਕਾਰੀ ਨੂੰ ਸਾਹਿਤਕ ਕਿਰਤ ਜਾਂ ਰਚਨਾ ਕਿਹਾ ਜਾਂਦਾ ਹੈ। ਰਚਨਾ ਜਾਂ ਸਿਰਜਣਾ ਸ਼ਬਦ ਦਾ ਪ੍ਰਯੋਗ ਉਨ੍ਹਾਂ ਅਰਥਾਂ ਵਿਚ ਕੀਤਾ ਜਾਂਦਾ ਹੈ ਜਦੋਂ ਕੋਈ ਵਿਲੱਖਣ, ਸਾਰਥਕ ਅਤੇ ਸੁਹਜ ਸੁਆਦ ਦੇਣ ਵਾਲੀ ਚੀਜ਼ ਜਨਮ ਲੈ ਕੇ ਯਥਾਰਥਕਤਾ ਦੀ ਪੇਸ਼ਕਾਰੀ ਕਰੇ। ਇਹ ਪੇਸ਼ਕਾਰੀ ਸਮਾਜ ਵਿਚਲੇ ਮਨੁੱਖਾਂ 'ਤੇ ਕੇਂਦਰਿਤ ਹੁੰਦੀ ਹੈ। "ਰਚਨਾਕਾਰ ਵੱਲੋਂ ਸਿਰਜੇ ਮਨੁੱਖ ਭਾਵੇਂ ਵਸਤੂ ਸੰਸਾਰ ਦੇ ਮਨੁੱਖਾਂ ਵਰਗੇ ਜੀਉਂਦੇ ਜਾਗਦੇ ਮਨੁੱਖ ਹੁੰਦੇ ਹਨ, ਪਰ ਉਨ੍ਹਾਂ ਨੂੰ ਮਨੁੱਖ ਨਹੀਂ ਕਿਹਾ ਜਾਂਦਾ ਸਗੋਂ ਉਨ੍ਹਾਂ ਨੂੰ ਪਾਤਰ ਕਿਹਾ ਜਾਂਦਾ ਹੈ, ਕਿਉਂਕਿ ਮਨੁੱਖ ਜ਼ਿੰਦਗੀ ਜੀਉਂਦੇ ਹਨ ਅਤੇ ਪਾਤਰ ਜ਼ਿੰਦਗੀ ਦਾ ਰੋਲ ਨਿਭਾਉਂਦੇ ਹਨ। ਸਾਹਿਤ ਕਲਾ ਦਾ ਰਹੱਸ ਭ੍ਰਾਂਤੀ ਹੁੰਦਾ ਹੈ, ਜਿਸ ਉੱਤੇ ਯਥਾਰਥ ਦਾ ਮੁਲੰਮਾ ਚੜ੍ਹਿਆ ਹੁੰਦਾ ਹੈ।"[3]

ਸਾਹਿਤ ਵਿਚਲੇ ਸਾਹਿਤਕ ਮੁੱਲਾਂ ਨੂੰ ਪਰਖਣ ਲਈ ਚੇਤੰਨ ਪਾਠਕਾਂ ਜਾਂ ਆਲੋਚਕਾਂ ਨੇ ਸਾਹਿਤ ਅਧਿਐਨ ਲਈ ਸਮੀਖਿਆ, ਆਲੋਚਨਾ, ਸਮਾਲੋਚਨਾ, ਵਿਵੇਚਨਾ, ਵਿਸ਼ਲੇਸ਼ਣ, ਪਰਖ ਪੜਚੋਲ, ਮੁਲਾਂਕਣ ਆਦਿ ਸਮਾਨਾਰਥੀ ਸ਼ਬਦਾਂ ਦੇ ਰੂਪ ਵਿਚ ਅੰਗਰੇਜ਼ੀ ਸ਼ਬਦ ਕ੍ਰਿਟਿਸਿਜ਼ਮ (Criticism) ਵਰਤਿਆ ਹੈ। ਸਾਹਿਤਕ ਰਚਨਾ ਰਾਹੀਂ ਪੂਰਨ ਆਨੰਦ ਅਵਸਥਾ ਤੀਕ ਪਹੁੰਚਣਾ ਜਾਂ ਸਾਹਿਤਕ ਮੁੱਲਾਂ ਦੀ ਪਛਾਣ ਕਰਨਾ ਹੀ ਸਾਹਿਤ ਅਧਿਐਨ ਹੁੰਦਾ ਹੈ। ਅਧਿਐਨ ਤੋਂ ਬਿਨਾਂ ਸਾਹਿਤਕ ਮੁੱਲਾਂ ਜਾਂ ਸਮੀਖਿਆ ਆਦਿ ਦੀ ਨਿਰਖ ਪਰਖ ਦਾ ਕਾਰਜ ਸੰਭਵ ਨਹੀਂ। ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਹਰ ਇੱਕ ਰਚਨਾ ਨੂੰ ਸਾਹਿਤ ਨਹੀਂ ਕਿਹਾ ਜਾ ਸਕਦਾ ਸਗੋਂ ਸਾਹਿਤਕ ਕਿਰਤਾਂ ਵਿੱਚ ਉਪਰੋਕਤ ਅਨੁਸਾਰ ਕੁਝ ਵਿਸ਼ੇਸ਼ ਗੁਣ ਹੁੰਦੇ ਹਨ। ਵਿਦਵਾਨਾਂ ਦੁਆਰਾ ਸਾਹਿਤ ਨੂੰ ਦੋ ਰੂਪਾਂ ਵਿੱਚ ਵੰਡ ਕੇ ਅਧਿਐਨ ਕੀਤਾ ਜਾਂਦਾ ਹੈ ।

1. ਪਦ ਜਾਂ ਕਵਿਤਾ (Poetry)

2. ਗਦ ਜਾਂ ਵਾਰਤਕ (Prose)

ਸਾਹਿਤ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਕਵਿਤਾ ਹੋਂਦ ਵਿਚ ਆਈ। "ਅੱਜ ਤੱਕ ਇਹ ਇਕ ਸਰਵ-ਪ੍ਰਮਾਣਿਤ ਮੱਤ ਹੈ ਕਿ ਦੁਨੀਆਂ ਦੀ ਹਰ ਭਾਸ਼ਾ ਵਿਚ ਪਹਿਲਾਂ ਕਵਿਤਾ ਦਾ ਜਨਮ ਹੋਇਆ ਅਤੇ ਢੇਰ ਚਿਰ ਬਾਅਦ ਜਾ ਕੇ ਕਿਤੇ ਵਾਰਤਕ ਉਪਜੀ। ਇਸ ਪਹਿਲ-ਕਦਮੀ ਦਾ ਕਾਰਨ ਬੜਾ ਸਪੱਸ਼ਟ ਹੈ ਅਤੇ ਉਹ ਇਹ ਕਿ ਕਵਿਤਾ 'ਦਿਲ ਦੀ ਬੋਲੀ' ਹੈ ਅਤੇ ਵਾਰਤਕ 'ਦਿਮਾਗ ਦੀ ਭਾਸ਼ਾ' ਹੈ।"[4]

ਪ੍ਰੋ. ਪਿਆਰਾ ਸਿੰਘ ਦੁਆਰਾ ਦਿੱਤੇ ਇਸ ਤਰਕ ਤੋਂ ਸਾਹਿਤ ਦੇ ਖੇਤਰ ਵਿਚ ਦਿਲ ਤੇ ਦਿਮਾਗ ਦੇ ਕਵਿਤਾ ਅਤੇ ਵਾਰਤਕ ਰਾਹੀਂ ਇਸ ਅੰਤਰ ਦਾ ਪਤਾ ਚਲਦਾ ਹੈ ਕਿ ਦਿਮਾਗ ਜਿੱਥੇ ਬੌਧਿਕਤਾ ਦੀ ਗਵਾਹੀ ਦਿੰਦਾ ਹੈ, ਉਥੇ ਦਿਲ ਕਲਪਨਾ ਵੱਲ ਇਸ਼ਾਰਾ ਕਰਦਾ ਹੈ, ਪਰ ਦਿਲੀ ਵਲਵਲਿਆਂ ਵਿਚ ਪਰੋਈ ਕਲਪਨਾ ਨਿਰੋਲ ਮਨੋਚਿਤਵੀ ਨਹੀਂ ਹੁੰਦੀ, ਸਗੋਂ ਇਸ ਦੇ ਸਰੋਤ ਅਸਲੀਅਤ ਦੀ ਸੁਮੇਲਤਾ ਵਿਚ ਛੁਪੇ ਹੁੰਦੇ ਹਨ। ਕਵਿਤਾ ਦੇ ਅੰਤਰਗਤ ਗ਼ਜ਼ਲ, ਰੁਬਾਈ, ਗੀਤ, ਨਜ਼ਮ ਆਦਿ ਅਤੇ ਵਾਰਤਕਦਾ ਸ਼ੁੱਧ ਰੂਪ ਨਿਬੰਧ, ਜਨਮ-ਸਾਖੀ, ਜੀਵਨੀ, ਸਵੈ-ਜੀਵਨੀ, ਰੇਖਾ ਚਿੱਤਰ, ਇਕਾਂਗੀ-ਨਾਟਕ, ਡਾਇਰੀ, ਹੁਕਮਨਾਮੇ, ਚਿੱਠੀਆਂ, ਸੰਸਮਰਣ ਆਦਿ ਮੰਨੇ ਜਾਂਦੇ ਹਨ।

ਇਸ ਦੇ ਨਾਲ ਵਾਰਤਕ ਦੇ ਖੇਤਰ ਵਿਚ ਗਲਪ ਵੀ ਸ਼ਾਮਲ ਕੀਤਾ ਜਾਂਦਾ ਹੈ ਜੋ ਕਿ ਇਥੇ ਗਲਪ ਦਾ ਸੰਬੰਧ ਉਪਰੋਕਤ ਚੁਣੇ ਗਏ ਵਿਸ਼ੇ ਨਾਲ ਵੀ ਹੈ। ਗਲਪ ਕਲਪਨਾ ਪ੍ਰਧਾਨ ਵਾਰਤਕ ਦਾ ਰੂਪ ਹੁੰਦਾ ਹੈ। ਗਲਪ ਸਾਹਿਤ ਕਿਸੇ ਨਾ ਕਿਸੇ ਕਥਾ ਅੰਸ਼ ਨੂੰ ਲੈ ਕੇ ਉਸਰਿਆ ਸਾਹਿਤ ਰੂਪ ਹੁੰਦਾ ਹੈ, ਪਰ ਇਹ ਸਮਾਜਿਕ ਜੀਵਨ ਤੋਂ ਵੱਖ ਹੋ ਕੇ ਕਦੇ ਵੀ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦਾ। ਪ੍ਰੋ. ਗੁਰਦਿਆਲ ਸਿੰਘ ਫੁੱਲ ਕਹਾਣੀ ਨੂੰ ਗਲਪ ਦੀ ਆਤਮਾ ਦਸਦਾ ਹੋਇਆ ਨਾਵਲ ਰੂਪੀ ਰੁੱਖ ਨੂੰ ਕਹਾਣੀ 'ਤੇ ਪਲਿਆ ਦਸਦਾ ਹੈ, "ਕਹਾਣੀ ਸਾਹਿਤ ਰੂਪ ਗਲਪ ਦੀ ਆਤਮਾ ਹੈ ਅਤੇ ਗਲਪ ਕਹਾਣੀ ਦਾ ਸਰਬੰਗੀ ਨਾਮ ਹੈ। ਬਾਤ ਵੀ ਇਕ ਕਹਾਣੀ ਹੈ। ਲੋਕ-ਕਥਾ ਵੀ ਇਕ ਕਹਾਣੀ ਹੈ ਅਤੇ ਨਾਵਲ ਵੀ ਕਹਾਣੀ 'ਤੇ ਪਲਿਆ ਰੁੱਖ ਹੈ।"[5]

ਗੁਰਲਾਲ ਸਿੰਘ ਵਿਸ਼ੇ ਦੀ ਚੋਣ 'ਤੇ ਉਸ ਦੇ ਨਿਭਾਅ ਪੱਖ ਤੋਂ ਨਿੱਕੀ ਕਹਾਣੀ ਅਤੇ ਨਾਵਲ ਵਿਚਵੱਖਰਤਾ ਨੂੰ ਦਰਸਾਉਂਦਾ ਹੈ, "ਜਿਥੇ ਨਾਵਲ ਮਨੁੱਖੀ ਚਿੰਤਾਵਾਂ, ਸਮੱਸਿਆਵਾਂ ਨੂੰ ਉਨ੍ਹਾਂ ਦੇ ਇਤਿਹਾਸਕ ਸੰਦਰਭ (ਸਮੇਂ, ਸਥਾਨ ਤੇ ਸਮਾਜਕ ਪਾਸਾਰ) ਵਿਚ ਪੇਸ਼ ਕਰਦਾ ਹੈ, ਉਥੇ ਨਿੱਕੀ ਕਹਾਣੀ ਇਨ੍ਹਾਂ ਨੂੰ ਮਾਨਵੀ ਸੰਦਰਭ ਵਿਚ ਪੇਸ਼ ਕਰਦੀ ਹੈ। ਨਾਵਲ ਸੁਭਾਵਿਕ ਨੂੰ ਅਨਿਵਾਰੀ ਦੇ ਰੂਪ ਵਿਚ ਪੇਸ਼ ਕਰਦਾ ਹੈ ਤੇ ਨਿੱਕੀ ਕਹਾਣੀ ਸੁਭਾਵਿਕ ਨੂੰ ਸੁਭਾਵਿਕ ਦੇ ਰੂਪ ਵਿਚ। ਨਿੱਕੀ ਕਹਾਣੀ ਵਿਚ ਤਾਂ ਮਾਨਵੀ ਪਾਸਾਰ ਇਕ ਅੱਧ ਵਾਰੀ ਹੀ ਸਮਾਜਕ ਮਾਹੌਲ ਨਾਲ ਟਕਰਾਅ ਕੇ ਸਮੱਸਿਆ ਦਾ ਰੂਪ ਧਾਰਦੇ ਹਨ ਪਰ ਨਾਵਲ ਵਿਚ ਇਨ੍ਹਾਂ ਇਤਿਹਾਸਕ ਪਾਸਾਰਾਂ ਦੀ ਸਮੱਸਿਆ ਦੀਆਂ ਤੰਦਾਂ ਨੂੰ ਪੂਰੀ ਤਰ੍ਹਾਂ ਖੁੱਲ੍ਹਣ ਦਿੱਤਾ ਜਾਂਦਾ ਹੈ। ਇਹ ਇਕ ਤਰ੍ਹਾਂ ਨਾਲ ਸਮੱਸਿਆਵਾਂ ਦੇ ਇੰਦਰਜਾਲ ਨੂੰ ਚਿਤਰਦਾ ਹੈ।"[6]

ਇਸ ਤਰ੍ਹਾਂ ਪੰਜਾਬੀ ਸਾਹਿਤ ਵਿੱਚ ਨਾਵਲ ਅਤੇ ਕਹਾਣੀ ਆਪਣਾ ਵਿਸ਼ੇਸ ਸਥਾਨ ਬਣਾ ਚੁੱਕੇ ਹਨ। ਹਥਲੇ ਖੋਜ ਦਾ ਸੰਬੰਧ "ਜਸਵਿੰਦਰ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ" ਹੈ। ਇਸ ਵਿਚ ਉਹਨਾਂ ਦਾ ਨਾਵਲ "ਮਾਤ ਲੋਕ" ਅਤੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਲਏ ਗਏ ਹਨ।

ਨਾਵਲ ਅਤੇ ਕਹਾਣੀ ਗਲਪ ਸਾਹਿਤ ਦੀ ਇਕ ਮਹੱਤਵਪੂਰਨ ਵੰਨਗੀ ਹੈ। ਗਲਪ ਪੂੰਜੀਵਾਦੀ ਦੌਰ ਅੰਦਰ ਮੱਧ ਸ਼੍ਰੇਣੀ ਵਿਚ ਜਿਉਂਦੇ ਮਨੁੱਖ ਦੀ ਅੰਦਰੂਨੀ ਚੇਤਨਾ ਦੀ ਬਾਤ ਪਾਉਂਦਾ ਹੈ। ''ਇਹ ਬਿਰਤਾਂਤ ਸਾਹਿਤ ਦੀ ਵੰਨਗੀ ਹੈ, ਜਿਹੜੀ ਵਾਰਤਕ ਵਿਚ ਰਚੀ ਜਾਂਦੀ ਹੈ। ਨਵੀਨ ਗਲਪ ਮੱਧ ਸ਼੍ਰੇਣੀ ਦੇ ਜੀਵਨ ਨਾਲ ਜੁੜਿਆ ਇਕ ਅਜਿਹਾ ਸਾਹਿਤ ਰੂਪ ਹੈ, ਜਿਹੜਾ ਨਵੇਂ ਉਦਯੋਗਿਕ ਯੁੱਗ, ਵਿਅਕਤੀਵਾਦੀ ਅਤੇ ਲੋਕਤਾਂਤਰਿਕ ਰੁਚੀਆਂ ਸਦਕਾ ਹੋਂਦ ਵਿਚ ਆਇਆ ਹੈ।''[7]

ਪ੍ਰੋ. ਪਿਆਰਾ ਸਿੰਘ ਦਾ ਕਹਿਣਾ ਹੈ ਕਿ "ਗਲਪ ਮਨ ਦੇ ਭਾਵਾਂ ਨੂੰ ਬੌਧਿਕ ਦ੍ਰਿਸ਼ਟੀ ਤੋਂ ਕਲਪਨਾ ਦੇ ਰੰਗ ਦੁਆਰਾ ਆਲੇ-ਦੁਆਲੇ ਦੇ ਜੀਵਨ ਦੀ ਵਿਆਖਿਆ ਕਰਦਾ ਹੈ। ਇਹ ਵਿਆਖਿਆ ਗਲਪਕਾਰ ਦੇ ਨਿੱਜੀ ਭਾਵਾਂ ਦਾ ਵੀ ਅਤੇ ਸਮੂਹਿਕ ਸਮਾਜ ਦੇ ਪ੍ਰਾਣੀਆਂ ਦਾ ਵੀ ਸਾਧਾਰਣੀਕਰਨ ਰੂਪ ਪੇਸ਼ ਕਰਨ ਵਾਲਾ ਸਾਹਿਤ ਰੂਪ ਹੈ।"[8]

ਪ੍ਰੋ. ਗੁਰਦਿਆਲ ਸਿੰਘ ਫੁੱਲ ਮੁਤਾਬਕ, "ਗਲਪ ਜੀਵਨ ਦਾ ਇਨ-ਬਿਨ ਪ੍ਰਗਟਾਅ ਨਹੀਂ ਹੈ, ਸਗੋਂ ਜੀਵਨ ਦਾ ਸਿਰਜਣਾਤਮਕ ਪ੍ਰਗਟਾਅ ਹੈ।"[9]

ਇਸ ਦਾ ਮਤਲਬ ਇਹ ਹੋਇਆ ਕਿ ਗਲਪ ਆਪਣੇ ਰਚਨਹਾਰ ਦੀ ਬੌਧਿਕਤਾ ਅਤੇ ਸ਼ਖ਼ਸੀਅਤ ਪ੍ਰਤਿਭਾ ਦੀ ਭੱਠੀ ਵਿਚੋਂ ਕੁੰਦਨ ਬਣ ਕੇ ਨਿਕਲਿਆ ਹੋਇਆ ਜੀਵਨ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਗਲਪ ਨਿਰੋਲ ਸੱਚ ਹੋਵੇ, ਸਗੋਂ ਇਹ ਕਲਪਿਤ ਸੱਚ ਹੁੰਦਾ ਹੈ। ਗਲਪ ਜੀਵਨ ਦਾ ਸੱਚ ਘੱਟ ਸਾਹਿਤ ਅਥਵਾ ਕਲਾ ਦਾ ਸੱਚ ਵਧੇਰੇ ਹੁੰਦਾ ਹੈ। ਦਰਅਸਲ ਜਦੋਂ ਗੱਪ ਵੀ ਜ਼ਿੰਦਗੀ ਦੀ ਅਸਲੀਅਤ ਵਰਗੀ ਪ੍ਰਤੀਤ ਹੋਵੇ ਤਾਂ ਇਹ ਗਲਪ ਬਣ ਜਾਂਦੀ ਹੈ। ਜ਼ਿੰਦਗੀ ਦੀ ਕਲਪਿਤ ਘਟਨਾ ਜੋ ਵਾਸਤਵਿਕਤਾ ਵਰਗੀ ਜਾਪਦੀ ਹੈ, ਨੂੰ ਹੀ ਗਲਪਕਾਰਾਂ ਨੇ ਯਥਾਰਥਕ ਕਿਹਾ ਹੈ। ਇਸ ਲਈ ਕਈ ਵਾਰੀ ਗਲਪ ਨੂੰ ਜੀਵਨਮਈ ਗੱਪ ਵੀ ਆਖ ਦਿੱਤਾ ਜਾਂਦਾ ਹੈ। ਜੀਵਨ ਦੇ ਇਸ ਛੋਟੇ ਜਿਹੇ ਸੱਚ ਨੂੰ ਡਾ. ਕਾਂਗ ਹੋਰਾਂ ਨੇ 'ਗਲਪੀ ਚੇਤਨਾ ਦੀ ਪ੍ਰਮਾਣਿਕਤਾ' ਕਿਹਾ ਹੈ।

"ਰਚਨਾਕਾਰ ਪਾਸ ਇਕ ਛੋਟਾ ਜਿਹਾ ਸੱਚ ਹੁੰਦਾ ਹੈ, ਜਿਸ ਨੂੰ ਉਹ ਆਪਣੀ ਗਲਪ ਸ਼ਕਤੀ ਰਾਹੀਂ ਕਿਸੇ ਪ੍ਰਮਾਣਿਕ ਮਾਨਵੀ ਸੰਸਾਰ ਨਾਲ ਜੋੜਦਾ ਹੈ। ਰਚਨਾਕਾਰ ਦਾ ਸੱਚ ਜਦੋਂ ਕਿਸੇ ਸਿਸਟਮ ਵਿਚ ਉਸਰਦਾ ਹੈ, ਉਸ ਨੂੰ ਹੀ ਗਲਪ ਚੇਤਨਾ ਦੀ ਪ੍ਰਮਾਣਿਕਤਾ ਕਿਹਾ ਗਿਆ ਹੈ।"[10]

ਗਲਪ ਮਨੁੱਖੀ ਜ਼ਿੰਦਗੀ ਵਿਚ ਵਾਪਰੀ ਭਾਵੇਂ ਕਸਲਪਿਤ ਰਚਨਾ ਹੈ ਪਰ ਇਹ ਵਾਸਤਵਿਕ ਜਗਤ ਵਿਚਲੇ ਸੱਚ ਦੇ ਵਧੇਰੇ ਨੇੜੇ ਹੈ। ਅਸਲ ਵਿਚ ਪਲ-ਪਲ ਪਰਵਰਤਿਤ ਹੋ ਰਹੀ ਇਸ ਦੁਨੀਆਂ ਨੂੰ ਰੂਪਮਾਨ ਕਰਨ ਲਈ

ਸਾਹਿਤ ਦੇ ਖੇਤਰ ਵਿਚ ਗਲਪਨਿਕ ਰੂਪ ਨਾਵਲ ਤੇ ਕਹਾਣੀ ਦਾ ਜਨਮ ਹੋਇਆ। ਇਉਂ ਗਲਪ ਵਿਚ ਵਿਅਕਤੀ ਦੇ ਖੰਡਿਤ, ਅਸਥਿਰ ਅਤੇ ਪਰਿਵਰਤਨਸ਼ੀਲ ਅਨੁਭਵ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।

ਗਲਪ ਅੰਦਰ ਨਾਵਲ ਅਤੇ ਕਹਾਣੀ ਦੇ ਦੋ ਸਹਿਰੂਪ ਸਮਾਏ ਹੁੰਦੇ ਹਨ। ਅੰਗਰੇਜ਼ੀ ਵਿਚ ਕਹਾਣੀ ਸਾਹਿਤ ਰੂਪ ਨੂੰ ਸ਼ਾਰਟ ਸਟੋਰੀ (short story), ਜਿਸ ਦਾ ਪਰਿਆਇਵਾਚੀ ਪੰਜਾਬੀ ਸ਼ਬਦ ਹੈ 'ਨਿੱਕੀ ਕਹਾਣੀ'। ਇਸੇ ਤਰ੍ਹਾਂ ਨਾਵਲ ਸਾਹਿਤ ਰੂਪ ਨੂੰ ਨਾਵਲ (Novel) ਕਿਹਾ ਜਾਂਦਾ ਹੈ। ਸੋ ਗਲਪ ਦੇ ਦੋਹਾਂ ਰੂਪਾਂ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਇਸ ਪ੍ਰਕਾਰ ਹੈ:

## 1.1 ਪੰਜਾਬੀ ਕਹਾਣੀ ਦਾ ਅਰਥ ਅਤੇ ਪਰਿਭਾਸ਼ਾ

ਕਹਾਣੀ ਗਲਪ ਸਾਹਿਤ ਦੀ ਇਕ ਮਹੱਤਵਪੂਰਨ ਵੰਨਗੀ ਹੈ। ਕਹਾਣੀ ਦਾ ਸੰਬੰਧ ਭਾਵੇਂ ਆਦਿ ਕਾਲ ਤੋਂ ਹੀ ਨਿਕਟਵਰਤੀ ਰਿਹਾ ਹੈ ਪਰ ਆਧੁਨਿਕ ਕਹਾਣੀ ਨੂੰ ਤਾਂ ਮਨੁੱਖ ਅਤੇ ਉਸ ਦੇ ਸਮਾਜਕ ਸੰਦਰਭ ਤੋਂ ਵੱਖਰਾ ਕਰਕੇ ਵੇਖਣਾ ਬਿਲਕੁਲ ਹੀ ਸੰਭਵ ਹੈ। ਸ਼ੁਰੂ ਵਿਚ ਕਹਾਣੀ ਸਿਰਫ ਸੁਣਨ ਦੀ ਵਸਤੂ ਹੀ ਸਮਝੀ ਜਾਂਦੀ ਸੀ ਫਿਰ ਇਸ ਨੂੰ ਹੋਲੀ-ਹੋਲੀ ਲਿਖਣ ਪੜ੍ਹਨ ਲਈ ਪ੍ਰਯੋਗ ਵਿਚ ਲਿਆਂਦਾ ਗਿਆ ਜਦੋਂ ਕਿ ਆਧੁਨਿਕ ਕਹਾਣੀ ਤਾਂ ਸਮਝ ਸਮਝਾਉਣ ਵਾਲਾ ਸਾਹਿਤ ਰੂਪ ਬਣ ਗਈ ਹੈ। ਜ਼ਿੰਦਗੀ ਦਾ ਹਰ ਪਲ ਆਪਣੇ ਆਪ ਵਿੱਚ ਬੜਾ ਅਹਿਮ ਹੁੰਦਾ ਹੈ। ਇੰਨ੍ਹਾਂ ਪਲਾਂ ਛਿੰਨਾਂ ਵਿੱਚ ਮਨੁੱਖ ਜੋ ਅਨੁਭਵ ਹੰਢਾਉਂਦਾ ਹੈ, ਉਹ ਅਨੁਭਵ ਆਪਣਾ ਪ੍ਰਗਟਾਵਾ ਲੋਚਦੇ ਹਨ। ਮਨੁੱਖ ਜਿੰਨੀ ਦੇਰ ਆਪਣੇ ਇੰਨ੍ਹਾਂ ਖੰਡ-ਖੰਡ ਅਨੁਭਵਾਂ ਦਾ ਪ੍ਰਗਟਾਵਾ ਨਹੀਂ ਕਰ ਲੈਂਦਾ, ਉਨੀ ਦੇਰ ਤੱਕ ਤਣਾਉ ਗ੍ਰਸਤ ਰਹਿੰਦਾ ਹੈ। ਇਹ ਤਣਾਉ ਦੀ ਅਵਸਥਾ ਨੂੰ ਰਚਨਾਤਮਕ ਮਾਧਿਅਮ ਰਾਹੀਂ ਪ੍ਰਗਟਾਉਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਰਚਨਾਕਾਰ ਦੇ ਮਨ ਨੂੰ ਸ਼ਾਂਤੀ ਮਹਿਸੂਸ ਹੁੰਦੀ ਹੈ।

**ਕਹਾਣੀ ਕੀ ਹੈ ?**

ਕਹਾਣੀ ਇਕ ਮਹੱਤਵਪੂਰਨ ਤੇ ਸ਼ਕਤੀਸ਼ਾਲੀ ਸਾਹਿਤ ਦਾ ਰੂਪ ਹੈ। ਪੰਜਾਬੀ ਵਿਚ ਇਹ ਸਾਹਿਤ ਰੂਪ ਪੱਛਮੀ ਸਾਹਿਤ ਅਤੇ ਸੱਭਿਆਚਾਰ ਦੇ ਪ੍ਰਭਾਵ ਅਧੀਨ ਹੀ ਹੋਂਦ ਵਿਚ ਆਇਆ ਹੈ। ਅੰਗਰੇਜ਼ੀ ਵਿਚ ਇਸ ਸਾਹਿਤ ਰੂਪ ਨੂੰ Short Story ਆਖਦੇ ਹਨ ਅਤੇ ਇਸ ਦਾ ਪਰਿਆਇਵਾਚੀ ਪੰਜਾਬੀ ਸ਼ਬਦ ਹੈ 'ਨਿੱਕੀ ਕਹਾਣੀ' ਕਹਾਣੀ ਸਾਹਿਤ ਰੂਪ ਗਲਪ ਦੀ ਆਤਮਾ ਹੈ ਅਤੇ ਗਲਪ ਕਹਾਣੀ ਦਾ ਸਰਬੰਗੀ ਨਾਂ ਹੈ। ਬਾਤ ਵੀ ਇਕ ਕਹਾਣੀ ਹੈ। ਲੋਕ-ਕਥਾ ਵੀ ਇਕ ਕਹਾਣੀ ਹੈ ਅਤੇ ਨਾਵਲ ਵੀ ਕਹਾਣੀ 'ਤੇ ਪਲਿਆ ਰੁੱਖ ਹੈ। ਕਹਾਣੀ ਦਾ ਜਨਮ ਮਨੁੱਖ ਦੇ ਜਨਮ ਦੇ ਨਾਲ ਹੀ ਹੋ ਗਿਆ ਸੀ। ਜਦੋਂ ਅਜੇ ਮਨੁੱਖ ਕੋਲ ਸ਼ਬਦਾਂ ਦੀ ਕਰਾਮਾਤ ਨਹੀਂ ਸੀ ਜਦੋਂ ਅਜੇ ਉਹ ਆਪਣੇ ਮੁਢਲੀ ਜਾਂਗਲੀ ਰੂਪ ਵਿਚ ਹੀ ਸੀ। ਉਸ ਸਮੇਂ ਵੀ ਉਹ ਆਪਣੇ ਪਰਿਵਾਰ ਦੇ ਬਾਕੀ ਜੀਆਂ ਨੂੰ ਇਸ਼ਾਰਿਆਂ ਨਾਲ ਹੋਈਆਂ-ਬੀਤੀਆਂ ਘਟਨਾਵਾਂ ਬਾਰੇ ਕਹਾਣੀ ਸੁਣਾਉਂਦਾ ਸੀ। ਪ੍ਰੋ. ਪਿਆਰ ਸਿੰਘ ਅਨੁਸਾਰ, "ਕਹਾਣੀ ਬਾਤ, ਲੋਕ-ਕਥਾ, ਦੰਤ-ਕਥਾ, ਸਾਖੀ ਆਦਿ ਰੂਪਾਂ ਵਿਚੋਂ ਸਫ਼ਰ ਕਰਦੀ ਹੋਈ ਅਜੋਕੇ ਰੂਪ ਵਿਚ ਪੁੱਜੀ ਹੈ।"[11]

## ਕਹਾਣੀ ਦਾ ਨਾਮ ਕਰਨ ਅਤੇ ਜਨਮ

ਕਹਾਣੀ ਵਿਧਾ ਦਾ ਨਾਮਕਰਨ ਮੱਧਕਾਲ ਵਿਚ ਪੰਜਾਬੀ ਦੇ ਕਹਾਣੀ ਸਾਹਿਤ ਰੂਪ ਲਈ ਸੰਸਕ੍ਰਿਤ ਦੇ ਸ਼ਬਦ 'ਕਥਾ' ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਤਰ੍ਹਾਂ ਕਹਾਣੀ ਦੇ ਨਾਮ ਕਰਨ ਬਾਰੇ ਵੱਖ ਵੱਖ ਵਿਚਾਰਕਾ ਨੇ ਆਪਣੀ ਗੱਲ ਕਹੀ ਹੈ।

"ਭਾਈ ਕਾਨ੍ਹ ਸਿੰਘ ਨਾਭਾ ਮੁਤਾਬਕ 'ਕਹਾਣੀ' ਦੇ ਅਰਥ 'ਕਥਨ, ਕਥਾਨਕ, ਕਥਾ, ਕਿੱਸਾ ਆਦਿ ਹਨ।"[12]

"ਪੰਜਾਬੀ ਕੋਸ਼ ਅਨੁਸਾਰ ਕਹਾਣੀ ਤੋਂ ਭਾਵ ਕਥਾਨਕ, ਕਥਾ, ਕਿੱਸਾ, ਵਾਰਤਾ, ਬਾਤ, ਗਲਪ, ਅਫ਼ਸਾਨਾ, ਮਨਘੜਤ ਗੱਲ' ਆਦਿ ਹਨ।"[13]

ਡਾ. ਸਵਿੰਦਰ ਸਿੰਘ ਉੱਪਲ ਮੁਤਾਬਕ, ''ਕਹਾਣੀ ਸ਼ਬਦਸੰਸਕ੍ਰਿਤ ਦੇ'ਕਥਾ'ਸ਼ਬਦਤੋਂਨਿਕਲਿਆ,ਜੋ ਪ੍ਰਾਕਿਤਿ ਵਿਚ 'ਕਹਾ' ਵਿਚ ਵਟ ਗਿਆ।"[14]

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ, "ਕਥਾ ਪਦ ਦੇ ਅਰਥ ਕਹਾਣੀ, ਵਾਰਤਾ, ਉਪਦੇਸ਼, ਬਾਤ, ਪ੍ਰਸੰਗ, ਧਾਰਮਕ ਵਖਿਆਨ ਆਦਿ ਹਨ।"[15]

ਡਾ. ਕਰਨੈਲ ਸਿੰਘ ਥਿੰਦ ਲਿਖਦਾ ਹੈ, "ਲੋਕਾਂ ਵਿਚ ਪ੍ਰਚੱਲਤ ਪ੍ਰੰਪਰਾਗਤ ਬਿਰਤਾਂਤ ਦੀ ਭਾਵਨਾ ਨੂੰ ਅਭਿਵਿਅਕਤ ਕਰਨ ਲਈ ਪੰਜਾਬੀ ਵਿਚ 'ਬਾਤ', 'ਕਥਾ', 'ਕਹਾਣੀ' ਤਿੰਨ ਪਦ ਚਲਦੇ ਹਨ। 'ਬਾਤ' ਪਦ ਦਾ ਉਪਯੋਗ ਮੌਖਿਕ ਕਥਾਵਾਂ ਲਈ ਕੀਤਾ ਜਾਂਦਾ ਹੈ। ਸੰਸਕ੍ਰਿਤ ਵਿਚ ਕਹਾਣੀ ਲਈ ਮਿਲਦਾ ਪਦ 'ਕਥਾ', 'ਬ੍ਰਿਹਤਕਥਾ' ਅਤੇ 'ਕਥਾਸਰਿਤ ਸਾਗਰ' ਇਸ ਦੇ ਪ੍ਰਸਿੱਧ ਉਦਾਹਰਣ ਹਨ। ਪ੍ਰੰਤੂ ਪੰਜਾਬੀ ਵਿਚ 'ਕਥਾ' ਪਦ ਧਾਰਮਕ ਭਾਵਨਾ ਦੇਪੁਰਾਣੇ ਪ੍ਰਸੰਗਾਂ ਨਾਲ ਜੁੜ ਗਿਆ, ਜਿਵੇਂ ਰਾਮਾਇਣ ਦੀ ਕਥਾ, ਸੂਰਜ ਪ੍ਰਕਾਸ਼ ਦੀ ਕਥਾ ਜਾਂ ਕਥਾ ਰਾਜੇ ਭਰਥਰੀ ਦੀ ਆਦਿ। ਮੱਧਕਾਲ ਵਿਚ ਰਚੇ ਮਹਾਨ ਸਾਹਿਤ ਵਿਚੋਂ ਗੁਰਬਾਣੀ ਸਾਹਿਤ ਦੀ ਵਿਆਖਿਆ ਲਈ ਵੀ 'ਕਥਾ' ਪਦ ਦੀ ਵਰਤੋਂ ਕੀਤੀ ਜਾਂਦੀ। ਅਜੋਕੇ ਸਮੇਂ ਵਿਚ ਇਸ ਦੇ ਅਰਥ ਕੁਝ ਵਿਸਤ੍ਰਿਤ ਹੋ ਗਏ ਹਨ।"[16]
ਕਹਾਣੀ ਦਾ ਸ਼ਾਬਦਿਕ ਅਰਥ 'ਤੇ ਬਿਰਤਾਂਤਕ ਘਟਨਾ ਸਮੇਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਬਦਲਦੇ ਰਹਿੰਦੇ ਹਨ। ਇਸ ਤਰ੍ਹਾਂ ਕਹਾਣੀ ਵਿਧਾ ਦੇ ਨਾਮਕਰਨ ਸਬੰਧੀ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਦਾ ਕਹਾਣੀ ਸਾਹਿਤ ਰੂਪ ਜੋ ਸੰਸਕ੍ਰਿਤ ਦੇ ਸ਼ਬਦ 'ਕਥਾ' ਦਾ ਸਮਾਨਅਰਥੀ, ਕਥਾਨਕ, ਕਥਾ, ਕਿੱਸਾ, ਵਾਰਤਾ, ਬਾਤ, ਗਲਪ, ਅਫ਼ਸਾਨਾ, ਮਨਘੜਤ ਗੱਲ, ਉਪਦੇਸ਼, ਪ੍ਰਸੰਗ, ਧਾਰਮਿਕ ਵਖਿਆਨ' ਆਦਿ ਸ਼ਬਦਾਂ ਤੋਂ ਹੁੰਦਾ ਹੋਇਆ ਪ੍ਰਕਿਤਿਕ ਵਿਚ 'ਕਹਾ' ਭਾਵ ਕਹਾਣੀ ਵਿਚ ਵਟਗਿਆ, ਜਿਸ ਦਾ ਅਗਲੇਰਾ ਅੰਗਰੇਜ਼ੀ ਰੂਪ ਸ਼ਾਰਟ ਸਟੋਰੀ (ਨਿੱਕੀ ਕਹਾਣੀ) ਹੈ।

## ਕਹਾਣੀ ਦਾ ਜਨਮ

ਵਿਸ਼ਵ ਭਰ ਵਿਚ ਕਹਾਣੀ ਦੀ ਪਰੰਪਰਾ ਬੜੀ ਲੰਮੀ ਅਤੇ ਗੌਰਵਸ਼ਾਲੀ ਰਹੀਂ ਹੈ। ਕੁਦਰਤ ਦੇ ਇਸ ਪਾਸਾਰੇ ਵਿਚ ਮਨੁੱਖ ਅਤੇ ਕਹਾਣੀ ਨਾਲੋ-ਨਾਲ ਤੁਰਦੀ ਰਹੀ। ਮਿਥਿਹਾਸਕ ਜਾਂ ਇਤਿਹਾਸਕ ਜਿਥੋਂ ਵੀ ਮਨੁੱਖ ਦਾ ਜੀਵਨ

ਆਰੰਭ ਹੁੰਦਾ, ਉਥੋਂ ਹੀ ਕਹਾਣੀ ਦੀ ਯਾਤਰਾ ਸੁਰੂ ਹੁੰਦੀ ਹੈ। ਮੁੱਢ ਕਦੀਮ ਤੋਂ ਹੀ ਮਨੁੱਖ ਆਪਣੇ ਭਾਵ, ਵਿਚਾਰ ਅਤੇ ਆਪਣੇ ਨਾਲ ਹੋਈ-ਬੀਤੀ ਘਟਨਾ ਨੂੰ ਕਿਸੇ ਦੂਜੇ ਤੱਕ ਪੁੱਜਦਾ ਕਰਨ ਲਈ ਉਤਸੁਕ ਰਿਹਾ। ਆਦਿ ਕਾਲੀ ਮਨੁੱਖ ਨੇ ਜਦੋਂ ਵੱਖ-ਵੱਖ ਤਰ੍ਹਾਂ ਦੇ ਭਾਵ ਤੇ ਉਦਗਾਰ ਪ੍ਰਗਟ ਕਰਨੇ ਹੁੰਦੇ ਸਨ ਤਾਂ ਉਸ ਨੇ ਢੁਕਵੀਆਂ ਮੁਦਰਾਵਾਂ ਤੇ ਸੰਕੇਤਾਂ ਦਾ ਸਹਾਰਾ ਲਿਆ। ਇਹ ਮੁਦਰਾਵਾਂ ਤੇ ਸੰਕੇਤ ਵਿਭਿੰਨ ਕਲਾਵਾਂ ਦੀ ਉਤਪਤੀ ਦੇ ਮੁੱਢਲੇ ਆਧਾਰ ਬਣੇ। ਉਤਪੰਨ ਹੋਈ ਕੋਈ ਮੁਦਰਾ ਜਾਂ ਕਿਸੇ ਗੱਲ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਲੋੜ ਨੇ ਕਹਾਣੀ ਨੂੰ ਜਨਮ ਦਿੱਤਾ। ਸੰਭਵ ਹੈ ਕਿ ਮੁੱਢ ਵਿਚ ਸੰਗੀਤ, ਨ੍ਰਿਤ, ਕਵਿਤਾ ਆਦਿ ਭਾਵਾਂ/ਮਨੋਭਾਵਾਂ ਵਿਚਲੇ ਉਦਗਾਰਾਂ ਦਾ ਸੰਚਾਰ ਹੀ ਕਹਾਣੀ ਦਾ ਮੂਲ ਮਾਧਿਅਮ ਬਣੇ ਹੋਣ, ਕਿ ਉਨ੍ਹਾਂ ਉਦਗਾਰਾਂ ਵਿਚ ਕਿਤੇ ਨਾ ਕਿਤੇ ਕਥਾ/ਕਹਾਣੀ ਦਾ ਅੰਸ਼ ਮੌਜੂਦ ਸੀ।

"ਸੰਸਾਰ ਦੀਆਂ ਵੱਖ-ਵੱਖ ਸੱਭਿਅਤਾਵਾਂ ਵਿਚ ਲਿਖਤੀ ਸਾਹਿਤ ਦੇ ਆਰੰਭ ਦੇ ਨਾਲ ਹੀ ਕਥਾ ਦਾ ਆਰੰਭ ਵੀ ਹੁੰਦਾ, ਭਾਵੇਂ ਇਸ ਕਥਾ ਦਾ ਸਾਹਿਤਕ ਤੇ ਕਲਾਤਮਕ ਰੂਪ ਕੋਈ ਵੀ ਰਿਹਾ ਹੋਵੇ, ਇਸ ਕਥਾ ਦਾ ਮੁੱਢਲਾ ਰੂਪ ਕਵਿਤਾ ਜਾਂ ਨਾਟਕ, ਉਸ ਵਿਚ ਕਥਾ ਅਵੱਸ਼ ਸਮਾਈ ਹੋਈ ਹੈ। ਪ੍ਰਾਚੀਨ ਯੂਨਾਨੀ ਸਾਹਿਤ ਅਤੇ ਸਾਡਾ ਆਪਣਾ ਮੁੱਢਲਾ ਸੰਸਕ੍ਰਿਤ ਸਾਹਿਤ ਭਾਵੇਂ ਗਦ ਵਿਚ ਜਾਂ ਪਦ ਵਿਚ, ਨਿਰੋਲ ਕਵਿਤਾ, ਨਾਟਕ ਜਾਂ ਹੋਰ ਕੋਈ ਸਾਹਿਤ-ਰੂਪ ਵਿਚ ਕਹਾਣੀ ਅਹਿਮ ਅੰਗ ਵਜੋਂ ਮੌਜੂਦ ਹੈ।"[17]

**ਕਹਾਣੀ ਦੀ ਪਰਿਭਾਸ਼ਾ:**

ਸਾਹਿਤ ਦੀ ਕਹਾਣੀ ਵਿਧਾ ਸਬੰਧੀ ਸਪੱਸ਼ਟ ਅਤੇ ਸੰਪੂਰਨ ਮੱਤ ਬਣਾਉਣ ਲਈ ਜ਼ਰੂਰੀ ਕਿ ਇਸ ਨੂੰ ਦੂਜੇ ਦੇਸ਼, ਕੌਮ, ਸਮਾਜ, ਭਾਸ਼ਾ ਆਦਿ ਦੇ ਸਾਹਿਤ ਝਰੋਖੇ 'ਚੋਂ ਪਰਖਿਆ ਜਾਵੇ। ਹਰ ਸਾਹਿਤ ਰੂਪ ਵਾਂਗ ਪੰਜਾਬੀ ਸਾਹਿਤ ਰੂਪ ਕਹਾਣੀ ਸਬੰਧੀ ਵੀ ਪੱਛਮੀ ਚਿੰਤਕਾਂ, ਭਾਰਤੀ ਵਿਚਾਰਵਾਨਾਂ ਆਦਿ ਨੇ ਸਪੱਸ਼ਟ ਧਾਰਨਾਵਾਂ ਪੇਸ਼ ਕੀਤੀਆਂ ਹਨ। ਹਰ ਇਕ ਵਿਦਵਾਨ ਨੇ ਆਪਣੇ ਆਪਣੇ ਢੰਗ ਨਾਲ ਕਹਾਣੀ ਦੀ ਪਰਿਭਾਸ਼ਾ ਕੀਤੀ ਹੈ।

**ਵਿਦੇਸ਼ੀ ਚਿੰਤਕਾਂ ਅਨੁਸਾਰ**

ਐਗਡਰ ਐਲਨ ਪੋ ਨੇ ਕਹਾਣੀ ਬਾਰੇ ਲਿਖਿਆ ਹੈ ਕੀ, "ਕਹਾਣੀ ਇਕ ਅਜਿਹੀ ਕਥਾਨਕ ਹੈ ਜਿਹੜੀ ਇਕੋ ਬੈਠਕ ਵਿਚ ਬੈਠ ਕੇ ਪੜ੍ਹੀ ਜਾ ਸਕੇ।"[18]

ਐਚ.ਜੀ. ਵੇਲਜ਼ ਅਨੁਸਾਰ, "ਤਿੰਨ ਸੌ ਤੋਂ ਲੈ ਕੇ ਤਿੰਨ ਹਜ਼ਾਰ ਸ਼ਬਦਾਂ ਦਾ ਉਹ ਮਨੋਰੰਜਕ ਗਦ ਜਿਸ ਨੂੰ ਪੜ੍ਹਨ ਵਿਚ ਪੰਦਰਾਂ ਤੋਂ ਪੰਜਾਹ ਮਿੰਟ ਲੱਗਣ ਅਤੇ ਪੜ੍ਹਦੇ ਸਮੇਂ ਪਾਠਕ ਉਕਤਾਵੇ ਨਾ ਅਤੇ ਇਕੋ ਬੈਠਕ ਵਿਚ ਪੜ੍ਹ ਲੈਣਾ ਚਾਹੇ ਉਹ ਕਹਾਣੀ ਹੈ।"[19]

ਡਬਲਿਊ. ਐਚ. ਹਡਸਨ ਅਨੁਸਾਰ, "ਇਕ ਨਿੱਕੀ ਕਹਾਣੀ ਲਈ ਜ਼ਰੂਰੀ ਕਿ ਇਸ ਵਿਚ ਸਿਰਫ਼ ਤੇ ਸਿਰਫ਼ ਇਕੋ ਸੂਚਨਾਮਈ ਵਿਚਾਰ ਹੋਵੇ ਤੇ ਉਹ ਵਿਚਾਰ ਕਿਸੇ ਨਿਆਂ-ਸੰਗਤ ਜੁਗਤੀ ਨਾਲ ਇਸ ਤਰ੍ਹਾਂ ਸਮਾਇਆ ਹੋਵੇ ਕਿ ਉਸ ਵਿਚੋਂ ਪ੍ਰਭਾਵ ਦੀ ਏਕਤਾ ਦਾ ਝਲਕਾਰਾ ਪਵੇ।"[20]

**ਭਾਰਤੀ ਚਿੰਤਕਾਂ ਅਨੁਸਾਰ**

ਡਾ. ਰਾਧਾ ਕ੍ਰਿਸ਼ਨ ਨੇ ਵੀ ਭਾਰਤੀ ਸਾਹਿਤ 'ਤੇ ਪਏ ਵਿਦੇਸ਼ੀ ਪ੍ਰਭਾਵ ਨੂੰ ਕਬੂਲਿਆ ਹੈ। ਉਨ੍ਹਾਂ ਦੇ ਸ਼ਬਦਾਂ ਅਨੁਸਾਰ, "ਸਾਡਾ ਦੇਸ਼ 'ਤੇ ਬਾਹਰੋਂ ਆਏ ਪ੍ਰਭਾਵਾਂ ਜਾਂ ਖਿਆਲਾਂ ਨੂੰ ਅਨੁਭਵ ਕਰਨੋਂ ਕਦੀ ਵੀ ਪਿੱਛੇ ਨਹੀਂ ਰਿਹਾ, ਪ੍ਰੰਤੂ ਇਨ੍ਹਾਂ ਸਭ ਖਿਆਲਾਂ ਨੂੰ ਇਹ ਇਕ ਵਿਸ਼ੇਸ਼ ਰੰਗ ਅਵੱਸ਼ ਦਿੰਦਾ ਅਤੇ ਉਨ੍ਹਾਂ ਵਿਚਾਰਾਂ 'ਤੇ ਇਸ ਦੀ ਇਕ ਨਿੱਜੀ ਛਾਪ ਅਵੱਸ਼ ਹੁੰਦੀ। ਇਹ ਕਥਨ ਭਾਰਤੀ ਕਹਾਣੀ 'ਤੇ ਵੀ ਠੀਕ ਢੁਕਦਾ। ਭਾਰਤੀ ਕਹਾਣੀ ਸਾਹਿਤ ਨੇ ਬੇਸ਼ੱਕ ਬਾਹਰਲਾ ਅਸਰ ਕਬੂਲ ਕੀਤਾ, ਪੰਤੂ ਉਸ ਵਿਚ ਇਸ ਦੇਸ਼ ਦੀ ਮਿੱਟੀ ਦੀ ਸੁਗੰਧੀ ਵੀ ਆਉਂਦੀ ਹੈ।" [21]

ਡਾ. ਜਗਨਨਾਥ ਪ੍ਰਸਾਦ ਅਨੁਸਾਰ,"ਕਹਾਣੀ ਜੀਵਨ ਸੁੰਦਰਤਾ ਦੇ ਇਕ ਅੰਗ ਦਾ ਰਸਪੂਰਨ ਵਰਣਨ ਹੈ।"[22]

ਡਾ. ਗਿਆਨ ਚੰਦ ਸ਼ਰਮਾ ਅਨੁਸਾਰ, "ਕਹਾਣੀ ਲੇਖਕ 'ਤੇ ਪਾਠਕ ਦਰਮਿਆਨ ਬੋਧਾਤਮਕ ਪੱਧਰ 'ਤੇ ਸੰਬੰਧ ਸੂਤਰ ਸਥਾਪਤ ਕਰਨ ਵਾਲੀ ਵਿਧਾ ਹੈ।"[23]

ਨਿੱਕੀ ਕਹਾਣੀ ਬਾਰੇ ਸੁਜਾਨ ਸਿੰਘ ਵੱਲੋਂ ਦਿੱਤੀ ਪਰਿਭਾਸ਼ਾ ਬੜੀ ਮੁੱਲਵਾਨ, ਕਹਾਣੀ ਬਾਰੇ 'ਦੁੱਖ-ਸੁੱਖ' ਦੀ ਭੂਮਿਕਾ ਵਿਚ ਸੁਜਾਨ ਸਿੰਘ ਲਿਖਦਾ, "ਕਹਾਣੀ ਇਕ ਐਸੀ ਸਪੈਸ਼ਲ ਗੱਡੀ, ਜਿਸ ਨੇ ਮਿੰਟਾਂ ਵਿਚ ਨਿਯਤ ਸਟੇਸ਼ਨ ਤੋਂ ਕਿਸੇ ਨਿਯਤ ਸਟੇਸ਼ਨ ਵੱਲ ਦੌੜਨਾ ਹੁੰਦਾ। ਚਾਲ ਪੈਰੋਂ ਪੈਰ ਵਧਦੀ ਜਾਂਦੀ ਤੇ ਇਸ ਨੂੰ ਚਲਾਉਣ ਵਾਲਾ ਨੱਠੇ ਜਾਂਦੇ ਦਰੱਖਤਾਂ, ਛੱਪੜਾਂ, ਖੰਭਿਆਂ, ਪਿੰਡਾਂ, ਖੇਤਾਂ, ਆਦਿ ਨੂੰ ਇਕ ਨਜ਼ਰ ਹੀ ਵੇਖ ਸਕਦਾ, ਕਿਉਂਕਿ ਉਸ ਦੀ ਨਜ਼ਰ ਕਰੀਬ ਪਹੁੰਚ ਕੇ ਉਹ ਗੱਡੀ ਰੁਕ ਜਾਂਦੀ 'ਤੇ ਇਕ ਕਦਮ ਅੱਗੇ ਨਹੀਂ ਤੁਰ ਸਕਦੀ।"[24]

ਡਾ. ਦਲੀਪ ਕੌਰ ਟਿਵਾਣਾ ਲਿਖਦੀ ਹੈ, "ਅੱਜ ਦੀ ਕਹਾਣੀ ਮਨੁੱਖ ਨੂੰ ਹੈਰਾਨ ਕਰਨ ਲਈ, ਉਸ ਦੀ ਉਕਸੁਕਤਾ ਜਗਾਣ ਲਈ, ਅਸਾਧਾਰਣ ਪਾਤਰ ਅਸਾਧਾਰਣ ਘਟਨਾਵਾਂ ਲੱਭ ਲੱਭ ਕੇ ਨਹੀਂਲਿਆਉਂਦੀ ਸਗੋਂ ਉਹ ਸਧਾਰਣ ਮਨੁੱਖ ਦੀ ਸਧਾਰਣ ਜ਼ਿੰਦਗੀ ਦੀ ਹੀ ਗੱਲ ਕਰਦੀ ਹੈ।"[25]

ਡਾ. ਸਵਿੰਦਰ ਸਿੰਘ ਉਪਲ ਦਾ ਇਹ ਮੱਤ ਹੈ, "ਆਧੁਨਿਕ ਨਿੱਕੀ ਕਹਾਣੀ ਅਜੋਕੇ ਸਮੇਂ ਦਾ ਉਹ ਪ੍ਰਫੁਲਤ ਬੂਟਾ ਹੈ ਜਿਹੜਾ ਲੋਕ ਕਹਾਣੀ ਦੀ ਭੂਮੀ ਵਿਚੋਂ ਪੁੰਗਰਿਆ ਹੈ। ਉਹ ਇਹ ਵੀ ਲਿਖਦੇ ਹਨ ਕਿ ਆਧੁਨਿਕ ਨਿੱਕੀ ਕਹਾਣੀ ਦੇ ਖ਼ਮੀਰ ਵਿਚ ਸਦੀਆਂ ਦੇ ਗਲਪ ਸਾਹਿਤ ਦੀ ਵਿਰਾਸਤ ਹੈ, ਜਿਸ ਕਾਰਨ ਇਹ ਪੰਜਾਬੀਆਂ ਨੂੰ ਮਾਣ ਨਾਲ ਸਿਰ ਉੱਚਾ ਕਰਨ ਦਾ ਸਾਹਸ ਅਤੇ ਬਲ ਬਖ਼ਸ਼ਦੀ ਹੈ।"[26]

ਸੋ ਕੁਲ ਮਿਲਾ ਕੇ ਕਹਿ ਸਕਦੇ ਹਾ ਕਿ ਅੰਗਰੇਜ਼ੀ ਭਾਸ਼ਾ ਵਿਚ ਇਸ ਵਿਧਾ ਦਾ ਨਾਂ 'ਸ਼ਾਰਟ ਸਟੋਰੀ' ਹੈ। ਇਸੇ ਤਰ੍ਹਾਂ ਕੁਝ ਚਿੰਤਕ ਉਪਰੋਕਤ ਧਾਰਨਾਵਾਂ ਤੋਂ ਵੱਖਰਤਾ ਦੱਸਦੇ ਹੋਏ ਕਹਾਣੀ ਦਾ ਸਬੰਧ ਰੂਪਾਕਾਰ ਪੱਖੋਂ ਪੱਛਮ ਚਿੰਤਨ ਨਾਲ ਜੋੜਦੇ ਹਨ। ਨਿੱਕੀ ਕਹਾਣੀ ਨੂੰ ਪ੍ਰਭਾਸ਼ਿਤ ਕਰਦਿਆਂ ਇਹ ਸਵੀਕਾਰ ਕੀਤਾ ਹੈ ਕਿ ਆਧੁਨਿਕ ਪੰਜਾਬੀ ਨਿੱਕੀ ਕਹਾਣੀ ਉਹ ਸਾਹਿਤਕ ਰਚਨਾ ਹੈ, ਜੋ ਜੀਵਨ ਦੇ ਕਿਸੇ ਇਕਹਿਰੀ ਘਟਨਾ ਨੂੰ ਸੰਜਮ ਨਾਲ ਬਿਆਨਦੀ, ਚਿਤਰਦੀ ਅਤੇ ਸੰਕੇਤਾਂ ਰਾਹੀਂ ਵਸਤੂ ਅਤੇ ਆਸੇ ਨੂੰ ਪ੍ਰਗਟਾਉਂਦੀ ਹੈ। ਇਹ ਪਰੰਪਰਾਗਤ ਪੰਜਾਬੀ ਕਹਾਣੀ ਦਾ ਵਿਕਸਿਤ ਰੂਪ ਹੈ।

## 1.2 ਪੰਜਾਬੀ ਕਹਾਣੀ ਦੇ ਪ੍ਰਮੁੱਖ ਤੱਤ

ਜੀਵਨ ਦੀ ਹਰ ਵਸਤੂ ਕੁਝ ਤੱਤਾਂ ਦਾ ਸੁਮੇਲ ਹੁੰਦੀ ਹੈ। ਇਸ ਤਰ੍ਹਾਂ ਤੱਤ ਕਹਾਣੀ ਦਾ ਧੁਰਾ ਹੁੰਦੇ ਹਨ ਜਾਂ ਇਉਂ ਕਹਿ ਲਵੋ ਕਿ 'ਤੱਤ' ਕਹਾਣੀ ਵਿਚ ਉਹ ਥੰਮ੍ਹੀਆਂ ਹਨ, ਜਿਨ੍ਹਾਂ ਦੇ ਆਸਰੇ 'ਤੇ ਕੋਈ ਰਚਨਾ ਜਾਂ ਕਹਾਣੀ ਖੜ੍ਹੀ ਹੁੰਦੀ ਹੈ। ਕਿਸੇ ਕਹਾਣੀ ਦਾ ਮੁੱਲ ਕਹਾਣੀ ਵਿਚਲੇ ਤੱਤਾਂ ਦੇ ਆਧਾਰ 'ਤੇ ਪਾਇਆ ਜਾਂਦਾ ਹੈ। ਕਹਾਣੀਕਾਰਾਂ ਅਤੇ ਕਹਾਣੀ ਦੇ ਚਿੰਤਕਾਂ ਦੀ ਆਮ ਰਾਇ ਅਨੁਸਾਰ ਕਹਾਣੀ ਦੇ ਤੱਤਾਂ ਵਿਚ ਵਿਸ਼ਾ, ਗੋਂਦ (ਪਲਾਟ), ਪਾਤਰ-ਚਿਤਰਣ, ਵਾਰਤਾਲਾਪ (ਸੰਵਾਦ), ਵਾਤਾਵਰਣ ਚਿਤਰਣ, ਭਾਸ਼ਾ/ਸ਼ੈਲੀ, ਉਦੇਸ਼ ਅਤੇ ਢੁਕਵਾਂ ਸਿਰਲੇਖ ਮੰਨੇ ਗਏ ਹਨ। ਕਿਸੇ ਵੀ ਤੱਤ ਦੀ ਘਾਟ ਬਿਨਾਂ ਕਹਾਣੀ ਸਫ਼ਲ ਕਹਾਣੀ ਦਾ ਦਰਜਾ ਹਾਸਲ ਨਹੀਂ ਕਰ ਸਕਦੀ। ਪਰ ਇਨ੍ਹਾਂ ਵਿਚੋਂ ਵਧੇਰੇ ਮਹੱਤਤਾ ਵਿਸ਼ੇ ਦੀ ਹੈ। ਵਿਸ਼ੇ ਤੋਂ ਵਿਚਾਰ ਦੋ ਪੱਖਾਂ ਤੋਂ ਕਰਨੀ ਹੈ-ਵਿਸ਼ੇ ਚੋਣ ਤੇ ਵਿਸ਼ੇ ਨਿਭਾਹ। ਵਿਸ਼ੇ ਚੋਣ ਪੱਖੋ ਕਹਾਣੀਕਾਰ ਲਈ ਕੋਈ ਸੀਮਾ ਨੀਯਤ ਨਹੀਂ। ਉਹ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਵਿਸ਼ੇ ਵਜੋਂ ਚੁਣ ਸਕਦਾ ਹੈ। ਪਰ ਹਰ ਕਹਾਣੀਕਾਰ ਆਪਣੀ ਕਹਾਣੀ ਨੂੰ ਸਮੇਂ ਦੀ ਹਾਨਣ ਬਣਾਉਣ ਵਾਸਤੇ ਬਦਲਦੇ ਸਮਾਜਕ ਤੇ ਰਾਜਨੀਤਕ ਹਾਲਤ ਮੁਤਾਬਕ ਵਿਸ਼ੇ-ਚੋਣ ਕਰਦਾ ਹੈ।

### ਵਿਸ਼ਾ

ਵਿਸ਼ਾ ਕਹਾਣੀ ਲਈ ਰੀੜ ਦੀ ਹੱਡੀ ਹੈ, ਜਿਸ ਦੇ ਸਹਾਰੇ ਕਹਾਣੀ ਖੜੋ ਸਕਦੀ ਹੈ। ਅੱਜ ਦਾ ਕਹਾਣੀਕਾਰ ਤੀਬਰ ਸੰਵੇਦਨਸ਼ੀਲਤਾ ਦਾ ਮਾਲਕ ਹੈ, ਜਿਸ ਕਾਰਨ ਉਹ ਆਪਣੀ ਕਹਾਣੀ ਦੀ ਵਿਸ਼ੇ-ਉਸਾਰੀ ਸੂਖ਼ਮ ਛੋਹਾਂ, ਢੁੱਕਵੇਂ ਪ੍ਰਤੀਕਾਂ ਅਤੇ ਸੰਕੇਤਕ ਸ਼ਬਦਾਵਲੀ ਰਾਹੀਂ ਕਰਦਾ ਹੈ। ਸਿਆਣਾ ਕਹਾਣੀਕਾਰ ਨਿੱਜੀ ਅਨੁਭਵ ਤੋਂ ਆਪਣੇ ਵਿਸ਼ੇ-ਚੋਣ ਕਰਕੇ ਉਸ ਨੂੰ ਆਪਣੀ ਅਨੁਭੂਤੀ ਰਾਹੀਂ ਪੇਸ਼ ਕਰਦਾ ਹੈ। ਕਿਸੇ ਨਿੱਜੀ ਅਨੁਭਵ ਨੇ ਕਦੋਂ ਤੇ ਕਿਵੇਂ ਵਿਸ਼ੇ-ਰੂਪ ਕਹਾਣੀ ਵਿਚ ਧਾਰਨਾ ਹੈ, ਇਸ ਬਾਰੇ ਕੋਈ ਸਮਾਂ ਜਾਂ ਸਥਿਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

### ਗੋਂਦ (ਪਲਾਟ)

ਪਲਾਟ ਜਾਂ ਗੋਂਦ ਦਾ ਗਲਪ ਸਾਹਿਤ ਦੀ ਸੰਰਚਨਾ ਵਿਚ ਇਕ ਖਾਸ ਵਿਸ਼ੇਸ਼ ਅਤੇ ਮਹੱਤਵਪੂਰਨ ਥਾਂ ਹੈ। ਪਲਾਟ ਤੋਂ ਬਿਨਾਂ ਨਾ ਨਾਵਲ ਨਾ ਕਹਾਣੀ ਅਤੇ ਨਾ ਹੀ ਕਹਾਣੀ ਦਾ ਰੂਪ ਚਿਤਰਿਆ ਜਾ ਸਕਦਾ ਹੈ। ਪਲਾਟ ਜਾਂ ਗੋਂਦ ਅਜਿਹਾ ਬੁਨਿਆਦੀ ਤੱਤ ਹੈ ਜਿਹੜਾ ਸਾਹਿਤਕ ਰਚਨਾ ਦੇ ਢਾਂਚੇ ਦੀ ਸੰਰਚਨਾ ਕਰਦਾ ਹੈ। ਗੋਂਦ ਦਾ ਅਰਥ ਕਹਾਣੀ ਨੂੰ ਮਟਕਾਉਣਾ, ਘਟਨਾਵਾਂ ਤੇ ਕ੍ਰਮਾਂ ਨੂੰ ਜੋੜਨਾ ਹੈ। ਪਲਾਟ ਦਾ ਕੰਮ ਘਟਨਾਵਾਂ ਨੂੰ ਤਰਾਸ਼-ਤਰਾਸ਼ ਕੇ ਇਉਂ ਜੋੜਨਾ, ਬੰਨ੍ਹਣਾ, ਖਿਲਾਰਨਾ ਤੇ ਚਮਕਾਉਣਾ ਹੈ ਕੇ ਸਾਰੀਆਂ ਘਟਨਾਵਾਂ ਇਕ-ਮੁਖੀ ਹੋ ਜਾਣ ਅਤੇ ਬੱਝਵਾਂ, ਇਕਸੁਰ ਪ੍ਰਭਾਵ ਸਿਰਜ ਸਕਣ। ਗੋਂਦ ਦਾ ਵੀ ਇਹੀ ਕੰਮ ਹੈ ਕਿ ਉਹ ਕਹਾਣੀ ਦੇ ਆਰੰਭ, ਸਿਖਰ ਅਤੇ ਅੰਤ ਨੂੰ ਵਿਧੀ ਪੂਰਕ ਠੀਕ ਥਾਂ ਅਤੇ ਸਮੇਂ 'ਤੇ ਲਿਆਵੇ ਤਾਂ ਜੋ ਪ੍ਰਭਾਵ ਤੇਜ਼ ਹੋ ਸਕੇ। ਭਾਵੇਂ ਅੱਜ ਦਾ ਕਹਾਣੀਕਾਰ ਆਪਣੀਆਂ ਸਾਰੀਆਂ ਘਟਨਾਵਾਂ ਨੂੰ ਸਰੀਰਕ ਰੂਪ ਵਿਚ ਵਾਪਰਦੀਆਂ ਨਹੀਂ ਵਿਖਾਉਂਦਾ, ਸਗੋਂ ਮਨੋਵਿਗਿਆਨਕ ਵਿਧੀ ਰਾਹੀਂ ਕੁਝ ਪਾਤਰਾਂ ਦੇ ਮਨ ਵਿਚ ਉਨ੍ਹਾਂ ਦੇ ਵਾਪਰਨ ਨੂੰ ਚਿਤਾਰਦਾ ਹੈ। ਪਰ ਫਿਰ ਵੀ ਕਹਾਣੀ ਵਿਚ ਗੋਂਦ ਦੀ ਅਹਿਮੀਅਤ

ਬਰਕਰਾਰ ਹੈ। ਗੋਂਦ, ਗੂੰਦ ਵਾਂਗ, ਕਹਾਣੀ ਦੇ ਵੱਖੋ-ਵੱਖਰੇ ਤੱਤਾਂ ਨੂੰ ਜੋੜਨ ਦੇ ਕੰਮ ਆਉਂਦੀ ਹੈ। ਇਹ ਉਹ ਸੂਈ ਹੈ ਜੋ ਵੱਖੋ-ਵੱਖਰੇ ਰੰਗਾਂ ਦੇ ਫੁੱਲਾਂ ਨੂੰ ਧਾਗੇ ਵਿਚ ਪਰੋ ਕੇ ਇਕ ਕਹਾਣੀ ਦਾ ਸੁੰਦਰ ਜਿਹਾ ਹਾਰ ਤਿਆਰ ਕਰ ਵਿਖਾਉਂਦੀ ਹੈ। ਇਹ ਗੋਂਦ ਹੀ ਹੈ ਜੋ ਪਾਤਰ ਪ੍ਰਧਾਨ ਕਹਾਣੀ ਨੂੰ ਇਕ ਕਲਾਤਮਕ ਗੋਲ਼ਾਈ ਬਖ਼ਸ਼ ਕੇ ਉਸ ਨੂੰ ਖ਼ਾਕਾ ਬਣਨੋ ਬਚਾ ਲੈਂਦੀ ਹੈ।

ਆਰ.ਪੀ. ਜੈਪਸਨ (R.P. Jepson) ਦਾ ਵਿਚਾਰ ਹੈ, "ਜੇਕਰ ਗੋਂਦ ਨਹੀਂ ਹੈ ਤਾਂ ਕਹਾਣੀ ਦੀ ਕੋਈ ਹੋਂਦ ਨਹੀਂ।"[27]

ਡਬਲਯੂ ਐਚ ਹਡਸਨਨੇ ਪਲਾਟ ਦੀਆਂ ਦੋ ਕਿਸਮਾਂ ਮੰਨੀਆਂ ਹਨ: ਢਿੱਲਾ ਪਲਾਟ ਅਤੇ ਸੁਗੰਠਿਤ ਪਲਾਟ

ਪਲਾਟ ਅਸਲ ਵਿਚ ਅਮਲਾਂ ਜਾਂ ਘਟਨਾਵਾਂ ਦਾ ਸੰਗ੍ਰਹਿ ਹੁੰਦਾ ਹੈ ਜੋ ਕਹਾਣੀ ਦੇ ਪਾਤਰ ਕਰਦੇ ਜਾਂ ਉਨ੍ਹਾਂ ਨਾਲ ਵਾਪਰਦੇ ਹਨ, ਕਿਉਂਕਿ ਇਹ ਕਹਾਣੀ ਦੇ ਨਿਯਤ ਪਾਤਰਾਂ ਨਾਲ ਸਬੰਧ ਰੱਖਦੇ ਹਨ, ਇਸ ਕਰਕੇ ਖਿਲਰੇ-ਪੁਲਰੇ ਨਹੀਂ ਹੋ ਸਕਦੇ। ਗੋਂਦ ਘੜਨ ਵੇਲੇ ਕਹਾਣੀਕਾਰ ਨੂੰ ਇਸ ਗੱਲ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ ਕਿ ਉਸ ਦੀ ਗੋਂਦ ਪਾਠਕ ਨੂੰ ਪੂਰੀ ਤਰ੍ਹਾਂ ਯਥਾਰਥਵਾਦੀ ਲੱਗੇ।

**ਪਾਤਰ-ਚਿਤਰਣ**

ਕਿਸੇ ਕਹਾਣੀਕਾਰ ਦੀ ਕਲਾ ਦਾ ਕਮਾਲ ਪਾਤਰ ਚੋਣ ਵਿਚ ਨਹੀਂ, ਪਾਤਰ-ਚਿਤਰਨ ਵਿਚ ਵੇਖਿਆ ਜਾਂਦਾ ਹੈ। ਕਹਾਣੀਕਾਰ ਲਈ ਪਾਤਰ-ਚੋਣ ਦੀ ਕੋਈ ਮਨਾਹੀ ਨਹੀਂ। ਪੰਛੀ, ਜਾਨਵਰ, ਬੱਚੇ, ਜਵਾਨ, ਅਮੀਰ, ਗਰੀਬ, ਤੀਵੀਂ, ਮਰਦ, ਦਰਖਤ, ਸੜਕਾਂ ਆਦਿ ਹਰ ਤਰ੍ਹਾਂ ਦੇ ਪਾਤਰ ਚੁਣੇ ਜਾ ਸਕਦੇ ਹਨ। ਪਰ ਪਾਤਰਾਂ ਦੀ ਗਿਣਤੀ ਇਕ ਕਹਾਣੀ ਵਿਚ ਬਹੁਤੀ ਨਹੀਂ ਹੋਣੀ ਚਾਹੀਦੀ ਹੈ। ਇਕ ਨੂੰ ਮੁੱਖ ਪਾਤਰ ਬਣਾਇਆ ਜਾਏ ਅਤੇ ਬਾਕੀਆਂ ਨੂੰ ਸਹਾਇਕ ਜਿਵੇਂ ਇਕ ਬਰਾਤ ਵਿਚ ਇਕ ਲਾੜਾ ਹੁੰਦਾ ਹੈ ਜਾਂਵੀ ਤਾਂ ਉਸ ਦੀ ਸਹਾਇਤਾ ਅਤੇ ਸਾਥ ਲਈ ਹੁੰਦੇ ਹਨ। ਅੱਜ ਦਾ ਕਹਾਣੀਕਾਰ ਆਪਣੇ ਪਾਤਰਾਂ ਨੂੰ ਬਾਹਰੋਂ ਘੱਟ ਅਤੇ ਅੰਦਰੋਂ ਵਧੇਰੇ ਪੇਸ਼ ਕਰਦਾ ਹੈ ਕਿਉਂਕਿ ਉਹ ਜਾਣਦਾ ਹੈ ਕੀ ਹਰ ਮਨੁੱਖ ਦੀ ਅਸਲੀਅਤ ਉਸਦੇ ਅੰਦਰੋਂ ਦਿਸਦੀ ਹੈ। ਅੰਦਰੋਂ ਤੇ ਬਾਹਰੋਂ ਇਕੋ ਜਿਹੇ ਦਿੱਸਣ ਵਾਲੇ ਮਨੁੱਖ ਬਹੁਤ ਘੱਟ ਹੁੰਦੇ ਹਨ। ਮਨੁੱਖ ਨੂੰ ਅਦਰੋਂ ਪ੍ਰਗਟਾਉਣ ਲਈ ਕਹਾਣੀਕਾਰ ਮਨੋਵਿਗਿਆਨ ਦੀ ਬਹੁਤ ਸਹਾਇਤਾ ਲੈਂਦਾ ਹੈ। ਪਾਤਰ ਉਸਾਰੀ, ਨਾਵਲ ਵਿਚ ਵੀ ਨਾਟਕ ਵਿਚ ਅਤੇ ਕਹਾਣੀ ਵਿਚ ਵੀ ਹੁੰਦੀ ਹੈ ਪਰ ਕਹਾਣੀ ਵਿਚਲੇ ਪਾਤਰਾਂ ਅਤੇ ਨਾਵਲ ਵਿਚਲੇ ਪਾਤਰਾਂ ਵਿਚ ਅੰਤਰ ਹੁੰਦਾ ਹੈ। ਕਹਾਣੀ ਵਿਚ ਇਕ ਤੋਂ ਪੰਜ ਪਾਤਰ ਹੀ ਹੁੰਦੇ ਹਨ ਜਦ ਕਿ ਨਾਵਲ ਵਿਚ ਪਾਤਰਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਪਾਤਰ ਉਸਾਰੀ ਲਈ ਵਿਧੀਆਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਕ ਪ੍ਰਤੱਖ ਵਿਧੀ ਦੁਆਰਾ ਪਾਤਰ ਆਪਣੀ ਸਵੈ-ਬਚਨੀ ਦੁਆਰਾ ਆਪਣੀ ਜਾਣਕਾਰੀ ਦਿੰਦਾ ਹੈ ਅਤੇ ਦੂਜੀ ਵਿਧੀ ਦੁਆਰਾ ਕਹਾਣੀ ਦੇ ਬਾਕੀ ਪਾਤਰ ਉਸ ਪਾਤਰ ਬਾਰੇ ਆਪਣੀ ਰਾਏ ਦਿੰਦੇ ਹਨ। ਤੀਸਰੀ ਵਿਧੀ ਵਿਚ ਕਹਾਣੀਕਾਰ ਸਿੱਧਾ ਹੀ ਕਿਸੇ ਪਾਤਰ ਬਾਰੇ ਆਪਣੀ ਟਿੱਪਣੀ ਦਿੰਦਾ ਹੈ ਅਤੇ ਇੰਨੀ ਦੇਰ ਲਈ ਕਹਾਣੀ ਦਾ ਕਾਰਜ ਖਲੋਅ ਜਾਂਦਾ ਹੈ। ਪੰਜਾਬੀ ਵਿਚ ਅਜੀਤ ਕੌਰ ਦੀਆਂ ਕਹਾਣੀਆਂ ਵਿਚ ਇਹ ਤੱਤ ਪਾਇਆ ਜਾਂਦਾ ਹੈ।

**ਵਾਰਤਾਲਾਪ (ਸੰਵਾਦ)**

ਕਹਾਣੀ ਵਿਚ ਵਾਰਤਾਲਾਪ ਕੁਦਰਤੀ, ਯਥਾਰਥਕ ਅਤੇ ਪਾਤਰਾਂ ਦੇ ਸੁਭਾਅ ਅਨੁਸਾਰ ਹੋਣਾ ਚਾਹੀਦਾ ਹੈ। ਕੁਦਰਤੀ ਵਾਰਤਾਲਾਪ ਦੇ ਮਾਮਲੇ ਵਿਚ ਪੰਜਾਬੀ ਇਸਥਤੀ ਕਹਾਣੀਕਾਰ, ਮਰਦ ਕਹਾਣੀਕਾਰ ਤੋਂ ਅੱਗੇ ਹਨ। ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਬਚਿੰਤ ਕੌਰ ਦੀਆਂ ਕਹਾਣੀਆਂ ਵਿਚਲੇ ਵਾਰਤਾਲਾਪ ਆਮ ਤੌਰ ’ਤੇ ਬੜੇ ਕੁਦਰਤੀ ਹਨ। ਵਿਰਦੀ ਦੀਆਂ ਕਹਾਣੀਆਂ ਦੀ ਵਾਰਤਾਲਾਪ ਯਥਾਰਥਕ ਹੁੰਦੀ ਹੈ। ਉਸ ਦੇ ਪਾਤਰ ਗੱਲ ਵਿਚੋਂ ਗੱਲ ਕੱਢੀ ਜਾਂਦੇ ਹਨ।

ਕਹਾਣੀ ਨੇ ਯਥਾਰਥਕ ਪ੍ਰਭਾਵ ਪਾਉਣਾ ਹੁੰਦਾ ਹੈ, ਇਸ ਲਈ ਅਸੀਂ ਜ਼ਿੰਦਗੀ ਦਾ ਕਾਫੀ ਹਿੱਸਾ ਗੱਲਾਂ-ਬਾਤਾਂ (ਵਾਰਤਾਲਾਪ) ਰਾਹੀਂ ਹੀ ਗੁਜ਼ਾਰਦੇ ਹਾਂ। ਸੁਰਿੰਦਰ ਸਿੰਘ ਨਰੂਲਾ ਦਾ ਕਹਿਣਾ ਠੀਕ ਹੈ ਕਿਸੇ ਨਿੱਕੀ ਕਹਾਣੀ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਅੰਦਾਜ਼ਾ ਸਹਿਜੇ ਹੀ ਉਸ ਵਿਚ ਵਾਪਰੀ ਗੱਲਬਾਤ ਤੋਂ ਦਰਸਾਇਆ ਜਾ ਸਕਦਾ ਹੈ। ਉਹੀ ਕਹਾਣੀ ਪਾਠਕ ਦੇ ਮਨ ਨੂੰ ਵਧੇਰੇ ਟੁੰਬਦੀ ਹੈ ਜਿਸ ਵਿਚ ਵਾਰਤਾਲਾਪਾਂ ’ਤੇ ਲੇਪ ਨਾ ਚੜ੍ਹਿਆ ਹੋਵੇ, ਬਲਕਿ ਕੁਦਰਤੀ ਹੋਣ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜੀਵਨ ਅਨੁਭਵ ਦੀਆਂ ਬਾਰੀਕ ਖੂਬੀਆਂ ਦਾ ਮਾਲਕ ਵਧੇਰੇਹੋਣ ਯਥਾਰਥਕ ਪਾਤਰ ਸਿਰਜ ਸਕਦਾ ਹੈ। ਹਰ ਕਹਾਣੀਕਾਰ ਦੀ ਕਹਾਣੀ ਵਿਚ ਵਾਰਤਾਲਾਪ ਉਸ ਦੇ ਪਾਤਰਾਂ ਰਾਹੀਂ ਹੁੰਦੀ ਹੈ ਜੇਕਰ ਕਹਾਣੀ ਵਿਚਲੇ ਪਾਤਰ ਪੰਛੀ, ਜਾਨਵਰ, ਬੱਚੇ, ਜਵਾਨ, ਅਮੀਰ, ਗਰੀਬ, ਤੀਵੀਂ, ਮਰਦ, ਦਰਖਤ, ਸੜਕਾਂ ਆਦਿ ਹੋਣਗੇ ਥਾ ਵਾਰਤਾਲਾਪ ਉਸੇ ਤਰ੍ਹਾਂ ਦੀ ਹੋਵੇਗੀ। ਕੁਲਬੀਰ ਸਿੰਘ ਸੂਰੀ ਇਕ ਬਾਲ ਸਾਹਿਤਕਾਰ ਵਾਰਤਾਲਾਪ ਉਸ ਦੀ ਉਸੇ ਤਰ੍ਹਾਂ ਦੀ ਹੈ। ਕੁਲਬੀਰ ਸਿੰਘ ਸੂਰੀ ਇਕ ਬਾਲ ਸਾਹਿਤਕਾਰ ਹੈ ਤੇ ਉਨ੍ਹਾਂ ਦੀਆਂ ਕਹਾਣੀਆਂ ਵਿਚਲੇ ਪਾਤਰ ਪਸ਼ੂ, ਪੰਛੀ, ਬੱਚੇ ਆਦਿ ਹਨ। ‘ਹੰਕਾਰ’ ਬਾਲ ਕਹਾਣੀ ਵਿਚ ਹਾਥੀ ਅਤੇ ਤਿਤਲੀ ਦੀ ਕਹਾਣੀ ਹੈ। ਜਿਸ ਦੀ ਵਾਰਤਾਲਾਪ ਬਹੁਤ ਵਧੀਆ ਹੈ। ਹਾਥੀ ਨੇ ਬਹੁਤ ਖੂਬਸੂਰਤ ਜਿਹੀ ਚੀਜ਼ ਉਡਦੀ ਆਉਂਦੀ ਅਤੇ ਫੇਰ ਆਪਣੇ ਸਿਰ ਉਤੇ ਬੈਠਦੀ ਵੇਖੀਂ ਤਾਂ ਉਸਨੇ ਪੁੱਛਿਆ, “ਤੂੰ ਕੌਣ ਹੈਂ?” ਹੈਂ! ਤੂੰ ਮੈਨੂੰ ਨਹੀਂ ਜਾਣਦਾ? ਮੈਂ ਨਾਜੁਕ ਪਰਾਂ ਵਾਲੀ, ਹਰ ਪੰਛੀ ਤੋਂ ਸੋਹਣੀ ਤਿਤਲੀ ਹਾਂ”। ਤਿਤਲੀ ਨੇ ਬੜੀ ਆਕੜ ਨਾਲ ਜਵਾਬ ਦਿੱਤਾ। ਹਾਥੀ ਨੇ ਬੜੀ ਨਿਮਰਤਾ ਨਾਲ ਕਿਹਾ, “ਅੱਛਾ, ਤੂੰ ਤਿਤਲੀ ਹੈ। ਤੇਰੀ ਖੂਬਸੂਰਤੀ ਬਾਰੇ ਤਾਂ ਬੜਾ ਸੁਣਿਆਂ ਸੀ ਪਰ ਦਰਸ਼ਨ ਅੱਜ ਹੋਏ ਹਨ”।

ਇਸ ਤਰ੍ਹਾਂ ਵਾਰਤਾਲਾਪ ਨੂੰ ਬਹੁਤ ਹੀ ਢੁਕਵੇਂ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਅਜਿਹੀ ਵਾਰਤਾਲਾਪ ਰਾਹੀਂ ਹੀ ਅਸੀਂ ਕਿਸੇ ਕਹਾਣੀ ਵਿਚ ਰੌਚਕਤਾ ਭਰ ਸਕਦੇ ਹਾਂ।

**ਸ਼ੈਲੀ:**

ਲੇਖਕ ਦੀ ਅਸਲੀ ਸ਼ਨਾਖਤ, ਜਿਹੜੀ ਉਸ ਨੂੰ ਹੋਰਾਂ ਤੋਂ ਨਿਖੇੜਦੀ ਹੈ ਉਹ ਸ਼ੈਲੀ ਹੀ ਹੈ। ਸ਼ੈਲੀ ਰਚਨਾ ਦਾ ਅਜਿਹਾ ਤੱਤ ਹੈ ਜਿਸ ਦੀ ਨਕਲ ਨਹੀਂ ਕੀਤੀ ਜਾ ਸਕਦੀ ਇਹ ਹਰ ਇਕ ਲੇਖਕ ਦੀ ਆਪੋ ਆਪਣੀ ਹੁੰਦੀ ਹੈ। ਬਰਨਾਰਡ ਸ਼ਾਅ ਕਹਿੰਦਾ ਹਨ ਕੀ, “ਮੈਂ ਜ਼ਿੰਦਗੀ ਭਰ ਕਦੇ ਕਿਸੇ ਸ਼ੈਲੀ ਨੂੰ ਅਪਨਾਉਣ ਦਾ ਯਤਨ ਨਹੀਂ ਕੀਤਾ।

ਸ਼ੈਲੀ ਉਹ ਲੈਅ ਹੈ ਜਿਹੜੀ ਆਪ-ਮੁਹਾਰੇ ਮੇਰੀ ਲਿਖਤ ਵਿਚ ਆ ਜਾਂਦੀ ਹੈ। ਜੇ ਕੋਈ ਲੇਖਕ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਗੱਲ ਕਹਿੰਦਾ ਹੈ ਤਾਂ ਸ਼ੈਲੀ ਆਪ ਹੀ ਆ ਜਾਵੇਗੀ, ਜੇ ਉਸ ਵਿਚ ਕੋਈ ਸ਼ੈਲੀ ਹੈ ਤਾਂ।"[28]

ਕਹਾਣੀ ਵਿਚ ਸ਼ੈਲੀ ਦਾ ਪਹਿਲਾ ਕੰਮ ਰੌਚਿਕਤਾ ਲਿਆਉਣੀ ਤਾਂ ਕੇ ਪਾਠਕ ਨੂੰ ਉਹ ਕਹਾਣੀ ਪੜ੍ਹਨ ਲਈ ਪ੍ਰੇਰ ਸਕੇ ਉਹ ਰੌਚਿਕਤਾ ਇਤਨੀ ਤੀਬਰਤਾ ਵਿਚ ਪ੍ਰਗਟ ਹੋ ਸਕੇ। ਆਮ ਤੌਰ 'ਤੇ ਕਹਾਣੀ ਵਿਚ ਤਿੰਨ ਤਰ੍ਹਾਂ ਦੀਆਂ ਸ਼ੈਲੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਕਹਿ ਸ਼ੈਲੀ (said style), ਅੱਧ-ਕਹਿ-ਸ਼ੈਲੀ (half said style), ਅਣ-ਕਹਿ-ਸ਼ੈਲੀ(unsaid style)। ਸਾਡੇ ਪਹਿਲੇ ਤੇ ਮੁਢਲੇ ਕਹਾਣੀਕਾਰ ਕਹਿ ਸ਼ੈਲੀ ਦੀ ਵਰਤੋਂ ਜ਼ਿਆਦਾ ਕਰਦੇ ਸਨ ਕਿਉਂਕਿ ਉਹ ਸਮਝਦੇ ਸਨ ਕਿ ਪਾਠਕ ਦੇ ਪੱਲੇ ਪੂਰੀ ਗੱਲ ਉਦੋਂ ਹੀ ਪਏਗੀ, ਜਦੋ ਸਾਰਾ ਕੁੱਝ ਤਰਤੀਬ ਨਾਲ ਸਜਾ ਕੇ ਥਾਲੀ ਵਿਚ ਪਰੋਸਿਆ ਜਾਏ। ਪਰ ਅੱਜ ਕੱਲ ਦੇ ਕਹਾਣੀਕਾਰ ਕਹਿ-ਸ਼ੈਲੀ ਨਾਲੋ ਅੱਧ-ਕਹਿ ਸ਼ੈਲੀ ਅਤੇ ਅਣ-ਕਹਿ ਸ਼ੈਲੀ ਦੀ ਵਧੇਰੇ ਵਰਤੋਂ ਕਰਦੇ ਹਨ। ਉਹ ਇਸ ਗੱਲ ਤੋਂ ਸੁਚੇਤ ਹੋ ਗਏ ਹਨ ਕੀ ਅਜੋਕਾ ਪਾਠਕ ਬੌਧਿਕ ਤੌਰ 'ਤੇ ਕਾਫ਼ੀ ਸਿਆਣਾ ਤੇ ਸੂਝਵਾਨ ਹੋ ਗਿਆ ਹੈ ਜਿਸ ਨੂੰ ਇਸ਼ਾਰੇ ਜਾਂ ਸੁਝਾਉ ਰਾਹੀਂ ਸਮਝਾਈ ਗੱਲ ਵਧੇਰੇ ਪ੍ਰਵਾਨ ਹੈ। ਦੁੱਗਲ ਨੇ 'ਇਕ ਮੁਸਕਾਨ ਵੀ ਨਹੀਂ', ਕਰਾਮਾਤ, 'ਸ਼ਹਿਰਜ਼ਾਦ', ਰਾਂਗਲੇ ਪਾਵਿਆ ਦਾ ਪਲੰਘ' ਆਦਿ ਕਹਾਣੀਆਂ ਅੱਧ-ਕਹਿ ਅਤੇ ਅਣ- ਕਹਿ ਸ਼ੈਲੀ ਵਿਚ ਲਿਖੀਆਂ ਹਨ।

**ਉਦੇਸ਼**

ਉਦੇਸ਼ ਕਹਾਣੀ ਦਾ ਮੁੱਢਲਾ ਤੇ ਸਭ ਤੋਂ ਮਹੱਤਵਪੂਰਨ ਅੰਗ ਹੈ, ਜਿਹੜਾ ਸਰੀਰ ਵਿਚਲੀ ਆਤਮਾ ਵਾਂਗ ਕਹਾਣੀ ਵਿਚ ਹਰ ਥਾਂ ਪਸਰਿਆ ਹੁੰਦਾ ਹੈ। ਉਦੇਸ਼ ਦੀ ਧੜਕਣ ਕਹਾਣੀ ਦੇ ਹਰ ਅੰਗ ਵਿਚੋਂ ਸੁਣੀ ਜਾ ਸਕਦੀ ਹੈ ਭਾਂਵੇਂ ਉਹ ਗੋਂਦ ਹੈ, ਪਾਤਰ ਹੈ, ਵਾਰਤਾਲਾਪ ਹੈ, ਵਿਸ਼ਾ ਹੈ ਜਾਂ ਵਾਤਾਵਰਨ। ਇਨ੍ਹਾਂ ਸਾਰਿਆ ਅੰਗਾਂ ਦੀ ਘਾੜਤ ਇਕ ਸਿਆਣਾ ਕਹਾਣੀਕਾਰ, ਬੜੀ ਸੂਝ ਸਮਝ ਨਾਲ ਆਪਣੇ ਚੁਣੇ ਉਦੇਸ਼ ਅਨੁਕੂਲ ਹੀ ਕਰਦਾ ਹੈ। ਉਦੇਸ਼ ਰਹਿਤ ਕੋਈ ਰਚਨਾ ਨਹੀਂ ਹੁੰਦੀ। ਇਹ ਉਦੇਸ਼ ਹੀ ਹੈ ਜਿਹੜਾ ਕਿਸੇ ਰਚਨਾ ਪ੍ਰਕਿਰਿਆ ਵਿਚ ਪੈਣ ਲਈ ਪ੍ਰੇਰਦਾ ਹੈ ਪਰ ਉਦੇਸ਼ ਨੂੰ ਨਰੋਆ ਅਤੇ ਵਡਮੁੱਲਾ ਹੋਣਾ ਚਾਹੀਦਾ ਹੈ ਤਾਂ ਕਿ ਪਾਠਕ ਨੂੰ ਇਕ ਜੀਵਨ ਸੇਧ ਦੇ ਸਕੇ। ਉਦੇਸ਼ ਘੜਨ ਵਿਚ ਲੇਖਕ ਦਾ ਦ੍ਰਿਸ਼ਟੀਕੋਣ ਸਹਾਈ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਰਚਨਾ ਰਾਹੀਂ ਪ੍ਰਗਟਾਇਆ ਗਿਆ ਉਦੇਸ਼ ਸਮੁੱਚੇ ਸਮਾਜ ਦੇ ਹਿਤ ਵਿਚ ਹੈ ਕਿ ਨਹੀਂ। ਇਸੇ ਕਾਰਣ ਅੱਜ ਕੱਲ 'ਕਲਾ ਕਲਾ ਲਈ' ਦੇ ਉਦੇਸ਼ ਨੂੰ ਭੰਡ ਕੇ 'ਕਲਾ ਜੀਵਨ ਲਈ' ਦੇ ਸਿਧਾਂਤ ਨੂੰ ਅਪਣਾਇਆ ਗਿਆ ਹੈ। ਪ੍ਰਸਿੱਧ ਰੂਸੀ ਲੇਖਕ ਟਾਲਸਟਾਇ ਲੇਖਕ ਤੋਂ ਸਪੱਸ਼ਟ ਤੇ ਪੱਕੀ ਸੂਝ ਦੀ ਮੰਗ ਕਰਦਾ ਹੈ ਜੋ ਚੰਗੇ ਮਾੜੇ ਵਿਚ ਨਿਖੇੜ ਸਕੇ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕੋਈ ਕਹਾਣੀ ਵੀ ਉਦੇਸ਼ ਰਹਿਤ ਨਹੀਂ ਹੁੰਦੀ। ਹਰ ਕਹਾਣੀ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਇਹ ਉਦੇਸ਼ ਸਮਾਜਿਕ, ਰਾਜਨੀਤਕ,ਸੱਭਿਆਚਾਰਕਜਾਂ ਸਾਹਿਤਕ ਵੀ ਹੋ ਸਕਦਾ ਹੈ ਪ੍ਰਸਿੱਧ ਰੂਸੀ ਲੇਖਕ ਟਾਲਸਟਾਇ (Tolstoy) ਲੇਖਕ ਤੋਂ ਪੱਕੀ ਸੂਝ ਦੀ ਮੰਗ ਕਰਦਾ ਹੈ ਜੋ ਚੰਗੇ ਮਾੜੇ ਵਿਚ ਨਿਖੇੜ ਕਰ ਸਕੇ।

**ਸਾਰੰਸ਼ :-**

ਕੁੱਲ ਮਿਲਾ ਕੇ ਗੱਲ ਕਰੀਏ ਤਾਂ ਕਹਾਣੀ ਮਨੁੱਖ ਅਤੇ ਉਸ ਦੇ ਸਮਾਜਕ ਜੀਵਨ ਨਾਲ ਚੇਤਨਾ ਦੇ ਮੁੱਢਲੇ ਪੜਾਅ ਤੋਂ ਹੀ ਜੁੜੀ ਰਹੀ ਹੈ, ਜਿਵੇਂ-ਜਿਵੇਂ ਸਮਾਜਕ ਜੀਵਨ ਬਦਲਦਾ ਰਿਹਾ ਹੈ ਉਵੇਂ ਹੀ ਕਹਾਣੀ ਦੀ ਦਸ਼ਾ, ਦਿਸ਼ਾ ਅਤੇ ਦ੍ਰਿਸ਼ਟੀ ਵਿਚ ਵੀ ਪਰਿਵਰਤਨ ਹੁੰਦਾ ਰਿਹਾ ਹੈ। ਕਹਾਣੀ ਵਿਚਲੇ ਸਿਧਾਂਤਕ ਪੱਖ ਕਹਾਣੀ ਲਈ ਬਹੁਤ ਮਹੱਤਵਪੂਰਨ ਹਨ। ਚੰਗੀ ਕਹਾਣੀ ਰਚਨਾ ਲਈ ਇਹਨਾਂ ਵਿਚਲੇ ਤੱਤਾਂ ਦੀ ਉੱਤਮ ਵਰਤੋਂ ਹੋਣੀ ਚਾਹੀਦੀ ਹੈ। ਵਿਸ਼ਾ, ਪਾਤਰ, ਵਾਰਤਾਲਤਪ, ਵਾਤਾਵਰਨ, ਭਾਸ਼ਾ/ਸ਼ੈਲੀ, ਉਦੇਸ਼ ਕਹਾਣੀ ਦੇ ਤੱਤ ਹਨ ਤੇ ਇਨ੍ਹਾਂ ਤੱਤਾਂ ਤੋਂ ਬਿਨਾਂ ਕਹਾਣੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਚੰਗਾ ਕਹਾਣੀਕਾਰ ਇਹਨਾਂ ਤੱਤਾਂ ਦੀ ਵਰਤੋਂ ਕਰਕੇ ਇਕ ਚੰਗੀ ਕਹਾਣੀ ਦੀ ਸਿਰਜਣਾ ਕਰਦਾ ਹੈ।

## 1.3 ਪੰਜਾਬੀ ਕਹਾਣੀ ਦਾ ਇਤਿਹਾਸਕ ਸਫ਼ਰ

ਕਹਾਣੀ ਗਲਪ ਸਾਹਿਤ ਦੀ ਇਕ ਮਹੱਤਵਪੂਰਨ ਵੰਨਗੀ ਹੈ। ਮਨੁੱਖ ਨਾਲ ਕਹਾਣੀ ਦਾ ਸੰਬੰਧ ਭਾਵੇਂ ਆਦਿ ਕਾਲ ਤੋਂ ਹੀ ਨਿਕਟਵਰਤੀ ਰਿਹਾ ਹੈ ਪਰ ਆਧੁਨਿਕ ਕਹਾਣੀ ਨੂੰ ਤਾਂ ਮਨੁੱਖ ਅਤੇ ਉਸ ਦੇ ਸਮਾਜਕ ਸੰਦਰਭ ਤੋਂ ਵੱਖਰਾ ਕਰਕੇ ਵੇਖਣਾ ਬਿਲਕੁਲ ਹੀ ਅਸੰਭਵ ਹੈ। ਸ਼ੁਰੂ ਵਿਚ ਕਹਾਣੀ ਸਿਰਫ ਸੁਣਨ ਦੀ ਵਸਤੂ ਹੀ ਸਮਝੀ ਜਾਂਦੀ ਸੀ ਫਿਰ ਇਸ ਨੂੰ ਹੌਲੀ-ਹੌਲੀ ਲਿਖਣ ਪੜ੍ਹਨ ਲਈ ਪ੍ਰਯੋਗ ਵਿਚ ਲਿਆਦਾ ਗਿਆ ਜਦੋਂ ਕਿ ਆਧੁਨਿਕ ਕਹਾਣੀ ਤਾਂ ਸਮਝ ਸਮਝਾਉਣ ਵਾਲਾ ਸਾਹਿਤ ਰੂਪ ਬਣ ਗਈ ਹੈ। ਕਹਾਣੀ ਨੂੰ ਅਜੋਕੀ ਵਿਕਸਤ ਅਵਸਥਾ ਤੱਕ ਪਹੁੰਚਾਉਣ ਵਿਚ ਅਨੇਕਾਂ ਲੇਖਕਾਂ ਨੇ ਯੋਗਦਾਨ ਦਿੱਤਾ। ਜ਼ਿੰਦਗੀ ਦਾ ਹਰ ਪਲ ਆਪਣੇ ਆਪ ਵਿੱਚ ਬੜਾ ਅਹਿਮ ਹੁੰਦਾ ਹੈ। ਇਨ੍ਹਾਂ ਪਲਾਂ ਛਿੰਣਾਂ ਵਿੱਚ ਮਨੁੱਖ ਜੋ ਅਨੁਭਵ ਹੰਢਾਉਂਦਾ ਹੈ, ਉਹ ਅਨੁਭਵ ਆਪਣਾ ਪ੍ਰਗਟਾਵਾ ਲੋਚਦੇ ਹਨ। ਮਨੁੱਖ ਜਿੰਨੀ ਦੇਰ ਆਪਣੇ ਇਨ੍ਹਾਂ ਖੰਡ-ਖੰਡ ਅਨੁਭਵਾਂ ਦਾ ਪ੍ਰਗਟਾਵਾ ਨਹੀਂ ਕਰ ਲੈਂਦਾ, ਉਨੀ ਦੇਰ ਤੱਕ ਤਣਾਉ ਗ੍ਰਸਤ ਰਹਿੰਦਾ ਹੈ। ਇਹ ਤਣਾਉ ਦੀ ਅਵਸਥਾ ਨੂੰ ਰਚਨਾਤਮਕ ਮਾਧਿਅਮ ਰਾਹੀਂ ਪ੍ਰਗਟਾਉਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਉਸ ਦੇ ਮਨ ਨੂੰ ਸ਼ਾਂਤੀ ਮਹਿਸੂਸ ਹੁੰਦੀ ਹੈ। ਕਹਾਣੀ ਦਾ ਜਨਮ ਸਿਧਾਂਤ ਵੀ ਇਸੇ ਸਥਿਤੀ ਨਾਲ ਜੁੜਿਆ ਹੋਇਆ ਹੈ। ਆਪਣੇ ਪਲ ਛਿਣ ਦੇ ਅਨੁਭਵ ਨੂੰ ਕਿਸੇ ਲੰਮੇ ਰੂਪਾਕਾਰ ਰਾਹੀਂ ਸਾਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਖੰਡ ਅਨੁਭਵਾਂ ਦੇ ਪ੍ਰਗਟਾਵੇ ਲਈ ਕਹਾਣੀ ਹੀ ਇੱਕੋ ਇੱਕ ਪ੍ਰਮਾਣਿਕ ਸਾਹਿਤ ਰੂਪਾਕਾਰ ਹੋ ਸਕਦੀ ਹੈ। ਇਸ ਲਈ ਇਹ ਕਹਿਣ-ਯੋਗ ਹੈ ਕਿ ਕਹਾਣੀ ਮਨੁੱਖ ਦੇ ਕਿਸੇ ਅਨੁਭਵ ਖੰਡ ਨਾਲ ਉਸਰੀ ਹੋਈ ਰਚਨਾ ਹੁੰਦੀ ਹੈ ਜੋ ਆਪਣੇ ਰਚਨਾ ਚਰਿੱਤਰ ਕਾਰਨ ਇਕਹਿਰੀ ਹੋ ਕੇ ਵੀ ਦੀਰਘ ਕਾਲੀ ਹੁੰਦੀ ਹੈ। ਨਿੱਕੀ ਕਹਾਣੀ ਹਰ ਕਾਲ ਖੰਡ ਵਿੱਚ ਪ੍ਰਗਟਾਈ ਗਈ ਹੈ। ਲਿਖਤ ਰੂਪ ਵਿੱਚ ਆਉਣ ਤੋਂ ਪਹਿਲਾ ਕਹਾਣੀ ਮੌਖਿਕ ਰੂਪ ਵਿੱਚ ਪ੍ਰਗਟਾਈ ਜਾਂਦੀ ਹੈ। ਲੋਕ ਕਹਾਣੀਆਂ ਇਸੇ ਮੌਖਿਕ ਰੂਪ ਪਰੰਪਰਾ ਦਾ ਜੀਵੰਤ ਰੂਪ ਹੈ, ਮਨੁੱਖ ਜਿਵੇਂ-ਜਿਵੇਂ ਆਪਣੇ ਪ੍ਰਗਟਾਵੇ ਨੂੰ ਨਵੇਂ ਰੰਗ ਵਿੱਚ ਰੰਗਦਾ ਰਿਹਾ, ਤਿਵੇਂ-ਤਿਵੇਂ ਨਿੱਕੀ ਕਹਾਣੀ ਆਪਣਾ ਰੰਗ ਵਟਾਉਂਦੀ ਰਹੀ। ਲੋਕ ਕਹਾਣੀ ਤੋਂ ਲੈ ਕੇ ਆਧੁਨਿਕ ਨਿੱਕੀ ਕਹਾਣੀ ਦਾ ਰਚਨਾਤਮਕ ਸਫ਼ਰ ਇਨ੍ਹਾਂ ਰੰਗਾਂ ਦਾ ਹੀ ਪ੍ਰਤੱਖ ਰੂਪ ਹੈ।

ਆਧੁਨਿਕ ਗਲਪ ਸਾਹਿਤ ਵਿਚ ਕਹਾਣੀ ਇਕ ਮਹੱਤਵਪੂਰਨ ਤੇ ਸ਼ਕਤੀਸ਼ਾਲੀ ਸਾਹਿਤ ਰੂਪ ਹੈ। ਪੰਜਾਬੀ ਵਿਚ ਸਾਹਿਤ ਦਾ ਇਹ ਰੂਪ ਪੱਛਮੀ ਪ੍ਰਭਾਵ ਹੇਠ ਹੋਂਦ ਵਿਚ ਆਇਆ। ਪੰਜਾਬੀ ਸਾਹਿਤ ਵਿਚ ਕਹਾਣੀ ਰਚਨਾ ਦਾ ਅਰੰਭ ਵੀਹਵੀਂ ਸਦੀ ਦੇ ਅਰੰਭ ਨਾਲ ਹੋਇਆ ਮੰਨਿਆ ਜਾਂਦਾ ਹੈ। ਭਾਵੇਂ ਕਿ ਕਹਾਣੀ ਦਾ ਜਨਮ ਤਾਂ ਮਨੁੱਖ ਦੇ ਜਨਮ ਤੋਂ ਹੀ ਹੋ ਗਿਆ ਸੀ, ਆਦਿ ਕਾਲ ਵਿਚ ਵੀ ਮਨੁੱਖ ਇਸ਼ਾਰਿਆਂ ਨਾਲ ਆਪਣਿਆਂ ਤੋਂ ਵੱਡਿਆਂ ਦੀਆਂ ਘਟਨਾਵਾਂ ਸਣਾਉਂਦਾ ਸੀ, ਪਰ ਪੱਛਮੀ ਪ੍ਰਭਾਵ ਹੇਠ ਇਸ ਨੇ ਆਪਣਾ ਰੂਪ ਵਿਕਸਤ ਕੀਤਾ। ਪੰਜਾਬ ਵਿਚ ਉਦਯੋਗਿਕ ਵਿਕਾਸ ਦਾ ਸਿਲਸਲਾ ਸ਼ੁਰੂ ਹੁੰਦਿਆਂ ਹੀ ਛਾਪੇਖਾਨੇ ਲੱਗ ਗਏ। ਸਮਾਜ ਵਿਚ ਮੱਧ ਸ਼੍ਰੇਣੀ ਹੋਂਦ ਵਿਚ ਆਈ ਤੇ ਸਾਧਨ ਵਿਕਸਤ ਹੋਏ। ਸਫ਼ਰ ਦੇ ਵਿਹਲ ਨੂੰ ਗੁਜ਼ਾਰਨ ਲਈ ਰਸਾਲਿਆਂ, ਅਖ਼ਬਾਰਾਂ ਦਾ ਸਹਾਰਾ ਲਇਆ। ਇਨ੍ਹਾਂ ਪੱਤਰਾਂ ਰਾਹੀਂ ਹੀ ਧਾਰਮਕ, ਰਾਜਨੀਤਕ, ਸਮਾਜਕ ਘਟਨਾਵਾਂ ਤੇ ਅਧਾਰਿਤ ਕਹਾਣੀਆਂ ਲਿਖੀਆਂ ਜਾਣ ਲੱਗ ਪਈਆਂ।

ਕੁਝ ਅਲੋਚਕਾ ਦਾ ਮਤ ਹੈ, "ਪੰਜਾਬੀ ਕਹਾਣੀ ਦਾ ਸਭ ਤੋਂ ਪੁਰਾਣਾ ਲਿਖਤੀ ਰੂਪ ਗੁਰੂ ਨਾਨਕ ਦੇਵ ਜੀ ਬਾਰੇ ਲਿਖੀਆਂ ਸਾਖੀਆਂ ਵਿਚੋਂ ਮਿਲਦਾ ਹੈ। 'ਪੁਰਾਤਨ ਜਨਮ ਸਾਖੀ' ਜਿਸ ਦੀ ਰਚਨਾ 1634 ਵਿਚ ਹੋਈ, ਵਿਚ 57 ਸਾਖੀਆਂ ਸ਼ਾਮਲ ਹਨ। ਇਨ੍ਹਾਂ ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਲੈ ਕੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੱਕ ਦਾ ਵਰਨਣ ਕੀਤਾ ਹੋਇਆਂ ਹੈ।"[29]

ਪਰ ਅਸਲ ਵਿਚ ਮੁਢਲੇ ਦੌਰ ਦੇ ਕਹਾਣੀਕਾਰ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ, ਹੀਰਾ ਸਿੰਘ ਦਰਦ ਆਦਿ ਮੰਨੇ ਗਏ ਹਨ। ਭਾਈ ਮੋਹਨ ਸਿੰਘ ਵੈਦ ਦਾ ਪ੍ਰਥਮ ਕਹਾਣੀ ਸੰਗ੍ਰਹਿ 1927 ਵਿਚ "ਹੀਰੇ ਦੀਆਂ ਕਣੀਆ" ਛਪਿਆ। ਉਹਨਾਂ ਨੇ ਇਕ ਨਵੀਂ ਪ੍ਰੰਪਰਾ ਨੂੰ ਜਨਮ ਦਿੱਤਾ ਇਸ ਲਈ ਅਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ ਸਾਨੂੰ ਸੰਤ ਸਿੰਘ ਸੇਖੋਂ ਤੋਂ ਨਹੀਂ ਬਲਕਿ ਮੋਹਨ ਸਿੰਘ ਵੈਦ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਗੁਰਮੁਖ ਸਿੰਘ ਜੀਤ ਨੇ ਵੀ ਮੋਹਨ ਵੈਦ ਤੋਂ ਕਹਾਣੀ ਦੀ ਸ਼ੁਰੂਆਤ ਕਰਕੇ ਅਗਲੇਰੇ ਪੜਾਅ ਨੂੰ ਕਹਾਣੀ ਵਿਚ 'ਨਵਾਂ ਪਲਟਾ' ਨਾਲ ਸੰਬੋਧਨ ਕੀਤਾ ਹੈ। ਮੋਹਨ ਸਿੰਘ ਵੈਦ ਤੋਂ ਸ਼ੁਰੂ ਹੋਈ ਪੰਜਾਬੀ ਕਹਾਣੀ 1930 ਈਸਵੀ ਤੋਂ ਮਗਰੋਂ ਨਾਨਕ ਸਿੰਘ ਅਤੇ ਗੁਰਬਖ਼ਸ਼ ਸਿੰਘ ਦੇ ਪ੍ਰਵੇਸ਼ ਨਾਲ ਇਸ ਕਾਲ-ਖੰਡ ਦੀ ਕਹਾਣੀ ਵਿਚ 'ਨਵਾਂ ਪਲਟਾ' ਆ ਗਿਆ ਮੰਨਿਆ ਜਾਂਦਾ ਹੈ। ਪੰਜਾਬੀ ਕਹਾਣੀ ਦੇ ਵਿਕਾਸ ਵਿੱਚ ਅੰਗਰੇਜ਼ਾਂ, ਈਸਾਈ ਮਿਸ਼ਨਰੀਆਂ, ਪੰਜਾਬ ਵਿੱਚ ਸਮੇਂ-ਸਮੇਂ 'ਤੇ ਉਭਰਦੀਆਂ ਲਹਿਰਾ ਅਤੇ ਵਿਸ਼ੇਸ਼ ਕਰਕੇ ਸਾਡੇ ਮੁੱਢਲੇ ਕਹਾਣੀਕਾਰਾਂ ਨੇ ਅਥਾਹ ਯੋਗਦਾਨ ਪਾਇਆ ਹੈ। ਅੰਗਰੇਜ਼ਾਂ ਨੇ ਭਾਰਤੀ ਸੱਭਿਆਚਾਰ ਦੀ ਜਾਣਕਾਰੀ ਹਾਸਿਲ ਕਰਨ ਦੇ ਲਈ ਸਾਡੇ ਸਾਹਿਤ ਦੀ ਕਈ ਤਰੀਕਿਆਂ ਦੇ ਨਾਲ ਸਾਂਭ ਸੰਭਾਲ ਕੀਤੀ। ਈਸਾਈ ਮਿਸ਼ਨਰੀਆਂ ਨੇ ਆਪਣੇ ਪ੍ਰਚਾਰ ਲਈ ਕਹਾਣੀ ਨੂੰ ਸਭ ਤੋਂ ਵੱਧ ਸਹਾਇਕ ਅਤੇ ਲਾਭਦਾਇਕ ਸਮਝ ਕੇ ਪ੍ਰਚਾਰ ਦਾ ਮਾਧਿਅਮ ਬਣਾਇਆ।

ਸਾਡੇ ਮੁੱਢਲੇ ਕਹਾਣੀਕਾਰਾਂ ਦੀ ਤੀਬਰ ਇੱਛਾ ਸੀ ਕਿ ਪੰਜਾਬੀ ਕਹਾਣੀ ਨੂੰ ਬੁਹਰੰਗੀ ਅਮੀਰੀ ਨਾਲ ਜੋੜਿਆ ਜਾਵੇ, ਜਿਸ ਲਈ ਉਹਨਾਂ ਨੇ ਦੂਸਰੀਆਂ ਭਾਸ਼ਾਆਂ ਤੋਂ ਕਹਾਣੀਆਂ ਨੂੰ ਅਨੁਵਾਦ ਵੀ ਕੀਤਾ ਅਤੇ ਦੂਸਰੀਆਂ

ਕਹਾਣੀਆਂ ਨੂੰ ਆਧਾਰ ਬਣਾ ਕੇ ਵੱਖਰੀ ਭਾਂਤ ਦੀਆਂ ਕਹਾਣੀਆਂ ਦੀ ਸਿਰਜਣਾ ਵੀ ਕੀਤੀ। ਉਨ੍ਹਾਂ ਨੇ ਆਪਣੀ ਦੀਰਘ ਦ੍ਰਿਸ਼ਟੀ ਨਿੱਜੀ ਅਨੁਭਵ ਅਤੇ ਬੌਧਿਕ ਗੁਣਾਂ ਦੇ ਆਧਾਰ ਉੱਤੇ ਆਪਣੀਆਂ ਕਹਾਣੀਆਂ ਵਿੱਚ ਪਰਿਵਰਤਿਤ ਸਮਾਜਕ ਸਥਿਤੀਆਂ, ਆਰਥਿਕ ਸਮੱਸਿਆਵਾਂ, ਮਾਨਵੀ ਸਰੋਕਾਰਾਂ ਆਦਿ ਵਾਂਗ ਸਬੰਧਿਤ ਅਨੇਕਾਂ ਕਹਾਣੀਆਂ ਦੇ ਵਿੱਚ ਪੰਜਾਬੀ ਕਹਾਣੀ ਨੂੰ ਅਮੀਰ ਬਣਾਇਆ। ਉਨ੍ਹਾਂ ਨੇ ਅੰਗਰੇਜ਼ੀ ਸਾਹਿਤ ਦੇ ਖੇਤਰ ਵਿੱਚ ਕੁਝ ਵਿੱਦਿਆ ਪ੍ਰਾਪਤ ਕਰਕੇ ਪੰਜਾਬੀ ਕਹਾਣੀ ਨੂੰ ਪੱਛਮੀ ਕਹਾਣੀ ਦੇ ਕਲਾਸਿਕ ਮਾਡਲ ਅਨੁਸਾਰ ਸਿਰਜਣ ਦੀ ਕੋਸ਼ਿਸ਼ ਕੀਤੀ। ਇਸੇ ਲਈ ਪੰਜਾਬੀ ਕਹਾਣੀ ਇੱਕ ਪਾਸੇ ਪੱਛਮੀ ਕਹਾਣੀ ਦੇ ਸਿਧਾਂਤ ਨਾਲ ਜੁੜੀ ਹੋਈ ਹੈ ਤੇ ਦੂਸਰੇ ਪਾਸੇ ਇਸਦੀਆਂ ਜੜ੍ਹਾਂ ਭਾਰਤੀ ਕਥਾ ਪਰੰਪਰਾ ਅਤੇ ਪੰਜਾਬੀ ਮਾਨਸਿਕਤਾ ਨਾਲ ਜੁੜੀਆਂ ਹੋਈਆਂ ਹਨ। ਇਸੇ ਵਿਕਸਿਤ ਨੀਂਹ ਉੱਤੇ ਅੱਜ ਪੰਜਾਬੀ ਕਹਾਣੀ ਤਿੱਖੇ ਤੋਰੇ ਤੁਰਦੀ ਹੋਈ ਨਵੀਂਆਂ ਪ੍ਰਾਪਤੀਆਂ ਲਈ ਹਮਲੇ ਮਾਰ ਰਹੀ ਹੈ।

## ਪਹਿਲੇ ਪੜ੍ਹਾਅ ਦੇ ਕਹਾਣੀਕਾਰ

### ਭਾਈ ਮੋਹਨ ਸਿੰਘ ਵੈਦ:

ਮੋਹਨ ਸਿੰਘ ਵੈਦ ਪਹਿਲੇ ਦੌਰ ਦਾ ਸਮਰਥ ਕਹਾਣੀਕਾਰ ਹੋ ਗੁਜ਼ਰਿਆ ਹੈ। "ਉਸਦੇ ਪਹਿਲੇ ਦੋ ਕਹਾਣੀ ਸੰਗ੍ਰਹਿ **"ਹੀਰੇ ਦੀਆਂ ਕਣੀਆਂ" ਅਤੇ "ਰੰਗ ਬਿਰੰਗੇ ਫੁੱਲ"** ਵਿਚਲੀਆਂ ਕਹਾਣੀਆਂ ਦਾ ਆਧਾਰ ਪੱਛਮੀ ਕਹਾਣੀਆਂ ਹਨ। ਜਦਕਿ ਉਸਦੇ ਕਹਾਣੀ ਸੰਗ੍ਰਹਿ "ਕਿਸਮਤ ਦੇ ਚੱਕਰ" ਦੀਆਂ ਕਹਾਣੀਆਂ ਦਾ ਆਧਾਰ ਭਾਰਤੀ ਕਹਾਣੀਆਂ ਹਨ।"[30] ਭਾਈ ਮੋਹਨ ਸਿੰਘ ਵੈਦ ਦੀਆਂ ਕਹਾਣੀਆਂ ਵਿੱਚ ਆਦਰਸ਼ਵਾਦ ਦੇ ਅੰਸ਼ ਵੀ ਮਿਲ ਜਾਣ ਕਰਕੇ ਕਈ ਆਲੋਚਕ ਆਧੁਨਿਕ ਨਿੱਕੀ ਕਹਾਣੀ ਦਾ ਮੋਢੀ ਭਾਈ ਮੋਹਨ ਸਿੰਘ ਵੈਦ ਨੂੰ ਮੰਨਦੇ ਹਨ। ਇਸ ਤੋਂ ਇਲਾਵਾ 'ਕਿਸਮਤ ਦਾ ਚੱਕਰ' ਕਹਾਣੀ ਸੰਗ੍ਰਹਿ 1934 ਈ. ਵਿਚ ਛਪਿਆ ਹੋਇਆ ਮਿਲਦਾ ਹੈ।

### ਚਰਨ ਸਿੰਘ ਸ਼ਹੀਦ :

ਮੁੱਢਲੀ ਕਹਾਣੀ ਦੇ ਦੌਰ ਵਿੱਚ ਚਰਨ ਸਿੰਘ ਸ਼ਹੀਦ ਨੇ ਆਪਣੀ ਖ਼ਾਸ ਪਹਿਚਾਣ ਵਿਅੰਗ ਦੇ ਲੇਖਕ ਵਜੋਂ ਬਣਾਈ ਹੈ। ਪੰਜਾਬੀ ਕਹਾਣੀ ਨੂੰ ਸੁਚੇਤ ਰੂਪ ਵਿੱਚ ਪੱਛਮੀ ਪ੍ਰਭਾਵ ਦੇ ਅਧੀਨ ਲਿਖਣ ਦਾ ਮਾਣ ਵੀ ਚਰਨ ਸਿੰਘ ਸ਼ਹੀਦ ਨੂੰ ਜਾਂਦਾ ਹੈ। ਚਰਨ ਸਿੰਘ ਸ਼ਹੀਦ ਦੇ ਕਹਾਣੀ ਸੰਗ੍ਰਹਿ **"ਹੱਸਦੇ ਹੰਝੂ" ਤੇ "ਰੋਂਦੇ ਹੰਝੂ"** ਹਨ। ਕਹਾਣੀ ਸੰਗ੍ਰਹਿ ਦੀਆਂ ਵੰਨ-ਸਵੰਨੀਆਂ ਕਹਾਣੀਆਂ ਵਿੱਚ ਚਰਨ ਸਿੰਘ ਸ਼ਹੀਦ ਨੇ ਹਾਸ-ਰਸ ਦੇ ਝਰੋਖੇ ਰਾਹੀਂ ਸਮਾਜ ਅੰਦਰ ਪਸਰੀਆਂ ਕੁਰੀਤੀਆਂ 'ਤੇ ਵਿਅੰਗ ਕਰਦਿਆਂ ਨਵੇਂ ਮੁੱਲਾਂ ਦੀ ਗੱਲ ਤੋਰੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ, ਕੁਰੀਤੀਆਂ ਅਤੇ ਅੰਧ-ਵਿਸ਼ਵਾਸ਼ਾਂ ਨੂੰ ਕਹਾਣੀਆਂ ਦੇ ਵਿਸ਼ੇ ਦੇ ਤੌਰ 'ਤੇ ਲਿਆ ਹੈ।

### ਲਾਲ ਸਿੰਘ ਕਮਲਾ ਅਕਾਲੀ :

"ਲਾਲ ਸਿੰਘ ਕਮਲਾ ਅਕਾਲੀ ਨੇ ਵੀ ਪਹਿਲੇ ਦੌਰ ਵਿਚ ਨਿੱਕੀ ਕਹਾਣੀ ਵਰਗੀ ਗਲਪ ਰਚਨਾ ਸ਼ੁਰੂ ਕੀਤੀ। ਉਸ ਦੀ ਪਹਿਲੀ ਕਹਾਣੀ "ਵਿਛੜੀ ਕੂੰਜ" ਸਿਰਲੇਖ ਹੇਠ 'ਫੁਲਵਾੜੀ' ਦੇ ਪਹਿਲੇ ਅੰਕ ਵਿਚ ਛਪੀ। 'ਕਰਮ ਗਤਿ' ਉਸ ਦੀ ਇਕ ਹੋਰ ਨਾਵਲ ਅਤੇ ਕਹਾਣੀ ਦੀ ਰਚਨਾ ਹੈ ਜੋ ਲੜੀਵਾਰ ਰੂਪ ਵਿਚ ਫੁਲਵਾੜੀ ਦੀਆਂ ਪਹਿਲੀਆਂ ਜਿਲਦਾਂ ਵਿਚ ਛਪੀ।"[31]

### ਦੂਜੇ ਪੜ੍ਹਾਅ ਦੇ ਕਹਾਣੀਕਾਰ:

### ਨਾਨਕ ਸਿੰਘ :

ਇਸ ਦੌਰ ਨਾਲ ਸਬੰਧਿਤ ਇੱਕ ਉੱਘਾ ਕਹਾਣੀਕਾਰ ਨਾਨਕ ਸਿੰਘ ਹੈ। ਉਸਦੀਆਂ ਕਹਾਣੀਆਂ ਵਿੱਚ ਯਥਾਰਥਵਾਦੀ ਅਤੇ ਆਦਰਸ਼ਕ ਪ੍ਰਧਾਨਤਾ ਦੇ ਨਾਲ ਯਥਾਰਥ ਦਾ ਰੰਗ ਵੀ ਉੱਘੜ ਆਇਆ। ਸਮਾਜਿਕ ਬੁਰਾਈਆਂ, ਭਾਈਚਾਰਕ ਕੁਰੀਤੀਆਂ, ਧਾਰਮਕ ਪਾਖੰਡ, ਸਭਿਆਚਾਰਕ ਕਮੀਆਂ ਅਤੇ ਰਾਜਨੀਤਿਕ ਮਜਬੂਰੀਆਂ, ਉਸਦੀਆਂ ਕਹਾਣੀਆਂ ਦੇ ਪ੍ਰਮੁੱਖ ਵਿਸ਼ੇ ਹਨ। ਕਹਾਣੀ ਸੰਗ੍ਰਹਿ **"ਹੰਝੂਆਂ ਦੇ ਹਾਰ", "ਸਧਰਾਂ ਦੇ ਹਾਰ", "ਮਿੱਧੇ ਹੋਏ ਫੁੱਲ", "ਠੰਢੀਆਂ ਛਾਂਵਾਂ" "ਸੁਪਨਿਆਂ ਦੀ ਕਬਰ"** ਆਦਿ ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਨਾਨਕ ਸਿੰਘ ਨੇ ਕਹਾਣੀ ਨੂੰ ਧਾਰਮਿਕ ਵਲਗਣਾਂ ਤੋਂ ਬਾਹਰ ਕੱਢ ਕੇ ਵਿਅਕਤੀ ਚਰਿੱਤਰ ਦੀ ਉੱਚਤਾ ਨਾਲ ਪੇਸ਼ ਕੀਤਾ ਹੈ।

### ਗੁਰਬਖ਼ਸ਼ ਸਿੰਘ ਪ੍ਰੀਤਲੜੀ :

ਗੁਰਬਖ਼ਸ਼ ਸਿੰਘ ਪ੍ਰੀਤਲੜੀ ਤਕਨੀਕ ਤੇ ਵਿਸ਼ੇ ਪੱਖੋਂ ਪਹਿਲੇ ਪੜਾਅ ਦੇ ਕਹਾਣੀਕਾਰ ਤੋਂ ਬਿਲਕੁਲ ਵੱਖਰਾ ਅਤੇ ਨਵੀਂਨ ਸੁਰ ਵਾਲਾ ਹੈ। ਉਹ ਪ੍ਰੀਤਾਂ ਦਾ ਵਣਜਾਰਾ ਸੀ ਅਤੇ ਉਸ ਨੇ "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ" ਦੀ ਫਿਲਾਸਫੀ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਉਸ ਕੋਲ ਦੁਨੀਆਂ ਨੂੰ ਘੁੰਮ ਫਿਰ ਕੇ ਦੇਖਣ ਦਾ ਨਿਵੇਕਲਾ ਅਨੁਭਵ ਸੀ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ **"ਵੀਣਾ ਤੇ ਵਿਨੋਦ", "ਪ੍ਰੀਤਕਹਾਣੀਆਂ", "ਨਾਗ ਪ੍ਰੀਤ ਦਾ ਜਾਦੂ", "ਅਨੋਖੇ ਤੇ ਇੱਕਲੇ", "ਪ੍ਰੀਤਾਂ ਦਾ ਪਹਿਰੇਦਾਰ ਸ਼ਬਨਮ", "ਭਾਬੀ ਮੈਨਾ" "ਬੰਦਾ ਬਹਾਦਰ"** ਆਦਿ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ।

### ਤੀਜੇ ਪੜਾਅ ਦੇ ਕਹਾਣੀਕਾਰ

### ਸੰਤ ਸਿੰਘ ਸੇਖੋਂ:-

ਸੰਤ ਸਿੰਘ ਸੇਖੋਂ ਨੇ ਉਂਝ ਤਾਂ ਪੰਜਾਬੀ ਸਾਹਿਤ ਦੀ ਭਾਵੇਂ ਹਰ ਰੂਪ ਵਿੱਚ ਰਚਨਾ ਕੀਤੀ ਹੈ ਪਰ ਪੰਜਾਬੀ ਨਿੱਕੀ ਕਹਾਣੀ ਨੂੰ ਉਸਦੀ ਦੇਣ ਅਤਿਅੰਤ ਮਹੱਤਵਪੂਰਨ ਦੇਣ ਹੈ। ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਕਹਾਣੀ ਦੀ

ਰੂਪ ਰੇਖਾ ਦੇ ਅਨੁਸਾਰ ਢਾਲਣ ਵਿੱਚ ਸੇਖੋਂ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੈ। "ਸੰਤ ਸਿੰਘ ਸੇਖੋਂ ਨੇ **"ਸਮਾਚਾਰ", "ਕਾਮੇ-ਯੋਧੇ", "ਅੱਧੀ-ਵਾਟ", "ਤੀਜਾ ਪਹਿਰ"** ਆਦਿ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਸੰਤ ਸਿੰਘ ਸੇਖੋਂ ਇੱਕ ਅਜਿਹਾ ਕਹਾਣੀਕਾਰ ਹੈ ਜਿਸ ਨੇ ਸਮਾਜਿਕ ਕੁਰੀਤੀਆਂ, ਰਸਮਾਂ ਰਿਵਾਜਾਂ, ਅੰਧ-ਵਿਸ਼ਵਾਸਾਂ, ਵਹਿਮਾਂ ਭਰਮਾਂ, ਕਪਟਾਂ ਅਤੇ ਕੁਰੀਤੀਆਂ' ਤੇ ਚੋਟ ਕੀਤੀ ਹੈ ਤੇ ਇਹਨਾਂ ਦਾ ਸੱਚ ਜਾਂ ਯਥਾਰਥ ਅਤੇ ਵਿਗਿਆਨਕ ਹੱਲ ਵੀ ਪੇਸ਼ ਕੀਤਾ ਹੈ।"[32]

**<u>ਦੇਵਿੰਦਰ ਸਤਿਆਰਥੀ</u>**

ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਦਵਿੰਦਰ ਸਤਿਆਰਥੀ ਮਨੁੱਖ ਯਥਾਰਥ ਬੋਧ ਅਤੇ ਪ੍ਰਗਤੀਵਾਦੀ ਪ੍ਰਵਿਰਤੀ ਵਾਲਾ ਨਿਵੇਕਲਾ ਕਹਾਣੀਕਾਰ ਹੈ। ਦਵਿੰਦਰ ਸਤਿਆਰਥੀ ਦੀਆਂ ਕਹਾਣੀਆਂ ਦੂਸਰੇ ਕਹਾਣੀਕਾਰਾਂ ਨਾਲੋਂ ਵਿਲੱਖਣ ਹਨ। ਉਹਨਾਂ ਦੀਆਂ ਕਹਾਣੀਆਂ ਦਾ ਵਿਸ਼ਾ ਮਨੁੱਖ ਤੇ ਕੁਦਰਤ ਦੇ ਆਪਸੀ ਸਬੰਧਾਂ ਦੇ ਗਹਿਰੇ ਜਾਂ ਡੂੰਘੇ ਅਹਿਸਾਸ ਦੇ ਅਧਾਰਿਤ ਹੈ ਤੇ ਕਈ ਕਹਾਣੀਆਂ ਉੱਤੇ ਧਰਤੀ, ਜਲਵਾਯੂ ਅਤੇ ਮੌਸਮ ਨੂੰ ਪਾਤਰਾਂ ਦੇ ਤੌਰ 'ਤੇ ਉਲਕੀਆ ਹੈ। '**ਸੋਨਾ ਗਾਚੀ**', '**ਕੁੰਗਪੋਸ**', '**ਦੇਵਤਾ ਡਿੱਗ ਪਿਆ**', '**ਪੈਰਿਸ ਦਾ ਆਦਮੀ**' ਆਦਿ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹੈ। ਉਸ ਦਾ ਪ੍ਰਗਟਾਉਣ ਦਾ ਢੰਗ ਲੋਕ ਗੀਤਾਂ ਵਾਂਗ ਸਰਲ ਤੇ ਸਪੱਸ਼ਟ ਹੈ। ਉਸ ਦੀਆਂ ਕਹਾਣੀਆਂ ਨੂੰ ਪਸਾਰ ਪੱਖੋਂ ਬੋਹੜ ਵਾਂਗ, ਬੋਲੀ ਪੱਖੋਂ ਲੋਕ ਗੀਤਾਮਕ ਅਤੇ ਸ਼ੈਲੀ ਪੱਖੋਂ ਚਿੰਨ੍ਹਾਤਮਕ ਅਤੇ ਯਥਾਰਥ ਵਿਧੀ ਵਾਲੀ ਪੇਸ਼ਕਾਰੀ ਕਰਦੀਆਂ ਹਨ।

**<u>ਚੌਥਾ ਪੜਾਅ ਦੇ ਕਹਾਣੀਕਾਰ:-</u>**

ਪੰਜਾਬੀ ਕਹਾਣੀ ਦੇ ਅਗਲੇ ਪੜਾਅ ਵਿੱਚ **ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਮਹਿੰਦਰ ਸਿੰਘ ਸਰਨਾ, ਸੁਰਿੰਦਰ ਸਿੰਘ ਨਰੂਲਾ, ਨਵਤੇਜ ਸਿੰਘ, ਅਜੀਤ ਕੌਰ ਟਿਵਾਣਾ, ਗੁਲਜ਼ਾਰ ਸਿੰਘ ਸੰਧੂ** ਆਦਿ ਹਨ। ਇਹ ਅਜਿਹੇ ਕਹਾਣੀਕਾਰ ਹਨ ਜਿੰਨ੍ਹਾਂ ਨੇ ਆਪਣੀਆਂ ਕਹਾਣੀਆਂ ਵਿੱਚ ਮਨੁੱਖੀ ਮਨ ਦਾ ਮਨੋਵਿਗਆਨਿਕ ਵਿਸ਼ਲੇਸ਼ਣ ਕਰਦਿਆਂ ਨਵੇਂ ਮਾਨਵੀਂ ਰਿਸ਼ਤਿਆ ਦੇ ਵਿਵੇਕ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪ੍ਰਗਟਾਇਆ ਹੈ। ਕਹਾਣੀ ਦਾ ਇਹ ਦੌਰ ਆਪਣੀ ਵਿਲੱਖਣ ਅਤੇ ਰਚਨਾਤਮਕ ਪ੍ਰਾਪਤੀ ਕਾਰਨ ਪ੍ਰਮਾਣਿਕ ਅਤੇ ਮਹੱਤਵਪੂਰਨ ਹੈ।

**<u>ਕੁਲਵੰਤ ਸਿੰਘ ਵਿਰਕ</u>**

"ਕੁਲਵੰਤ ਸਿੰਘ ਵਿਰਕ ਨੇ ਪੰਜਾਬੀ ਸਾਹਿਤ ਜਗਤ ਨੂੰ '**ਸ਼ਾਹ ਵੇਲਾ**', '**ਤੂੜੀ ਦੀ ਪੰਡ**', '**ਏਕਸ ਕੇ ਹਮ ਬਾਰਿਕ**', '**ਦੁੱਧ ਦਾ ਛੱਪੜ**', '**ਗੋਲ੍ਹਾਂ**', '**ਧਰਤੀ ਤੇ ਆਕਾਸ਼**' **ਅਤੇ** '**ਨਵੇਂ ਲੋਕ**' ਆਦਿ ਕਹਾਣੀ ਸੰਗ੍ਰਹਿ ਦਿੱਤੇ ਹਨ।"[33] ਦੇਸ਼ ਦੀ ਵੰਡ ਤੋਂ ਪ੍ਰਭਾਵਿਤ ਹੋ ਕੇ ਕਹਾਣੀਆਂ ਲਿਖਣ ਦਾ ਅੰਦਾਜ਼ ਅਤੇ ਦ੍ਰਿਸ਼ਟੀਕੋਣ ਜਿਹੜਾ ਵਿਰਕ ਵੱਲੋਂ ਅਪਣਾਇਆ ਗਿਆ ਉਹ ਦੂਸਰੇ ਕਹਾਣੀਕਾਰ ਜਿਨ੍ਹਾਂ ਨੇ ਇਸ ਵਿਸ਼ੇ ਉੱਤੇ ਲਿਖਿਆ ਹੈ, ਸ਼ਾਇਦ ਹੀ ਕਿਸੇ ਨੇ

ਅਪਨਾਇਆ ਹੋਵੇਗਾ। ਇਸ ਤੋਂ ਇਲਾਵਾ ਵਿਰਕ ਨੇ **'ਮੈਨੂੰ ਜਾਣਨੈ', 'ਉਲਾਮ੍ਹਾ', 'ਖੱਬਲ', ਅਤੇ 'ਓਪਰੀ ਧਰਤੀ'** ਵਰਗੀਆਂ ਕਹਾਣੀਆਂ ਫਿਰਕੂ ਫ਼ਸਾਦਾਂ ਦੇ ਦੁਖਾਂਤ ਦਾ ਪ੍ਰਮਾਣਿਕ ਚਿੱਤਰ ਪੇਸ਼ ਕਰਦੀਆਂ ਹਨ।

**ਕਹਾਣੀ ਸੰਗ੍ਰਿਹ**

1. ਛਾਹ ਵੇਲਾ (1950)

2. ਧਰਤੀ ਤੇ ਆਕਾਸ਼ (1951)

3. ਤੂੜੀ ਦੀ ਪੰਡ (1954),

4. ਏਕਸ ਕੇ ਹਮ ਬਾਰਿਕ (1955),

5. ਦੁੱਧ ਦਾ ਛੱਪੜ (1957),

6. ਗੋਲ੍ਹਾਂ (1961)

7. ਨਵੇਂ ਲੋਕ (1967)

8. ਦੁਆਦਸ਼ੀ (1983)

9. ਆਤਸ਼ਬਾਜੀ (1985)

ਕੁਲਵੰਤ ਸਿੰਘ ਵਿਰਕ ਦਾ ਪੰਜਾਬੀ ਕਹਾਣੀ ਵਿਚ ਨਿਵੇਕਲਾ ਸਥਾਨ ਹੈ। ਵਿਰਕ ਮਨੁੱਖੀ ਮਨ ਨੂੰ ਪੜ੍ਹਨ ਅਤੇ ਚਿਤਰਨ ਵਿਚ ਮੁਹਾਰਤ ਰੱਖਦਾ ਹੈ। ਇਸ ਲਈ ਉਸ ਦੀ ਵਧੇਰੇ ਦਿਲਚਸਪੀ ਮਨੁੱਖ ਦੇ ਅਣਡਿੱਠੇ ਪੱਖ ਨੂੰ ਦਰਸਾਉਣ ਵੱਲ ਵਧੇਰੇ ਹੁੰਦੀ ਹੈ। ਵਿਰਕ ਦੀ ਕਹਾਣੀ ਦੀ ਬਣਤਰ ਵਿਚ ਕਿਧਰੇ ਕੋਈ ਗੁੰਝਲ ਨਜ਼ਰ ਨਹੀਂ ਆਉਂਦੀ, ਗੁੰਝਲ ਉਸਦੇ ਕੇਂਦਰੀ ਭਾਵ ਵਿਚ ਆਉਂਦੀ ਹੈ। ਵਿਰਕ ਮਨੁੱਖਤਾ ਦਾ ਲੇਖਕ ਹੈ। ਵਿਰਕ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਨਹੀਂ ਜੁੜਿਆ ਹੋਇਆ। ਇਹ ਗ਼ਰੀਬਾਂ ਦਾ ਸਾਥੀ ਹੈ। ਵਿਰਕ ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਦਾ ਹੈ।

**ਸੰਤੋਖ ਸਿੰਘ ਧੀਰ**

ਸੰਤੋਖ ਸਿੰਘ ਧੀਰ ਪੰਜਾਬੀ ਕਹਾਣੀ ਦੇ ਪ੍ਰਸੰਗ ਵਿੱਚ ਅਜਿਹਾ ਕਹਾਣੀਕਾਰ ਹੈ। ਜਿਸਨੇ ਪੇਂਡੂ ਜੀਵਨ ਦੀ ਮਾਨਸਿਕਤਾ ਤ੍ਰਾਸਦੀ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਕੀਤਾ ਹੈ। ਆਪਣੀਆਂ ਕਹਾਣੀਆਂ ਰਾਹੀਂ ਉਹ ਪੇਂਡੂ ਜੀਵਨ ਨਾਲ ਸੰਬੰਧਿਤ ਮੱਧ ਵਰਗ, ਗ਼ਰੀਬ, ਕਿਰਤੀ, ਕਾਮਿਆਂ ਅਤੇ ਕਿਸਾਨ ਦੀਆਂ ਭਾਵਨਾਵਾਂ ਨੂੰ ਕੇਂਦਰੀ ਸਰੋਕਾਰ

ਬਣਾਉਂਦਾ ਹੈ। **"ਸਿੱਟਿਆਂ ਦੀ ਛਾਹ", "ਸਾਂਝੀ ਕੰਧ", "ਸਵੇਰ ਹੋਣ ਤੱਕ", "ਸ਼ਰਾਬ ਦਾ ਗਲਾਸ"** ਆਦਿ ਧੀਰ ਦੇ ਕਹਾਣੀ ਸੰਗ੍ਰਹਿ ਹਨ। ਜਿਸ ਵਿੱਚ ਉਸਨੇ ਪੇਂਡੂ ਪਾਤਰਾਂ ਦੀ ਮਾਨਸਿਕਤਾ ਬੜੀ ਭਰਭੂਰਤਾ ਨਾਲ ਚਿੱਤਰ ਕੇ ਉਹਨਾਂ ਵਿੱਚ ਕਿਰਸਾਨੀ ਪੰਜਾਬੀ ਦੀ ਰੂਹ-ਫੂਕ ਦਿੱਤੀ ਹੈ।

**ਮਹਿੰਦਰ ਸਿੰਘ ਸਰਨਾ**

ਇਸ ਦੌਰ ਦਾ ਇੱਕ ਹੋਰ ਜ਼ਿਕਰ ਯੋਗ ਕਹਾਣੀਕਾਰ ਮਹਿੰਦਰ ਸਿੰਘ ਸਰਨਾ ਹੈ। ਉਹਨਾਂ ਦੀਆਂ ਕਹਾਣੀਆਂ ਦੀ ਮੁੱਖ ਵਿਸ਼ੇਸ਼ਤਾ ਮਨੁੱਖੀ ਜੀਵਨ ਦਾ ਬੜੀ ਡੂੰਘਾਈ ਨਾਲ ਵਰਣਨ ਅਤੇ ਪਾਤਰਾਂ ਦੇ ਮਨੋਵਿਗਿਆਨਕ ਦਾ ਪਾਤਰ ਚਿਤਰਨ ਹੈ। **"ਪੱਥਰ ਦੇ ਆਦਮੀ", "ਸ਼ਗਨਾਂ ਭਰੀ ਸਵੇਰ", "ਸੁਪਨਿਆਂ ਦੀ ਸੀਮਾ"** ਆਦਿ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ।

**ਅਜੀਤ ਕੌਰ**

ਪੰਜਾਬੀ ਕਹਾਣੀ ਦੇ ਪਾਸਾਰ ਵਿਚ ਅਜੀਤ ਕੌਰ ਇੱਕ ਅਜਿਹੀ ਕਹਾਣੀਕਾਰ ਹੈ ਜਿਸਨੇ ਆਪਣੀਆਂ ਕਹਾਣੀਆਂ ਵਿੱਚ ਮਨੋਵਿਸ਼ਲੇਸ਼ਣ ਵਿਧੀ ਰਾਹੀਂ ਔਰਤ ਦੀਆਂ ਸਮੱਸਿਆਵਾਂ ਨੂੰ ਚਿੱਤਰਿਆ ਹੈ। ਉਸਦੀਆਂ ਸਮੁੱਚੀਆਂ ਕਹਾਣੀਆਂ ਪ੍ਰਮੁੱਖ ਰੂਪ ਵਿਚ ਔਰਤ ਮਰਦ ਦੇ ਆਪਸੀ ਰਿਸ਼ਤੇ ਦੇ ਭਾਵੁਕ ਜਿਨਸੀ ਮਸਲਿਆਂ, ਗੁੰਝਲਾਂ, ਅਤੇ ਹਾਲਤਾਂ ਨੂੰ ਪੇਸ਼ ਕਰਦੀਆਂਹਨ। ਉਹ ਸ਼੍ਰੇਣੀ ਸਮਾਜ ਵਿੱਚ ਔਰਤ ਮਰਦ ਦੇ ਕਿਸੇ ਤਣਾਓ ਜਾਟਕਰਾ ਓਬਾਰੇ ਅਤੇ ਉਹ ਬਹੁ-ਪਰਤੀ ਸਵਾਦ ਨਹੀਂ ਰਚਾਉਂਦੀ ਸਗੋਂ ਸਿਰਫ ਔਰਤ ਦੇ ਮਾਨਸਿਕ ਤਣਾਓ ਨੂੰ ਹੀ ਪ੍ਰਗਟਾਉਂਦੀ ਹੈ। ਉਸਦੀ ਕਹਾਣੀ ਵਿੱਚ ਔਰਤ ਬੋਲਦੀ ਹੈ ਬਾਕੀ ਮੁਕੰਬਲ ਖਾਮੋਸ਼ੀ ਹੈ, ਬਹੁਤੀ ਵਾਰ ਔਰਤ ਨਿਰੋਲ ਹਵਾ ਵਿੱਚ ਲਟਕੀ ਹੋਈ ਇਕਹਿਰੀ ਖਾਮੋਸ਼ੀ ਹੈ ਜਿਸ ਪਾਸ ਆਪਣੀ ਹਾਉਮੇ ਦੀ ਚੇਤਨਾ ਤੋਂ ਕਿਸੇ ਸ਼ੈਅ ਦਾ ਕੋਈ ਆਧਾਰ ਨਹੀਂ। ਅਜੀਤ ਕੌਰ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੀ ਪਾਤਰ ਉਸਾਰੀ ਬੜੇ ਮਨੋਵਿਗਆਨਿਕ ਢੰਗ ਨਾਲ ਕਰਦੀ ਹੈ। ਅਜੀਤ ਕੌਰ ਨੇ **'ਫਾਲਤੂ ਔਰਤ', 'ਇੱਕ ਮਰਿਆ ਹੋਇਆ ਪਲ','ਬੁੱਤ ਸ਼ਿਕਨ', 'ਗੁਲਬਾਨੋ', 'ਮਹਿਕ ਦੀ ਮੌਤ', 'ਮੌਤ ਅਲੀ ਬਾਬਾ ਦੀ', 'ਇਕ ਔਰਤ ਦਾ ਚਿਹਰਾ'** ਆਦਿ ਉਸਦੇ ਅਜਿਹੇ ਮਨੋਵਿਗਆਨਿਕ ਕਹਾਣੀ ਸੰਗ੍ਰਹਿ ਹਨ ਜਿਨ੍ਹਾਂ ਵਿੱਚ ਉਹ ਵਿਸ਼ੇ 'ਤੇ ਪਾਤਰਾਂ ਲਈ ਟਕਰਾਅ ਵਿਧੀ ਦੀ ਵਰਤੋਂ ਕਰਦੀ ਹੈ।

**ਦਲੀਪ ਕੌਰ ਟਿਵਾਣਾ**

ਅਜਿਹੀ ਪ੍ਰਵਿਰਤੀ ਦੀ ਇਕ ਹੋਰ ਪ੍ਰਮੁੱਖ ਕਹਾਣੀਕਾਰਾ ਦਲੀਪ ਕੌਰ ਟਿਵਾਣਾ ਹੈ। ਦਲੀਪ ਕੌਰ ਟਿਵਾਣਾ ਨੇ ਭਾਵੇਂ ਨਾਵਲ ਦਾ ਖੇਤਰ ਵਿਚ ਵਧੇਰੇ ਨਾਮਣਾ ਖੱਟਿਆ ਹੈ ਪਰ ਫਿਰ ਵੀ ਉਸ ਨੇ ਬਹੁਤ ਸਫ਼ਲ ਕਹਾਣੀਆਂ ਵੀ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਵਿਚ ਵੀ ਕੇਂਦਰੀ ਸਥਾਨ ਔਰਤ ਨੂੰ ਹੀ ਪ੍ਰਾਪਤ ਹੈ। ਉਸ ਨੇ **'ਪ੍ਰਬਲ ਵੈਣ', 'ਵੇਦਨਾ', 'ਵੈਰਾਗੇ ਨੈਣ', 'ਕਿਸੇ ਦੀ ਧੀ', 'ਤੂੰ ਭਰੀਂ ਹੁੰਗਾਰਾ', 'ਯਾਤਰਾ', 'ਅਗਨੀ ਪ੍ਰੀਖਿਆ', ਪੈੜਚਾਲ',**

**'ਇਕ ਕੁੜੀ'** ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਟਿਵਾਣਾ ਦੀ ਪ੍ਰਮੁੱਖ ਦੇਣ ਔਰਤ ਮਨ ਦੀ ਪੀੜਾ ਨੂੰ ਪ੍ਰਗਟਾਉਣ ਵਿਚ ਹੈ।

### ਅੰਮ੍ਰਿਤਾ ਪ੍ਰੀਤਮ

ਅੰਮ੍ਰਿਤਾ ਪ੍ਰੀਤਮ ਪੰਜਾਬੀ ਸਾਹਿਤ ਦੀ ਮਹਾਨ ਕਵਿਤਰੀ, ਨਾਵਲਕਾਰ ਤੇ ਵਾਰਤਕਕਾਰ ਹੋਈ ਹੈ। ਉਸ ਦਾ ਜਨਮ 31 ਅਗਸਤ 1919 ਈ. ਨੂੰ ਗਿਆਨੀ ਕਰਤਾਰ ਸਿੰਘ ਹਿੱਤਕਾਰੀ ਦੇ ਘਰ ਗੁਜਰਾਵਾਲੇ ਵਿਖੇ ਹੋਇਆ। 4 ਸਾਲ ਦੀ ਉਮਰ ਵਿੱਚ ਉਸ ਦੀ ਕੁੜਮਾਈ ਦੂਰੋਂ ਰਿਸ਼ਤੇ ਵਿੱਚ ਭੂਆ ਦੇ ਪੁੱਤਰ ਨਾਲ ਹੋ ਗਈ। ਅੰਮ੍ਰਿਤਾ ਜਦੋਂ 11 ਸਾਲ ਦੀ ਸੀ ਤਾਂ ਉਸ ਦੀ ਮਾਂ ਅਕਾਲ ਚਲਾਣਾ ਕਰ ਗਈ। ਅੰਮ੍ਰਿਤਾ ਦੀ ਮਾਂ ਦੇ ਸਵਰਗਵਾਸ ਹੋਣ ਤੋਂ ਬਾਅਦ ਉਸ ਦੇ ਪਿਤਾ ਜੀ ਉਸ ਨੂੰ ਲੈ ਕੇ ਲਾਹੌਰ ਆ ਗਏ। ਉਸ ਨੇ ਆਪਣਾ ਬਚਪਨ ਤੇ ਜਵਾਨੀ ਲਾਹੌਰ ਵਿੱਚ ਹੀ ਗੁਜ਼ਾਰੇ। ਅੰਮ੍ਰਿਤਾ ਤੇ ਬਹੁਤ ਛੋਟੀ ਉਮਰ ਵਿੱਚ ਕਈ ਜਵਾਬਦਾਰੀ ਆ ਗਈ ਸੀ ਪਰ ਅੰਮ੍ਰਿਤਾ ਏਨੀ ਜਵਾਬਦਾਰੀ ਹੋਣ ਦੇ ਬਾਵਜੂਦ ਵੀ ਕਵੀ ਪਿਤਾ ਦੀ ਪ੍ਰੇਰਨਾ ਸਦਕਾ ਲਿਖਣ ਲੱਗ ਗਈ ਸੀ। ਅੰਮ੍ਰਿਤਾ ਦੇ ਪਿਤਾ ਉਸ ਦਾ ਦਿਲ ਵਧਾਉਣ ਲਈ ਉਸ ਦੀਆਂ ਰਚਨਾਵਾਂ 'ਮਾਸਕੋ ਪੱਤਰ ਰਣਜੀਤ ਨਗਾਰਾ' ਵਿੱਚ ਛਪਵਾ ਦਿੰਦੇ ਸਨ। ਅੰਮ੍ਰਿਤਾ ਨੇ ਆਪਣੇ ਸਾਹਮਣੇ ਭਾਰਤ ਅਤੇ ਪਾਕਿਸਤਾਨ ਨੂੰ ਅਲੱਗ ਹੁੰਦੇ ਦੇਖਿਆ। ਇਸ ਲਈ ਉਹ ਬਹੁਤ ਦੁਖੀ ਹੋਈ, ਉਨ੍ਹਾਂ ਦੀਆਂ ਰਚਨਾਵਾਂ ਵਿੱਚ ਇਸ ਦੁੱਖ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

### ਕਹਾਣੀ ਸੰਗ੍ਰਹਿ

1. ਛੱਤੀ ਵਰ੍ਹੇ ਬਾਅਦ (1943)
2. ਕੁੰਜੀਆਂ (1944)
3. ਆਖਰੀ ਖਤ (1956)
4. ਗੋਜਰ ਦੀਆਂ ਪਰੀਆਂ (1960)
5. ਚਾਨਣ ਦਾ ਹਉਕਾ (1962)
6. ਜੰਗਲੀ ਬੂਟੀ (1969)
7. ਹੀਰੇ ਦੀ ਕਣੀਆਂ

### ਗੁਲਜ਼ਾਰ ਸਿੰਘ ਸੰਧੂ

ਪੰਜਾਬੀ ਕਹਾਣੀ ਦੇ ਵਿਕਾਸ ਵਿਚ ਗੁਲਜ਼ਾਰ ਸਿੰਘ ਸੰਧੂ ਦੀਆਪਣੀ ਨਿਵੇਕਲੀ ਪਛਾਣ ਹੈ **'ਹੁਸਨ ਦੇਹਾਨੀ'**, **'ਇਕ ਸਾਂਝ ਪੁਰਾਣੀ'**, **'ਸੋਨੇ ਦੀ ਇੱਟ'**, **'ਅਮਰ ਕਥਾ'** ਅਤੇ **'ਗਮਲੇਦੀ ਵੇਲ'** ਉਸਦੇ ਪ੍ਰਮੁੱਖ ਕਹਾਣੀ ਸੰਗ੍ਰਿਹ ਹਨ।

**ਰਾਮ ਸਰੂਪ ਅਣਖੀ**

ਰਾਮ ਸਰੂਪ ਅਣਖੀ ਇਕ ਅਜਿਹਾ ਪ੍ਰਗਤੀਵਾਦੀ ਕਹਾਣੀਕਾਰ ਹੈ ਜਿਸ ਨੇ ਗੁਣਾਤਮਕ ਅਤੇ ਗਿਣਨਾਤਮਕ ਪੱਖੋਂ ਕਾਫ਼ੀ ਕਹਾਣੀਆਂ ਲਿਖੀਆਂ ਹਨ, ਜਿਵੇਂ '**ਸੁੱਤਾ ਨਾਗ**', '**ਕੱਚਾ ਧਾਗਾ**', '**ਮਨੁੱਖ ਦੀ ਮੌਤ**', '**ਟੀਸੀ ਦਾ ਬੇਰ**', '**ਕੰਧ ਵਿਚ ਉਗਿਆ ਦਰਖ਼ਤ**', '**ਖਾਰਾ ਦੁੱਧ**', ਆਦਿ ਉਸਦੇ ਕੁਝ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਉਸਨੇ ਆਪਣੀਆਂ ਕਹਾਣੀਆਂ ਵਿਚ ਰਿਸ਼ਤਿਆਂ ਦੀ ਤੋੜ ਅਤੇ ਅਰਥ ਚਾਰੇ ਦੀ ਦੋਫਾੜ ਵਰਗੇ ਮਹੱਤਵਪੂਰਨ ਵਿਸ਼ਿਆਂ ਨੂੰ ਲਿਆ ਹੈ। ਅਣਖੀ ਦੀਆਂ ਕਹਾਣੀਆਂ ਪੀੜਤ ਮਨੁੱਖ ਦੀ ਵਿਦਰੋਹ ਹੀ ਭਾਵਨਾ ਨੂੰ ਪ੍ਰਗਟਾਉਂਦੀਆਂ ਹਨ।

(8)ਵੇਂ ਦਹਾਕੇ ਵਿੱਚ ਪੰਜਾਬ ਵਿੱਚ ਇਕ ਗੁਣਾਤਮਕ ਪਰਿਵਰਤਨ ਆਇਆ। ਜਿਸ ਵਿੱਚ ਨਵੇਂ ਤੇ ਪੁਰਾਣੇ ਸਾਰੇ ਪੰਜਾਬੀ ਕਹਾਣੀਕਾਰਾਂ ਨੇ ਕਈ ਅਹਿਮ ਮੁੱਦਿਆਂ 'ਤੇ ਕਈ ਕਹਾਣੀਆਂ ਲਿਖ ਕੇ ਕਹਾਣੀ ਦੇ ਮਿਆਰੀ ਰੂਪ ਨੂੰ ਸਥਾਪਿਤ ਕੀਤਾ। ਪ੍ਰੰਤੂ (9) **ਵੇਂ ਦਹਾਕੇ** ਦੇ ਸ਼ੁਰੂ ਵਿੱਚ ਪੰਜਾਬ ਵਿੱਚ ਖਾੜਕੂ ਲਹਿਰ ਦੇ ਕਾਰਨ ਅੱਤਵਾਦ ਦਾ ਦੌਰ ਚੱਲਿਆ, ਜਿਸ ਨਾਲ ਹਰ ਘਰ ਵਿੱਚ ਮਾਤਮ ਛਾਅ ਗਿਆ। ਵੱਡੀ ਪੱਧਰ ਉੱਤੇ ਕਤਲੇਆਮ ਹੋਇਆ। ਆਮ ਵਿਅਕਤੀ ਤਸ਼ੱਦਦ ਦੀ ਦੋਹਰੀ ਮਾਰ ਵਿੱਚ ਪੀਸਿਆ ਗਿਆ। ਪੰਜਾਬੀ ਕਹਾਣੀਕਾਰਾਂ ਨੇ ਅੱਤਵਾਦੀਆ ਤੇ ਸਰਕਾਰੀ ਮਸ਼ੀਨੀਰੀ ਦੀ ਦਹਿਸ਼ਤ ਨੂੰ ਮਨੁੱਖੀ ਦਰੇ ਦੇ ਨਜ਼ਰੀਏ ਤੋਂ ਬਿਆਨ ਕਰਦੀਆਂ ਰੁਦਨ ਸੁਰ ਵਾਲੀਆਂ ਕਹਾਣੀਆਂ ਦੀ ਸਿਰਜਨਾ ਕੀਤੀ।

ਵੀਹਵੀਂ ਸਦੀ ਦੇ ਅਖ਼ਰੀਲੇ ਦੋ ਦਹਾਕਿਆ ਵਿਚ ਨਵੀਂ ਸੋਝੀ ਨਾਲ ਕੁਝ ਅਜਿਹੇ ਸਮਰਥ ਕਹਾਣੀਕਾਰ ਉਭਰੇ, ਜੋ ਪੁਰਾਣੀ ਅਤੇ ਨਵੀਂ ਪੀੜੀ ਦੇ ਮਾਰਗ ਦਰਸ਼ਨ ਬਣੇ। ਇਨ੍ਹਾਂ ਨੇ ਪੁਰਾਣੇ ਕਹਾਣੀਕਾਰਾਂ ਦੇ ਕਥਾ ਮਾਡਲਾਂ ਦੀਆਂ ਕੁਝ ਨਵੀਆਂ ਸੰਭਾਵਨਾਵਾਂ ਸਿਰਜਨ ਦਾ ਯਤਨ ਕੀਤਾ। ਮਾਹੌਲ ਖੁੱਲਣ ਨਾਲ ਕਈ ਨਵੇਂ ਵਿਸ਼ੇ ਸਿੱਧੇ ਕਹਾਣੀਆਂ ਵਿੱਚ ਸ਼ਾਮਿਲ ਹੋ ਗਏ। ਵਿਸ਼ੇਸ਼ ਕਰਕੇ ਇਸਤਰੀ ਮਰਦ ਨਾਲ ਸੰਬੰਧਿਤ ਵਰਜਿਤ ਤੇ ਅਵਰਜਿਤ ਵਿਸ਼ਿਆਂ ਸੰਬੰਧੀ ਕਹਾਣੀਆਂ ਲਿਖੀਆਂ ਜਾਣੀਆਂ ਸ਼ੁਰੂ ਹੋ ਗਈਆ। ਇੰਨ੍ਹਾਂ ਵਿਸ਼ਿਆਂ ਨਾਲ ਜੁੜੇ ਪ੍ਰਮੁੱਖ ਕਹਾਣੀਕਾਰਾਂ ਦੀਆਂ ਕਹਾਣੀਆਂ ਬਰਫ਼ (ਸੁਖਜੀਤ,) ਸੂਰਜ ਦੀ ਪਿੱਠ ਨਹੀਂ ਹੁੰਦੀਂ (ਜਸਵਿੰਦਰ ਗਰੇਵਾਲੀ), ਸੌਂਕਣ (ਪਰਵੇਜ ਸੰਧੂ), ਕਤਲ (ਜਿੰਦਰ), ਆਦਿ ਪੰਜਾਬੀ ਕਹਾਣੀ ਸਾਹਿਤ ਵਿੱਚ ਪ੍ਰਸਿੱਧ ਹੋ ਗਏ। ਵੀਨਾ ਵਰਮਾ ਨੇ ਸਭ ਤੋਂ ਵੱਧ ਦਲੇਰੀ, ਬੇਬਾਕੀ ਅਤੇ ਖੁੱਲ-ਡੁੱਲ ਨਾਲ ਪਰਵਾਸੀ ਔਰਤ ਦੀ ਹੋਂਦ ਤੇ ਹੋਣੀ ਦੇ ਨਾਲ ਜੁੜੇ ਮਸਲਿਆਂ ਨੂੰ ਆਪਣੇ ਦੋ ਕਹਾਣੀ ਸੰਗ੍ਰਹਿ "ਮੁੱਲ ਦੀ ਤੀਮੀਂ" ਤੇ "ਫ਼ਰੰਗੀਆ ਦੀ ਨੂੰਹ" ਵਿੱਚ ਪੇਸ਼ ਕੀਤਾ ਹੈ। ਇਸੇ ਦੌਰ ਵਿੱਚ 'ਵਰਿਆਮ ਸੰਧੂ', 'ਪ੍ਰੇਮ ਪ੍ਰਕਾਸ਼', 'ਕ੍ਰਿਪਾਲ ਕਜਾਕ', 'ਗੁਰਪਾਲ ਲਿਟ', 'ਚੰਦਨ ਨੇਕੀ' ਆਦਿ ਕਹਾਣੀਕਾਰਾਂ ਨੇ ਅੱਡ ਅੱਡ ਵਿਸ਼ਿਆਂ ਉੱਤੇ ਕਹਾਣੀਆਂ ਲਿਖਕੇ ਪੰਜਾਬੀ ਕਹਾਣੀ ਨੂੰ ਬੁਲੰਦੀਆਂ ਉੱਤੇ ਪਹਿਚਾਉਣ ਲਈ ਅਥਾਹ ਯਤਨ ਕੀਤੇ। ਇਹਨਾਂ ਸਮੂਹ ਕਹਾਣੀਕਾਰਾਂ ਦੇ ਯੋਗਦਾਨ ਨਾਲ ਨਿਰੰਤਰ ਵਿਕਾਸ ਕਰ ਰਹੀ ਪੰਜਾਬੀ ਕਹਾਣੀ ਵੀਹਵੀ ਸਦੀਂ ਦੇ ਸੱਤਵੇ ਦਹਾਕੇ 'ਤੇ ਪਹੁੰਚੀ ਹੈ। ਇਸ ਦੌਰ ਵਿੱਚ ਦੋ ਨਵੇ ਪਾਸਾਰ ਉਜਾਗਰ ਹੋਏ।

1. **ਪਾਕਿਸਤਾਨੀ ਪੰਜਾਬੀ ਕਹਾਣੀ**
2. **ਪਰਵਾਸੀ ਪੰਜਾਬੀ ਕਹਾਣੀ**

ਪਾਕਿਸਤਾਨੀ ਪੰਜਾਬੀ ਕਹਾਣੀ ਦੇ ਭਾਸ਼ਾ ਪੱਖੋਂ ਵੱਖਰੇ ਸਰੋਤ ਹੋਣ ਕਰਕੇ ਉਸ ਵਿੱਚ ਫ਼ਾਰਸੀ, ਉਰਦੂ, ਗੁਮਾਨ, ਮੁਹਾਵਰੇ ਵਾਲੀ ਪੰਜਾਬੀ ਦੀ ਮਹੱਤਤਾ ਸ਼ੁਰੁ ਹੋ ਗਈ। ਪਾਕਿਸਤਾਨੀ ਪੰਜਾਬੀ ਕਹਾਣੀਕਾਰ ਨੇ ਦੇਸ਼ ਦੀ ਵੰਡ ਦੇ ਬਹੁਤ ਸਾਲਾ ਬਾਅਦ ਰੂੜ ਇਸਲਾਮੀ, ਸੰਗਤਵਾਦੀ, ਰੰਗਤਵਾਦੀ ਸਾਮੰਤੀ, ਮਾਨਸਿਕਤਾ ਅਤੇ ਪਾਕਿਸਤਾਨੀ ਪੰਜਾਬੀ ਮਨੁੱਖੀ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੇ ਸਰੌਕਾਰ ਨੂੰ ਸੰਸਕ੍ਰਿਤੀ ਕਹਾਣੀਆਂ ਸ਼ੁਰੂ ਕੀਤੀਆ ਗਈਆ। **ਫ਼ਖਰ ਜਮਾਨ, ਅਹਿਸਾਨ, ਬਟਾਲਵੀ, ਇਲਿਆਸ ਘੁੰਮਨ, ਤੋਕੀਰ ਚੋਟਾਈ** ਆਦਿ ਇਸ ਪ੍ਰਵਿਰਤੀ ਦੇ ਲੇਖਕ ਹਨ।

ਪਰਵਾਸੀ ਪੰਜਾਬੀ ਕਹਾਣੀ ਦਾ ਮੁੱਢਲਾ ਦੌਰ ਬਰਤਾਨੀ ਤੋਂ ਸ਼ੁਰੂ ਹੋਇਆਂ। ਇਸ ਤੋਂ ਬਾਅਦ ਅਮਰੀਕਾ, ਕੇਨੇਡਾ ਆਦਿ ਵਿੱਚ ਵੀ ਪਰਵਾਸੀ ਪੰਜਾਬੀ ਕਹਾਣੀ ਲਿਖੀ ਜਾਣ ਲੱਗ ਪਈ। ਪਰਵਾਸੀ ਪੰਜਾਬੀ ਲੇਖਕਾ ਨੇ ਦੋ ਸਭਿਆਚਾਰ ਦੇ ਦਵੰਦ ਵਿੱਚ ਪੈਦਾ ਹੋਏ ਸੰਕਟ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ। ਮਾਨਸਿਕ ਉਦਰੇਵੇ, ਨਸਲੀ ਵਿਕਤਰੇ, ਨਵੀਂ ਤੇ ਪੁਰਾਣੀ ਪੀੜੀ ਦੇ ਪਾੜੇ, ਅਣਜੋੜ ਵਿਆਹ, ਆਰਥਿਕ ਮੰਦਹਾਲੀ, ਜਿਨਸੀ ਸੰਬੰਧ, ਔਰਤ ਦੀ ਸੁਤੰਤਰ ਹੋਂਦ ਅਤੇ ਇਸ ਨਾਲ ਜੁੜੇ ਕਈ ਦੁਖਾਂਤ ਆਦਿ ਵਿਸ਼ਿਆ ਨੂੰ ਵਿਦੇਸ਼ਾ ਵਿੱਚ ਬੇਠੇ ਕਹਾਣੀਕਾਰਾਂ ਨੇ ਆਪਣੇ ਨਿੱਜੀ ਅਨੁਭਵ ਦੇ ਆਧਾਰ ਉੱਤੇ ਕਹਾਣੀਆਂ ਵਿੱਚ ਪ੍ਰਗਟਾਇਆ। **ਪ੍ਰਮੁੱਖ ਕਹਾਣੀਕਾਰ ਸਵਰਨ ਚੰਦਨ, ਰਘੁਬੀਰ ਢੰਡ, ਵੀਨਾ ਵਰਮਾ, ਸ਼ਿਵ ਚਰਨ ਗਿੱਲ, ਦਰਸ਼ਨ ਧੀਰ, ਭਰਸੇਮ ਨੀਲ ਗੀਲੀ, ਕੇਲਾਸ਼ਪੁਰੀ, ਹਰਜੀਤ ਅਟਵਾਲ, ਪ੍ਰੀਤਮ ਸਿੱਧੂ, ਬਲਬੀਰ ਕੌਰ ਸਘੇੜਾ, ਪ੍ਰਵੇਸ਼ ਸੰਧੂ, ਅਮਨ ਪਾਲ, ਜਰਨੇਰ ਸਿੰਘ** ਆਦਿ ਦੀਆਂ ਕਹਾਣੀਆਂ ਪ੍ਰਵਾਸੀ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਕਹਾਣੀ ਸਾਹਿਤ ਵਿੱਚ ਪਰਵਾਣ ਹੋ ਚੁੱਕੀਆ ਹਨ। ਇਨ੍ਹਾਂ ਵਿੱਚ ਸੁਚੇਤ ਅਤੇ ਅਚੇਤ ਸੁਚਨਾ ਸਦਕਾ ਆਪਣੀ ਪੰਜਾਬੀ ਕਹਾਣੀ, ਸੱਭਿਆਚਾਰ ਮਿੱਟੀ ਨਾਲ ਰੱਲ ਕੇ ਵਿਸ਼ਵ ਪੱਧਰ ’ਤੇ ਕਹਾਣੀਆਂ ਦੇ ਮੁਕਾਬਲੇ ਵਿੱਚ ਚਰਚਾ ਦੇ ਖੇਤਰ ਵਿੱਚ ਬਿਰਾਜਮਾਨ ਹੋ ਚੁੱਕੀਆਂ ਹਨ। ਵੀਹਵੀਂ ਸਦੀ ਦੇ ਸ਼ੁਰੂ ਤੋਂ ਅੰਤ ਤੱਕ ਰਾਜਨੀਤੀ ਵੀ ਮਨੁੱਖ ਸਮਾਜ ਦੇ ਹਰ ਪਹਿਲੂ ਤੇ ਛਾਈ ਹੋਈ ਹੈ। ਕਹਾਣੀਕਾਰਾਂ ਨੇ ਰਾਜਸੀ ਵਿਸ਼ਿਆਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾ ਕੇ ਕਹਾਣੀਆਂ ਲਿਖੀਆਂ ਹਨ।

ਹੀਰਾ ਸਿੰਘ ਦਰਦ ਦੀਆਂ ਕਹਾਣੀਆਂ ‘ਸ਼ਹੀਦ ਦੀ ਅਮਾਨਤ’, ‘ਗਦਰ’, ‘ਸੁਤੰਤਰਤਾ’ ਅਤੇ ਗੁਰਮੁਖ ਸਿੰਘ ਮੁਸਾਫ਼ਰ ਦੀਆਂ ਕਹਾਣੀਆਂ ‘ਖ਼ਸਮਾਂ ਖਾਣੈ’, ‘ਬਾਗੀਦੀ ਧੀ’, ‘ਇਕਨਵਾਂ ਪੈਸਾ’ ਅਤੇ ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ‘ਮੇਰਾ ਉਜੜਿਆ ਗਵਾਂਢੀ’, ਵੋਟ ਦਾ ਹੱਕ ਅਤੇ ਵਰਿਆਮ ਸਿੰਘ ਸੰਧੂ ਦੀ ਕਹਾਣੀ ‘ਡੁੱਬਦਾ ਚੜਦਾ’ ਅਤੇ ਅਤਰਜੀਤ ਦੀ ਕਹਾਣੀ ‘ਸਰਹੱਦ ਦੇ ਉਰਾਰ ਪਾਰ’ ਅਤੇ ਰਗਬੀਰ ਢੰਡ ਦੀਆਂ ਕਹਾਣੀਆਂ ‘ਬੋਲੀ ਧਰਤੀ’, ‘ਕਾਇਆ ਕਲਪ’ ਆਦਿ ਵਿੱਚ ਰਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਗਿਆ ਹੈ। ਲੋਕਤੰਤਰ ਪ੍ਰਣਾਲੀ ਉਤੇ ਵਿਅੰਗ ਕੱਸੇ ਗਏ ਹਨ। ਸਿਆਸਤਦਾਨਾਂ ਦੀਆਂ ਕੂਟਨੀਤੀਆਂ ਨੂੰ ਭੰਗਿਆ ਗਿਆ ਹੈ। ਮੰਤਰੀਆਂ,

ਰਾਜਸੀ ਆਗੂਆਂ, ਉੱਚ ਅਹੁਦੇ ਦਾਰਾਂ ਦੀਆਂ ਨੀਤੀਆਂ ਦਾ ਪਰਦਾ ਫਾਸ਼ ਕੀਤਾ ਗਿਆ। ਗੰਦੀ ਅਤੇ ਉਲਟ ਰਾਜਨੀਤੀ ਨੂੰ ਪੇਸ਼ ਕਰਦੇ ਇਹਨਾਂ ਸਾਰਿਆਂ ਨੇ ਪੰਜਾਬੀ ਕਹਾਣੀ ਨੂੰ ਨਵੀਂਆ ਲੀਹਾਂ ਉੱਤੇ ਤੋਰਿਆ। ਇਸ ਸਮੇਂ ਤੱਕ ਪੰਜਾਬੀ ਕਹਾਣੀ ਦਾ ਕੋਈ ਵੀ ਅਨੁਭਵ ਅਛੂਤਾ ਨਾ ਰਿਹਾ ਅਤੇ ਇਹ ਅਗਲੀ ਸਦੀ ਦੀਆਂ ਚੁਣੌਤੀਆਂ ਨੂੰ ਸਵੀਕਾਰ ਕਰਨ ਵਿੱਚ ਸਮਰੱਥ ਹੋ ਗਈ।

ਪੰਜਾਬੀ ਜਗਤ ਦੀ ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਵਿੱਚ ਇਤਿਹਾਸਕ ਚੇਤਨਾ ਦਿਨ-ਬਦਿਨ ਵੱਧ ਰਹੀ ਹੈ, ਉਹ ਹਰ ਸਾਲ ਅਖਬਾਰਾਂ ਵਲੋਂ ਬੀਤੇ ਵਰ੍ਹੇ ਦੇ ਸਾਹਿਤ ਦਾ ਲੇਖਾ-ਜੋਖਾ ਪੜ ਕੇ ਉਸਦਾ ਮੁਲਾਂਕਣ ਕਰਕੇ ਆਪਣੇ ਭਵਿੱਖ ਮੁੱਖੀ ਮਾਰਗ ਨੂੰ ਉੱਚੀਆਂ ਲੀਹਾਂ ਤੇ ਲਜਾਉਣ ਦੀ ਕੋਸ਼ਿਸ਼ ਕਰਦੇ ਹਨ। ਸਾਲ 2005 ਦੀ ਪੰਜਾਬੀ ਕਹਾਣੀ ਦਾ ਲੇਖਾ-ਜੋਖਾ ਡਾ: ਬਲਦੇਵ ਸਿੰਘ ਧਾਲੀਵਾਲ ਕਰੜੀ ਮਿਹਨਤ ਦਿਰਗ-ਦ੍ਰਿਸ਼ਟੀ ਅਤੇ ਸਾਹਿਤਿਕ ਸੂਝ-ਬੂਝ ਦੇ ਆਧਾਰ ਉੱਤੇ ਕੀਤਾ ਹੈ ਜਿਸ ਦਾ ਵੇਰਵਾ 12 ਫਰਵਰੀ 2006 ਨੂੰ ਅਜੀਤ ਅਖ਼ਬਾਰ ਵਿੱਚ ਛਾਪਿਆ ਗਿਆ।

ਪੰਜਾਬੀ ਕਹਾਣੀ ਦੇ ਪ੍ਰਸੰਗ ਵਿੱਚ ਇਹ ਗੱਲ ਵੀ ਖਾਸ ਵਰਣਨਯੋਗ ਹੈ ਕਿ ਪੰਜਾਬੀ ਅਕਾਦਮੀ ਦਿੱਲੀ ਨੇ ਪੰਜਾਬੀ ਕਹਾਣੀ ਦਾ ਇਤਿਹਾਸ ਤਿਆਰ ਕਰਵਾਇਆ ਹੈ। ਜਿਸ ਵਿੱਚ ਸਮੂਹ ਪੰਜਾਬੀ ਕਹਾਣੀਕਾਰਾਂ ਦੇ ਜੀਵਨ ਰਚਨਾ ਅਤੇ ਉਹਨਾਂ ਦੀਆਂ ਕਹਾਣੀਆਂ ਸੰਬੰਧੀ ਖੋਜ ਕਾਰਜ ਬਾਰੇ ਪ੍ਰਮਾਣਿਕ ਵੇਰਵੇ ਦਰਜ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹਨਾਂ ਉਪਰਾਲਿਆਂ ਦੇ ਫ਼ਲਸਰੂਪ ਅਜੋਕੇ ਸਮੇਂ ਵਿੱਚ ਪੰਜਾਬੀ ਦਾ ਕਥਾਨਾ ਇਕ ਨਵਾਂ ਅਤੇ ਨਿਵੇਕਲੇ ਪ੍ਰਸੰਗਾਂ ਦੀ ਤਲਾਸ਼ ਕਰਦਾ ਹੋਇਆ ਗਤੀਸ਼ੀਲਤਾ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਉਹ ਜੀਵਨ ਦੀਆਂ ਜਲਿਟ ਪ੍ਰਸਥਿਤੀਆਂ ਨਾਲ ਜੂਝਣ, ਵਿਕਸਿਤ ਜੀਵਨ ਅਨੁਭਵ ਦੇ ਵਿਭਿੰਨ ਧਰਾਤਲਾਂ ਨੂੰ ਪਛਾਨਣ ਅਤੇ ਅੰਤਰ ਵਿਰੋਧਾਂ ਦਾ ਪ੍ਰਗਟਾਵਾ ਕਰਨ ਦੇ ਯੋਗ ਬਣਦਾ ਜਾ ਰਿਹਾ ਹੈ। ਸੋ ਪੰਜਾਬੀ ਕਹਾਣੀ ਨੂੰ ਉਹ ਬੁਲੰਦੀਆਂ 'ਤੇ ਪਹੁੰਚਾਉਣ ਲਈ ਆਪਣੀ ਵੱਖਰੀ ਪਛਾਣ ਅਤੇ ਹੋਂਦ ਨੂੰ ਕਾਇਮ ਰੱਖਣ ਵਿੱਚ ਗੰਭੀਰ ਹੈ।

**ਸਾਰੰਸ਼:-**

ਉਪਰੋਕਤ ਚਰਚਾ ਦੇ ਅੰਤਰਗਤ ਅਸੀਂ ਇਸ ਸਿੱਟੇ ਉੱਪਰ ਪਹੁੰਚ ਦੇ ਹਾਂ ਕਿ ਪੰਜਾਬੀ ਕਹਾਣੀ ਦਾ ਰਚਨਾਤਮਕ ਸਫ਼ਰ ਬੜਾ ਗੌਰਵਮਈ ਹੈ। ਜ਼ਿੰਦਗੀ ਦੇ ਆਰ-ਪਾਰ ਫੈਲਦੀ ਹੋਈ ਪੰਜਾਬੀ ਕਹਾਣੀ ਚਿੰਤਨ ਅਤੇ ਚੇਤਨਾ ਪੱਖੋਂ ਨਿਰੰਤਰ ਗਤੀਸ਼ੀਲ ਰਹੀਂ ਹੈ ਅਤੇ ਆਪਣੇ ਉਦਭਵ ਤੋਂ ਹੀ ਪੰਜਾਬੀ ਕਹਾਣੀ ਤਿੱਖੀ ਤੋਰੇ ਤੁਰਦੀ ਹੋਈ ਵਰਤਮਾਨ ਸਥਿਤੀ ਤੱਕ ਪਹੁੰਚੀ ਹੈ। ਪੰਜਾਬੀ ਕਹਾਣੀ ਦਾ ਬਿੰਬ ਤਾਂ ਇਸਦੀ ਨਿਰੰਤਰਤਾ ਵਿੱਚ ਟੀਕਿਆ ਹੋਇਆ ਹੈ। ਪੰਜਾਬੀ ਕਹਾਣੀ ਦੇ ਰਚਨਾਤਮਕ ਵਿਕਾਸ ਦੇ ਪੜਾਵਾਂ ਵਿੱਚ ਕਰੜੀ ਵੰਡ ਵਿੱਚ ਇਸ ਲਈ ਨਹੀਂ ਵੰਡਿਆਂ ਜਾ ਸਕਦਾ ਕਿਉਂਕਿ ਪੰਜਾਬੀ ਕਹਾਣੀ ਤਾਂ ਤਿੱਖੀ ਤੋਰੇ ਨਿਰੰਤਰ ਫੈਲਦੀ ਰਹੀ ਹੈ। ਹਰ ਕਾਲ ਵਿੱਚ ਇਸਦੀ ਪ੍ਰਾਪਤੀ ਨਵੇਂ ਮੁਹਾਵਰੇ ਵਾਲੀ ਰਹੀ ਹੈ ਇਹ ਸਮੁੱਚੀ ਪ੍ਰਾਪਤੀ ਨਿਰਸੰਦੇਹ ਬੜੀ ਅਰਥ ਭਰਪੂਰ ਅਤੇ ਨਵੀਆਂ ਸੰਭਾਵਨਾਵਾਂ ਵਾਲੀ ਹੈ।

## 1.4 ਪੰਜਾਬੀ ਨਾਵਲ ਦਾ ਅਰਥ ਅਤੇ ਪਰਿਭਾਸ਼ਾ

ਨਾਵਲ ਪੰਜਾਬੀ ਗਲਪ ਸਾਹਿਤ ਦਾ ਇਕ ਮਹੱਤਵਪੂਰਨ ਰੂਪ ਹੈ। ਕੋਸ਼ਗਤ ਅਰਥ ਅਨੁਸਾਰ, "ਨਾਵਲ ਅੰਗਰੇਜੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਲਾਤੀਨੀ ਭਾਸ਼ਾ ਦੇ Novella ਸ਼ਬਦ ਹੈ। "Novel" ਸ਼ਬਦ ਨਵੇਂ ਦੇ ਅਰਥਾਂ ਵਜੋਂ ਵਰਤਿਆਂ ਜਾਂਦਾ ਹੈ। ਫ਼ਰਾਂਸੀਸੀ ਸ਼ਬਦ (Novellus) ਵੀ ਉਪਰੋਕਤ ਅਰਥਾਂ 'ਚੋਂ ਹੀ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿਚ Novel ਸ਼ਬਦ ਛੋਟੀ ਕਹਾਣੀ ਲਈ ਵਰਤਿਆ ਜਾਂਦਾ ਹੈ। Novel ਦਾ ਪ੍ਰਾਇਵਾਚੀ ਹਿੰਦੀ ਭਾਸ਼ਾ ਦਾ ਸ਼ਬਦ 'ਉਪਨਿਆਸ' ਹੈ। 'ਉਪਨਿਆਸ' ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਵਿਚ ਹੈ। ਇਸ ਦਾ ਭਾਵ ਵੀ 'ਕਲਪਿਤ ਕਥਾ' ਹੈ।"[34] ਸੋ ਅਸੀਂ ਨਾਵਲ ਅਤੇ ਉਪਨਿਆਸ ਨੂੰ ਮੂਲ ਭਾਵਾਂ ਅਨੁਸਾਰ ਇੰਝ ਪ੍ਰਗਟਾਅ ਸਕਦੇ ਹਾਂ ਕਿ ਇਸ ਵਿਚ ਜ਼ਿੰਦਗੀ ਦੀ ਲੰਮੀ ਕਹਾਣੀ ਨੂੰ ਨਾਵਾਂ, ਥਾਵਾਂ ਅਤੇ ਘਟਨਾਵਾਂ ਦੀ ਸਹਾਇਤਾ ਨਾਲ ਯੋਗਭਾਸ਼ਾ ਰਾਹੀਂ ਸਮਕਾਲੀ ਸਮਾਜ ਦੇ ਸੰਦਰਭ ਵਿਚ ਨਵੀਂਨਤਾ ਦੀ ਦ੍ਰਿਸ਼ਟੀ ਅਤੇ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ। ਨਾਵਲ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿਚ ਘਟਨਾਵਾਂ ਨੂੰ ਲੰਮੇ ਕਾਲ ਖੰਡ ਵਿਚ ਬਿਆਨ ਕੀਤਾ ਹੁੰਦਾ ਹੈ। ਨਾਵਲ ਇਕ ਅਜਿਹੀ ਰਚਨਾ ਹੈ ਜਿਸ ਦੀ ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿਚ ਨਵੀਂਨ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਨਾਵਲ ਸ਼ਬਦ ਦਾ ਅਰਥ ਨਵੀਂਨ ਜਾਂ ਨਵਾਂ ਭਾਵ ਇੱਕ ਨਵਾਂ ਸਾਹਿਤਕ ਰੂਪ ਹੈ ਜਿਸ ਵਿੱਚ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਪਾਤਰਾਂ ਰਾਹੀਂ ਕਹਾਣੀ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਭਰਪੂਰ ਲੰਬੀ ਕਹਾਣੀ ਹੋਂਦ ਵਿੱਚ ਆਈ ਇਸ ਨੂੰ ਨਾਵਲ ਕਿਹਾ ਗਿਆ ਪਰ ਹੁਣ ਚਾਰ ਸੌ ਸਾਲ ਬੀਤ ਜਾਣ ਤੋਂ ਬਾਅਦ ਵੀ ਉਹੀ ਨਾਂ ਚੱਲਿਆ ਆਉਂਦਾ ਹੈ।

ਹਿੰਦੀ ਵਿੱਚ ਨਾਵਲ ਨੂੰ ਉਪਨਿਆਸ ਵੀ ਕਹਿੰਦੇ ਹਨ। ਇਸ ਦੇ ਪੁਰਾਣੇ ਨਾਮ ਦੋ ਹਨ 'ਕਥਾ' ਤੇ 'ਅਖਾਇਕਾਂ' ਜਾਂ 'ਉਪਾਖਿਆਨ'। ਇਹਨਾਂ ਦੋਵਾਂ ਵਿੱਚ ਪ੍ਰਸਿੱਧ ਆਲੋਚਕ ਦੰਡੀ ਦੇ ਅਨੁਸਾਰ, "ਕੇਵਲ ਇਨ੍ਹਾਂ ਹੀ ਅੰਤਰ ਹੈ ਕਿ 'ਅਖਾਇਕਾਂ' ਉਹ ਕਥਾ ਹੈ ਜਿਸ ਦੀ ਵਾਰਤਾ ਨਾਇਕ ਦੇ ਮੂੰਹੋਂ ਕੀਤੀ ਜਾਵੇ। ਉਪਨਿਆਸ (ਉਪ+ਨਿਆਸ) ਦਾ ਅਰਥ ਹੈ ਸਾਹਮਣੇ ਰੱਖਣਾ। ਇਹ ਨਾਂ ਢੁੱਕਵਾਂ ਨਹੀਂ ਲੱਗਦਾ ਪਰ ਪ੍ਰਚਲਿਤ ਜ਼ਰੂਰ ਹੈ। ਪ੍ਰਾਚੀਨ ਭਾਰਤੀ ਸਾਹਿਤ ਵਿੱਚ ਵੀ ਨਾਵਲ ਜਿਹੇ ਨਮੂਨੇ ਮਿਲਦੇ ਹਨ ਪਰ ਇਹਨਾਂ ਨੂੰ ਨਾਵਲ ਨਹੀਂ ਕਿਹਾ ਜਾ ਸਕਦਾ। ਜਿਵੇਂ ਬੁੱਧ ਬਾਰੇ ਜਾਤਕ ਕਹਾਣੀਆਂ ਦੀ ਲੜੀ 'ਪੰਚਤੰਤਰ' ਅਤੇ 'ਹਿਤੋਪਦੇਸ਼'। ਜਾਤਕ ਕਹਾਣੀਆਂ ਵਿੱਚ ਨਾਇਕ ਦੀ ਏਕਤਾ ਹੈ ਪਰ ਇਸ ਲੜੀ ਵਿੱਚ ਰੁਮਾਂਸ 'ਤੇ ਪਿਕੇਰਸਕ ਨਾਵਲ ਦੀ ਮਾਤਰਾ ਬਹੁਤੀ ਹੈ। ਜਿਵੇਂ ਕਿ ਪਿਛਲੇ ਜਨਮਾਂ ਦੇ ਗੇੜੇ ਅਤੇ ਸਾਹਸੀ ਘਟਨਾਵਾਂ ਦੀ ਭਰਮਾਰ ਹੈ। 'ਪੰਚਤੰਤਰ' ਅਤੇ 'ਹਿਤੋਪਦੇਸ਼' ਵਿੱਚ ਲੰਬੀਆਂ ਕਹਾਣੀਆਂ ਹਨ। ਜਿਹਨਾਂ ਨੂੰ ਨਾਵਲੈਟ ਕਿਹਾ ਜਾ ਸਕਦਾ ਹੈ। ਇਹ ਯਥਾਰਥਕ ਤਾਂ ਹਨ ਪਰ ਪੈਰਾਂ ਤੋਂ ਲੈ ਕਿ ਚੋਟੀ ਤੱਕ ਨਹੀਂ। ਪਰ ਇਹਨਾਂ ਦੇ ਪਾਤਰ ਫ਼ੇਬੁਲਾ ਵਾਂਗ ਪਸ਼ੂ ਪੰਛੀ ਵੀ ਹਨ ਅਤੇ ਉਪਦੇਸ਼ਾਂ ਦਾ ਤੱਤ ਵੀ ਹੈ। ਇਹ ਨਾਵਲੈਟ ਆਪਣੀ ਕਿਸਮ ਦੇ ਨਿਰਾਲੇ ਨਮੂਨੇ ਹਨ ਜੋ ਆਪਣੇ ਸਮਿਆਂ ਵਿੱਚ ਨਾਵਲ ਕਲਾ ਦੇ ਵਧੀਆ ਨਮੂਨੇ ਸਨ। ਇਹਨਾਂ

ਦੀ ਪ੍ਰਸਿੱਧੀ ਸਾਰੇ ਯੂਰਪ ਵਿੱਚ ਫੈਲ ਗਈ, ਚਾਸਰ ਕਵੀ ਦੀ 'ਟੇਲਸ ਆਫ਼ ਕੈਟਰ ਬਰੀ' ਵਿੱਚ ਇਹਨਾਂ ਦਾ ਪ੍ਰਮਾਣ ਮਿਲਦਾ ਹੈ।"[35]

ਇਸ ਤਰ੍ਹਾਂ ਜੋਗਿੰਦਰ ਸਿੰਘ ਰਾਹੀਂ ਆਪਣੀ ਕਿਤਾਬ ਮਸਲੇ ਗਲਪ ਦੇ ਵਿਚ ਨਾਵਲ ਬਾਰੇ ਲਿਖਦੇ ਹਨ, "ਨਾਵਲ ਇਕ ਲੰਮੀ ਗਦ-ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤ੍ਰਣ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ। ਥੀਮ-ਸਿਰਜਨ ਤੇ ਰੂਪਨ-ਪ੍ਰਤਿਰੂਪਨ ਦੀਆਂ ਸੰਭਾਵਨਾਵਾਂ ਕਰਕੇ ਇਹ ਬੇਸ਼ਕ ਇਕ ਖੁੱਲ੍ਹਾ ਰੂਪ ਹੈ। ਮਿਥਕ ਤੋਂ ਯਥਾਰਥਕ ਤੱਕ ਦੇ ਤੇ ਯਥਾਰਥਕ ਤੋਂ ਫ਼ੰਤਾਸੀ ਤੱਕ ਦੀਆਂ ਯੁਗਤਾਂ ਇਸ ਵਿਚ ਅਨੇਕ ਰੂਪ ਲੈਂਦੀਆਂ ਹਨ। ਪਰ ਪਾਤਰਾਵਲੀ, ਕਾਰਜ ਅਤੇ ਵਾਰਤਾਲਾਪ ਆਦਿ ਵਿਚ ਜ਼ਿੰਦਗੀ ਦੀ ਵਾਸਤਵਿਕਤਾ ਨਾਲ ਮੇਲ ਖਾਂਦੇ ਹਵਾਲੇ ਜਿਵੇਂ ਨਾਵਲ ਵਿਚ ਉਭਰਦੇ ਹਨ, ਤਿਵੇਂ ਸਾਹਿਤ ਦੇ ਕਿਸੇ ਹੋਰ ਰੂਪ ਵਿਚ ਨਹੀਂ ਉਭਰਦੇ, ਖਾਸ ਕਰਕੇ ਪਾਤਰਾਂ ਦੀ ਉੱਚਾਰਣੀ ਭਾਸ਼ਾਂ ਦੇ ਰੂਪ ਵਿਚ।"[36]

**ਪਰਿਭਾਸ਼ਾ:** -

ਡਾ. ਰੋਸ਼ਨ ਲਾਲ ਅਹੂਜਾ ਅਨੁਸਾਰ, "ਨਾਵਲ ਸਧਾਰਨ ਜੀਵਨ ਦਾ ਇਕ ਕਲਿਪਤ ਪਰ ਯਥਾਰਥ ਚਰਿੱਤਰ ਹੈ।"[37]

ਰਾਲਫ ਫ਼ਾਕਸ ਦੇ ਸ਼ਬਦਾਂ ਵਿੱਚ, "ਨਾਵਲ ਕਹਾਣੀ ਕਰਨ ਦੀ ਇੱਕ ਮਹਾਨ ਲੋਕ ਕਲਾ ਹੈ ਜਿਸ ਦਾ ਵਿਸ਼ਾ ਸੰਪੂਰਨ ਮਨੁੱਸ਼ ਚਰਿੱਤਰ ਹੈ।"[38]

ਸਰ ਹੈਨਰੀ ਜੇਹਜ਼ ਦੇ ਅਨੁਸਾਰ, "ਇਕ ਉੱਤਮ ਨਾਵਲੀ ਰਚਨਾ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਉਸ ਦੇ ਰਚਨਹਾਰ ਨਾਵਲਕਾਰ ਨੂੰ ਸਮਕਾਲੀ ਜੀਵਨ ਦਾ ਡੂੰਗਾ ਅਨੁਭਵ ਅਤੇ ਵਿਸ਼ਾਲ ਤਜਰਬਾ ਹੋਵੇ, ਉਸ ਨੂੰ ਸਮਾਜ ਦੇ ਹਰ ਵਰਗ ਬਾਰੇ ਨੇੜੇ ਦੀ ਜਾਣਕਾਰੀ ਪ੍ਰਾਪਤ ਹੋਵੇ।"[39]

ਰਿਚਰਡ ਬਰਟਨ ਅਨੁਸਾਰ, "ਨਾਵਲ ਸਮਕਾਲੀ ਜੀਵਨ ਦਾ ਗੱਦ ਵਿਚ ਰਚਿਆਂ ਅਧਿਐਨ ਹੈ।"[40]

H. G. Wells ਅਨੁਸਾਰ, "ਨਾਵਲ ਇਕ ਨੁਕਸਾਨ ਰਹਿਤ ਨਸ਼ਾ ਹੈ ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ ਜਦੋਂ ਮਨੁੱਖੀ ਦਿਮਾਗ ਖ਼ਾਲੀ ਹੋਵੇ ਜਾਂ ਮਨੁੱਖ ਕੋਲ ਕਾਫ਼ੀ ਵਿਹਲ ਹੋਵੇ।"[41]

Cleanth Brooks and Austen Warren ਅਨੁਸਾਰ, "ਨਾਵਲ ਇਕ ਤਰ੍ਹਾਂ ਨਾਲ ਸਾਡੀ ਜੀਵਨ ਪ੍ਰਕਿਰੀਆ ਦਾ ਸਿਰਜਣਾਤਮਕ ਬਿੰਬ ਹੈ ਜਿਸ ਵਿਚਲਾ ਅਰਥ ਅਨੁਭਵ ਤੋਂ ਜਨਮ ਲੈਂਦਾ ਹੈ।"[42] (The Scope of Fiction, p.230)

ਕੈਥਰੀਨ ਲੀਵਰ ਅਨੁਸਾਰ, "ਨਾਵਲ ਲਿਖਤੀ ਵਾਰਤਕ ਦਾ ਉਹ ਲੰਮਾ ਬਿਰਤਾਂਤ ਹੈ ਜੋ ਪਾਠਕ ਨੂੰ ਆਪਣੇ ਕਲਪਤ ਪਰ ਯਥਾਰਥ ਲਗਦੇ ਸੰਸਾਰ ਨਾਲ ਇਜ ਜੋੜ ਲੈਂਦਾ ਹੈ ਕਿ ਉਸ ਨੂੰ ਲੇਖਕ ਦੀ ਰਚਨਾਤਮਕਤਾ ਕਾਰਨ, ਇਹ ਨਵਾਂ-ਨਵਾਂ ਲੱਗਣ ਲਗ ਜਾਂਦਾ ਹੈ।"[43]

ਡਾ. ਸ਼ਵਿੰਦਰ ਸਿੰਘ ਉੱਪਲ ਦੇ ਅਨੁਸਾਰ, "ਨਾਵਲ ਵਿਧੀ ਅਨੁਸਾਰ ਪੰਜ ਪ੍ਰਮੁੱਖ ਵਿਸ਼ੇਸ਼ਤਾਵਾਂ- ਜੀਵਨ, ਫ਼ਲਸਫਾ, ਪਲਾਟ, ਵਾਤਾਵਰਨ ਅਤੇ ਵਾਰਤਾਲਾਪ ਦਾ ਨਾਵਲ ਵਿੱਚ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ।''[44]

## 1.5 ਪੰਜਾਬੀ ਨਾਵਲ ਦੇ ਪ੍ਰਮੁੱਖ ਤੱਤ

(ੳ) ਪਲਾਟ

(ਅ) ਪਾਤਰ-ਉਸਾਰੀ

(ੲ) ਵਾਰਤਾਲਾਪ

(ਸ) ਵਾਤਾਵਰਨ

(ਹ) ਸ਼ੈਲੀ

(ਕ) ਉਦੇਸ਼

**ਪਲਾਟ :-**

ਨਾਵਲੀ-ਰਚਨਾ ਵਿਚ ਪ੍ਰਮੁੱਖ ਵਸਤੂ ਨਾਵਲ ਦਾ ਕਥਾ-ਜਗਤ ਅਥਵਾ ਕਹਾਣੀ ਹੁੰਦੀ ਹੈ। ਇਸ ਕਹਾਣੀ ਅਥਵਾ ਕਥਾ-ਵਸਤੂ ਨੂੰ ਤਰਤੀਬ ਵਿਚ ਬੰਨ੍ਹ ਕੇ ਪਲਾਟ ਹੀ ਪੇਸ਼ ਕਰਦਾ ਹੈ। ਪਲਾਟ ਨਾਵਲੀ ਥੀਮ ਨੂੰ ਸੰਗਠਨ ਕਰਨ ਦਾ ਨਾਮ ਵੀ ਹੈ। ਕੁਝ ਲੋਕ ਕਹਾਣੀ ਨੂੰ ਹੀ ਪਲਾਟ ਕਹਿ ਦਿੰਦੇ ਹਨ, ਕਿਉਂਕਿ ਨਾਵਲ ਵਿਆਪਕ-ਜੀਵਨ ਨਾਲ ਸਬੰਧਤ ਹੁੰਦਾ ਹੈ, ਇਸ ਲਈ ਬੁਨਿਆਦੀ ਤੌਰ ਇਹ ਯਥਾਰਥਕ ਸਾਹਿਤ ਹੈ। ਇਸ ਨਾਵਲੀ ਕਹਾਣੀ ਦਾ ਅਕਾਰ F.M.Forster ਅਨੁਸਾਰ 50000 ਸ਼ਬਦਾਂ ਦਾ ਜਰੂਰ ਹੋਣਾ ਚਾਹੀਦਾ ਹੈ, ਪ੍ਰਾਪਤ ਨਾਵਲਾਂ ਵਿਚ ਅਕਸਰ 50 ਤੋਂ 1000 ਪੰਨੇ ਤੱਕ ਦੇ ਅਕਾਰ ਵਾਲੇ ਮਿਲਦੇ ਹਨ। ਪਲਾਟ ਦੁਆਰਾ ਹੀ ਨਾਵਲੀ ਕਹਾਣੀ ਵਿਚ ਰੌਚਕਤਾ ਅਤੇ ਸਾਹਿਕਤਾ ਦਾ ਅੰਸ਼ ਆਉਂਦਾ ਹੈ। ਅਰਸਤੂ ਨੇ ਆਪਣੇ ਕਾਵਿ-ਸ਼ਾਸਤਰ 'The poetics' ਵਿਚ ਪਲਾਟ ਨੂੰ ਬਹੁਤ ਮਹੱਤਵ ਦਿੱਤਾ ਹੈ। ਉਹ ਪਲਾਟ ਨੂੰ 'ਤ੍ਰਾਸਦੀ ਦੀ ਆਤਮਾ' ਦਾ ਨਾਂ ਦਿੰਦਾ ਹੈ। ਉਹ ਪਲਾਟ ਨੂੰ ਘਟਨਾਵਾਂ ਦੀ ਕਲਾਤਮਕ ਵਿਉਂਤਬੰਦੀ ਕਹਿੰਦਾ ਹੈ। ਉਹ ਅਜਿਹੇ ਪਲਾਟ ਨੂੰ ਤਰਜੀਹ ਦਿੰਦਾ ਹੈ, ਜੋ ਸੰਪੂਰਨ ਹੋਵੇ, ਅਰਥਾਤ ਜਿਸ ਦਾ ਇਕ ਨਿਸਚਿਤ ਆਰੰਭ ਹੋਵੇ, ਇਕ ਮੱਧ ਹੋਵੇ ਅਤੇ ਨਿਸਚਿਤ ਅੰਤ ਵੀ ਹੋਵੇ। ਉਹ ਪਲਾਟ ਦੀ ਏਕਤਾ ਨੂੰ ਇਸ

ਦਾ ਇਕ ਜ਼ਰੂਰੀ ਗੁਣ ਮੰਨਦਾ ਹੈ। ਏਕਤਾ ਦਾ ਅਰਥ ਉਹ ਇਹ ਦੱਸਦਾ ਹੈ ਕਿ ਪਲਾਟ ਵਿਚੋਂ ਕਿਸੇ ਇਕ ਘਟਨਾ ਨੂੰ ਵੀ ਕੱਢ ਦਿੱਤਾ ਜਾਵੇ ਤਾਂ ਪਲਾਟ ਵਿਚੋਂ ਏਕਤਾ ਪੂਰੀ ਤਰ੍ਹਾਂ ਨਾਲ ਬਿਖਰ ਜਾਵੇਗੀ। ਅਰਸਤੂ ਨੇ ਪਲਾਟ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਹਨ:-

(1) ਇਕਹਿਰਾ (simple) ਪਲਾਟ

(2) ਗੁੰਝਲਦਾਰ (complex) ਪਲਾਟ

ਅਰਸਤੂ ਇਕਹਿਰੇ ਪਲਾਟ ਨਾਲੋਂ ਗੁੰਝਲਦਾਰ ਪਲਾਟ ਨੂੰ ਤਰਜੀਹ ਦਿੰਦਾ ਹੈ। ਉਹ ਪਾਤਰ-ਚਿਤਰਨ ਨਾਲੋਂ ਪਲਾਟ ਨੂੰ ਵਧੇਰੇ ਮਹੱਤਵਪੂਰਣ ਮੰਨਦਾ ਹੈ।

"**W.H. Hudson** ਨਾਵਲ ਵਿੱਚ ਪਲਾਟ ਦੀ ਮਹਾਨਤਾ ਬਾਰੇ ਵਿਚਾਰ ਕਰਦੇ ਹੋਏ ਲਿਖਦਾ ਹੈ,

"In dealing with plot structure we may distinguish roughly between two kinds of novel . I say way roughly because the types though clearly defined shades into one and another by imperceptible gradations.These are what we may call respectively the novel of loose plot and the Novel Oraganic Plot."[45]

ਇਸ ਤਰ੍ਹਾਂ ਪਲਾਟ ਨਾਵਲ ਦੀ ਰਚਨਾਂ ਦਾ ਮੂਲ ਅਧਾਰ ਹੁੰਦਾ ਹੈ। ਜਿਥੇ ਨਾਵਲ ਦਾ ਭਵਿੱਖ ਉਸ ਦਾ ਕਥਾਨਕ ਵਸਤੂ ਜਗਤ ਹੁੰਦਾ ਹੈ, ਉਥੇ ਪਲਾਟ ਦਾ ਇਕ ਅੰਗ ਇਸ ਦਾ ਸ਼ੈਲੀਗਤ ਨਿਰਮਾਣ ਵੀ ਹੁੰਦਾ ਹੈ। ਚੰਗੇ ਪਲਾਟ ਵਿੱਚ ਘਟਨਾਵਾਂ ਆਪਸ ਵਿੱਚ ਸਭਾਵਿਕ ਤੌਰ ਤੇ ਸਬੰਧਿਤ ਹੁੰਦੀਆਂ ਹਨ। ਨਾਵਲੀ ਪਲਾਟ ਦਾ ਇਕ ਮਹੱਤਵਪੂਰਨ ਗੁਣ ਇਸ ਦਾ ਰੌਚਕ ਹੋਣਾ ਵੀ ਹੈ।

**ਪਾਤਰ-ਉਸਾਰੀ:-**

ਪੱਛਮੀ ਸਾਹਿਤ ਵਿਚ ਪਾਤਰ-ਉਸਾਰੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਰਿਹਾ ਹੈ। ਪ੍ਰਤੀਕ ਕਥਾ, ਨੀਤੀ-ਕਥਾ, ਪਸ਼ੂ-ਕਥਾ ਆਦਿ ਵਿਚ ਪਾਤਰਾਂ ਦੀ ਸਿਰਜਣਾ ਹੁੰਦੀ ਹੈ। ਨਾਵਲ ਵਿਚ ਪਾਤਰ ਹੀ ਘਟਨਾਵਾਂ ਨੂੰ ਭੋਗਦੇ ਹਨ। ਪਾਤਰ ਹੀ ਮਾਨਵ ਦੀ ਦੁੱਖ-ਸੁੱਖ ਭਰਪੂਰ ਕਹਾਣੀ ਨਾਲ ਸਬੰਧਤ ਹੁੰਦੇ ਹਨ। ਨਾਵਲ ਦਾ ਸਬੰਧ ਮਨੁੱਖੀ ਜ਼ਿੰਦਗੀ ਨਾਲ ਹੈ। ਇਸ ਲਈ ਕਿਸੇ ਵੀ ਨਾਵਲ ਦੇ ਪਾਤਰ ਜ਼ਿੰਦਗੀ ਵਿਚ ਆਮ ਮਿਲਦੇ ਪਾਤਰ ਹੋਣੇ ਚਾਹੀਦੇ ਹਨ। ਪਾਤਰਾਂ ਦੀ ਅਤਰੀਵੀ ਸੋਚ ਅਤੇ ਬਾਹਰੀ ਲਿਬਾਸ ਵੀ ਜ਼ਿੰਦਗੀ ਵਿਚ ਮਿਲਦੇ ਮਨੁੱਖਾ ਵਾਲਾ ਹੋਣ ਚਾਹੀਦਾ ਹੈ, ਕਿਉਂਕਿ ਨਾਵਲਕਾਰ ਨੇ ਪਾਤਰਾਂ ਦੇ ਨਿੱਜੀ ਵਿਚਾਰਾਂ ਤੇ ਵਿਹਾਰਾਂ ਦਾ ਸਧਾਰਨੀਕਰਨ ਕਰਨਾ ਹੁੰਦਾ ਹੈ। ਪਾਤਰ ਉਸਾਰੀ ਲਈ ਦੋ ਵਿਰੋਧੀ ਢੰਗਾ ਦੀ ਵਰਤੋਂ ਕੀਤੀ ਜਾਂਦੀ ਹੈ ਇਕ ਪ੍ਰਤੱਖ ਦੀ ਪੱਧਰ ਤੇ ਅਤੇ ਦੂਸਰੀ ਅਪ੍ਰਤੱਖ ਦੀ ਪੱਧਰ ਤੇ। ਪ੍ਰਤੱਖ

ਦੀ ਪੱਧਰ ਤੇ ਨਾਵਲਕਾਰ ਪਾਤਰਾਂ ਦੇ ਪੋਟਰੇਟ ਪੇਸ਼ ਕਰਦਾ ਹੈ ਪਰ ਦੂਸਰੇ ਢੰਗ ਨਾਲ ਅਥਵਾ ਅਪ੍ਰਤੱਖ ਵਿਧੀ ਨਾਲ ਨਾਵਲਕਾਰ ਆਪਣੀਆਂ ਟਿੱਪਣੀਆਂ ਜਾਂ ਦੂਸਰੇ ਪਾਤਰਾਂ ਬਾਰੇ ਰਾਏ ਤੇ ਪਾਤਰ ਉਸਾਰੀ ਕਰਦਾ ਹੈ

(1) ਪੱਧਰੇ ਪਾਤਰ

(2) ਗੋਲ ਪਾਤਰ

ਨਾਵਲੀ ਕਾਰਜ ਪ੍ਰਕਿਰਿਆ ਵਿੱਚ ਪੱਧਰੇ ਪਾਤਰ ਵਧੇਰੇ ਸਫ਼ਲ ਨਹੀਂ ਹੁੰਦੇ ਸਗੋਂ ਵਿਕਾਸ ਕਰਦੇ ਸਥਿਤੀਆਂ ਅਨੁਸਾਰ ਬਦਲਦੇ ਗੋਲ ਪਾਤਰ ਵਧੇਰੇ ਸਫ਼ਲ ਰਹਿੰਦੇ ਹਨ। ਪਾਤਰ ਅਤੇ ਪਾਤਰ ਉਸਾਰੀ ਨੂੰ ਪੇਸ਼ ਕਰਦੇ ਸਮੇਂ ਨਾਵਲਕਾਰ ਇਸ ਗੱਲ ਦਾ ਖਾਸ ਧਿਆਨ ਰੱਖਦਾ ਹੈ ਕਿ ਉਸ ਦੇ ਪਾਤਰ ਸਮਾਜ ਵਿੱਚ ਪ੍ਰਾਪਤ ਮਨੁੱਖੀ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਕਰਦੇ ਹੋਣ। ਇਹ ਪ੍ਰਤੀਨਿੱਧਤਾ ਜੀਵਨ ਦੇ ਹਰ ਵਰਗ ਦੀ ਹੋਣੀ ਚਾਹੀਦੀ ਹੈ। ਪਾਤਰਾਂ ਵਿਚਲੀ ਭਾਵਾਤਮਕ ਸੁਹਿਰਦਤਾ ਨਾਵਲ ਦੀ ਸਫ਼ਲਤਾ ਦਾ ਕਾਰਨ ਹੁੰਦੀ ਹੈ। ਇਸ ਸੋਚ ਅਧੀਨ ਹੀ ਪਾਤਰਾਂ ਵਿਚ ਮਾਨਵਵਾਦੀ ਵਿਚਾਰਾਂ ਦਾ ਸੰਚਾਰ ਹੁੰਦਾ ਹੈ। ਇਸੇ ਤੱਤ ਨੇ ਪਾਠਕ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ। ਪਾਤਰ ਜਾਂ ਪਾਤਰ ਉਸਾਰੀ ਉਹੀ ਸਫ਼ਲ ਮੰਨੀ ਜਾ ਸਕਦੀ ਹੈ ਜਿਸ ਨੂੰ ਪੜ੍ਹਨ ਸਮੇਂ ਪਾਠਕ ਇਹ ਮਹਿਸੂਸ ਕਰਨ ਕਿ ਇਨ੍ਹਾਂ ਪਾਤਰਾਂ ਦਾ ਦੁੱਖ-ਸੁੱਖ, ਇਨ੍ਹਾਂ ਦੇ ਹਾਵ-ਭਾਵ ਅਸਲ ਵਿਚ ਉਸ ਦੇ ਆਪਣੇ ਹੀ ਹਨ। ਇਨ੍ਹਾਂ ਦੀਆਂ ਸਥਿਤੀਆਂ ਵੀ ਉਸ ਦੀਆਂ ਆਪਣੀਆਂ ਹੀ ਸਥਿਤੀਆਂ ਹਨ।

ਵਿਦਵਾਨਾਂ ਦਾ ਵਿਚਾਰ ਹੈ ਕਿ ਨਾਵਲ ਵਿਚ ਪਾਤਰਾਂ ਦੀ ਪਾਤਰ ਉਸਾਰੀ ਸੰਜੀਵਤਾ, ਸੱਚਾਈ, ਸੁਭਾਵਿਕਤਾ ਦੇ ਨਾਲ-ਨਾਲ ਇਕ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਪਾਤਰ ਦੀ ਪ੍ਰਕਿਰਤੀ ਤੇ ਪ੍ਰਵਿਰਤੀ ਦੇ ਅਨੁਸਾਰ ਹੀ ਉਸ ਦਾ ਕਾਰਜ ਅਤੇ ਹੋਰ ਗੱਲਾਂ ਹੋਣੀਆਂ ਚਾਹੀਦੀਆਂ ਹਨ। ਇਸ ਵਿਚ ਜੋ ਪਾਤਰ ਹੈ ਉਹ ਸ੍ਰੇਣੀ ਦੀ ਪ੍ਰਤੀਨਿਧਤਾ ਕਰਦਾ ਹੋਵੇ। ਉਹ ਸੁਭਾਵਿਕ ਪ੍ਰਤੀਤ ਹੋਵੇ, ਉਸ ਦੁਆਰਾ ਕੀਤੇ ਜਾਣ ਵਾਲੇ ਕਠਨ ਅਤੇ ਅਜੀਬ ਕੰਮ ਵੀ ਉਸ ਦੀ ਸਖ਼ਸੀਅਤ ਅਨੁਸਾਰ ਢੁੱਕਵੇਂ ਹੋਣ।

**ਵਾਰਤਾਲਾਪ:-**

ਨਾਵਲ ਵਿਚ ਵਾਰਤਾਲਾਪ ਭਾਵੇਂ ਨਾਟਕ ਵਾਂਗ ਕੇਂਦਰੀ ਮਹਾਨਤਾ ਤਾਂ ਨਹੀਂ, ਪਰ ਫਿਰ ਵੀ ਨਾਟਕੀ ਬਣਤਰ ਵਿਚ ਇਨ੍ਹਾਂ ਦੀ ਆਪਣੀ ਵਿਸ਼ੇਸ਼ ਥਾਂ ਹੁੰਦੀ ਹੈ। ਵਾਰਤਾਲਾਪ ਜਾਂ ਸੰਵਾਦ ਨਾਵਲੀ ਘਟਨਾਵਾਂ ਨੂੰ ਸੰਭਾਵਿਤ ਰੂਪ ਵਿਚ, ਆਪਸ ਵਿਚ ਜੋੜਦੇ ਹਨ, ਨਾਵਲੀ ਕਥਾ ਨੂੰ ਗਤੀ ਬਖਸ਼ਦੇ ਹਨ, ਪਾਤਰਾਂ ਦੀ ਉਸਾਰੀ ਕਰਦੇ ਹਨ ਅਤੇ ਨਾਵਲੀ ਥੀਮ ਨੂੰ ਇਕ ਸੇਧ ਪ੍ਰਦਾਨ ਕਰਦੇ ਹਨ। ਜਿਹੜੇ ਸੰਵਾਦ ਇਨ੍ਹਾਂ ਲੋੜਾਂ ਦੀ ਪੂਰਤੀ ਨਹੀਂ ਕਰਦੇ, ਉਨ੍ਹਾਂ ਨੂੰ ਨਾਵਲੀ-ਜਗਤ ਵਿਚ ਸਫ਼ਲ ਸੰਵਾਦ ਨਹੀਂ ਮੰਨਿਆ ਜਾਂਦਾ ਸਗੋਂ ਅਜਿਹੇ ਅਰਥਹੀਣ ਸੰਵਾਦ ਨਾਵਲੀ ਰਚਨਾ ਦੇ ਮੁੱਲ ਨੂੰ ਘਟਾਉਂਦੇ ਹਨ। 'ਹਸਨ' ਨਾਵਲੀ ਸੰਵਾਦ ਬਾਰੇ ਵਿਚਾਰ ਕਰਦਾ ਹੋਇਆ ਲਿਖਦਾ ਹੈ,

**"In the first plase, it (Dialogue) should always constitute an organic element in the story; that is, it should really contribute directly or indirectly, either to the movement of the plot or to the elucidation of characters in their relations with it."[46]**

ਵਾਰਤਾਲਾਪ ਦਾ ਮੁੱਖ ਕੰਮ ਇਕ ਸੰਗਠਤ ਪਲਾਟ ਦੀ ਉਸਾਰੀ ਕਰਨਾ ਅਤੇ ਪ੍ਰਤੱਖ ਜਾਂ ਅਪ੍ਰਤੱਖ ਨਾਲ ਨਾਟਕੀ ਥੀਮ ਦੀ ਵਿਆਖਿਆ ਕਰਨਾ ਅਤੇ ਪਾਤਰਾਂ ਦੀ ਯੋਗ ਵਿਆਖਿਆ ਕਰਨਾ ਹੁੰਦਾ ਹੈ। ਵਿਦਵਾਨ ਆਲੋਚਕਾਂ ਦਾ ਵਿਚਾਰ ਹੈ ਕਿ ਨਾਵਲੀ ਰਚਨਾ ਦੇ ਵਾਰਤਾਲਾਪ ਬੜੇ ਸੁਭਾਵਿਕ ਹੋਣੇ ਚਾਹੀਦੇ ਹਨ। ਵਾਰਤਾਲਾਪ ਦੀ ਸਥਿਤੀ, ਕਥਾਨਕ ਦੀ ਸਜੀਵਤਾ ਅਤੇ ਸੁਭਾਵਿਕ ਸਮੇਂ ਅਨੁਸਾਰ ਹੋਣੀ ਚਾਹੀਦੀ ਹੈ। ਵਾਰਤਾਲਾਪ ਦਾ ਪ੍ਰਮੁੱਖ ਕੰਮ ਪਾਤਰਾਂ ਦੀ ਮਾਨਸਿਕ ਉਸਾਰੀ ਕਰਨਾ ਹੈ। ਕਿਸੇ ਵੀ ਨਾਵਲੀ ਰਚਨਾ ਵਿਚ ਅਸੰਗਤ ਵਾਰਤਾਲਾਪ ਸਾਰੇ ਪ੍ਰਭਾਵ ਨੂੰ ਨਸ਼ਟ ਕਰ ਦਿੰਦੇ ਹਨ, ਵਾਰਤਾਲਾਪਾਂ ਵਿਚ ਨਿਜੀ ਅਤੇ ਵਿਅਕਤੀਗਤ ਰੰਗਤ ਹੋਣੀ ਵੀ ਬਹੁਤ ਜ਼ਰੂਰੀ ਹੈ। ਸਫ਼ਲ ਵਾਤਾਵਰਨ ਤਾਂ ਹੀ ਉਸਾਰਿਆ ਜਾ ਸਕਦਾ ਹੈ ਜੇ ਨਾਵਲਕਾਰ ਨੂੰ ਘਟਨਾ ਦਾ ਠੀਕ ਸਥਾਨ, ਸਮਾਂ ਅਤੇ ਸਮਕਾਲੀ ਪ੍ਰਸਥਿਤੀਆਂ ਦਾ ਪੂਰਨ ਗਿਆਨ ਹੋਵੇ। ਇਤਿਹਾਸਕ ਨਾਵਲਾਂ ਦੀ ਤਾਂ ਵਾਤਾਵਰਨ ਆਤਮਾ ਹੁੰਦੀ ਹੈ।

**ਵਾਤਵਰਨ ਅਤੇ ਸਥਾਨਕ ਰੰਗਣ:**

ਮਨੁੱਖ ਦੇ ਵਿਕਾਸ ਵਿੱਚ ਭੂਗੋਲਿਕ, ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਅਕੀਦੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮਨੁੱਖ ਜੋ ਵੀ ਹੈ ਉਹ ਸਿਰਫ਼ ਮਨੁੱਖ ਨਿਰੋਲ ਰੂਪ ਵਿੱਚ ਖ਼ੁਦ ਹੀ ਨਹੀਂ ਹੁੰਦਾ ਸਗੋਂ ਉਹ ਉਪਰੋਕਤ ਸਾਰੇ ਖੇਤਰਾਂ ਦਾ ਪ੍ਰਭਾਵ ਕਬੂਲਦਾ ਹੋਇਆ ਆਪਣੀ ਸਖ਼ਸ਼ੀਅਤ ਘੜਦਾ ਹੈ। ਇਸ ਲਈ ਵਾਤਾਵਰਨ, ਦੇਸ਼ ਕਾਲ ਜਾਂ ਸਥਾਨਕ ਰੰਗਣ ਦਾ ਕਿਸੇ ਵੀ ਸਾਹਿਤਕ ਰਚਨਾ ਵਿੱਚ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੁੰਦਾ ਹੈ। ਇੱਕ ਸਫ਼ਲ ਲੇਖਕ ਉਹ ਹੀ ਮੰਨਿਆ ਜਾਂਦਾ ਹੈ ਜੋ ਸਮੇਂ ਸਥਾਨ ਅਤੇ ਸਥਿਤੀਆਂ ਮੁਤਾਬਿਕ ਵਾਤਾਵਰਨ ਅਤੇ ਪਾਤਰਾ ਦੀ ਵੇਸ-ਭੂਸ਼ਾ ਘੜ ਸਕੇ ਇਸ ਲਈ ਲੇਖਕ ਨੂੰ ਉਪਰੋਕਤ ਸਾਰੇ ਖੇਤਰਾਂ ਦੀ ਡੂੰਘੀ ਸਮਝ ਹੋਣੀ ਚਾਹੀਦੀ ਹੈ। ਜਾਣਕਾਰੀ ਦੀ ਘਾਟ ਕਾਰਨ ਕੀਤੀ ਗਈ ਛੋਟੀ ਜਿਹੀ ਗ਼ਲਤੀ ਵੀ ਪਾਠਕਾਂ ਵਿੱਚ ਮਜ਼ਾਕ ਦਾ ਕਾਰਨ ਬਣ ਸਕਦੀ ਹੈ। ਉਦਾਹਰਨ ਵਜੋਂ ਮੁਗ਼ਲ ਕਾਲ ਨਾਲ ਸਬੰਧਿਤ ਸਾਹਿਤਕ ਰਚਨਾ ਕਰਨ ਲਈ ਰਚਨਹਾਰ ਨੂੰ ਉਸ ਸਮੇਂ ਦੀ ਬੋਲੀ, ਪਹਿਰਾਵਾ ਅਤੇ ਧਾਰਮਿਕ ਰੀਤੀ ਰਿਵਾਜ਼ਾਂ ਦੀ ਸਮਝ ਹੋਣੀ ਚਾਹੀਦੀ ਹੈ। ਉਸ ਸਮੇਂ ਦੇ ਕਿਸੇ ਪਾਤਰ ਨੂੰ ਲੇਖਕ ਜੇ ਕੋਟ-ਪੈਂਟ ਪਵਾ ਕੇ ਟਾਈ ਲਵਾ ਦੇਵੇ ਤਾਂ ਲੇਖਕ ਸਮਾਜ ਵਿੱਚ ਹਾਸੇ-ਮਜ਼ਾਕ ਦਾ ਪਾਤਰ ਬਣ ਕੇ ਰਹਿ ਜਾਵੇਗਾ। ਸਫ਼ਲ ਅਤੇ ਸੁਚੱਜਾ ਵਾਤਾਵਰਨ ਉਸਾਰਨ ਲਈ ਲੇਖਕ ਨੂੰ ਘਟਨਾ ਦੇ ਸਥਾਨ, ਸਮਾਂ ਅਤੇ ਸਮਕਾਲੀ ਪ੍ਰਸਥਿਤੀਆਂ ਦਾ ਸੰਪੂਰਨ ਗਿਆਨ ਹੋਵੇ ਖ਼ਾਸ ਤੌਰ ਤੇ ਇਤਿਹਾਸਕ ਨਾਵਲਾਂ ਦੀ ਸਿਰਜਣਾ ਵਿੱਚ ਤਾਂ ਇਸ ਦਾ ਮਹੱਤਵ ਹੋਰ ਵੀ ਜ਼ਿਆਦਾ ਵਧ ਜਾਂਦਾ ਹੈ। ਨਾਵਲ ਵਿੱਚ ਪ੍ਰਿਸ਼ਟ ਭੂਮੀ ਦਾ ਬਹੁਤ ਮਹੱਤਵ ਹੈ ਪਰੰਤੂ ਨਾਵਲਕਾਰ ਪੂਰਨ ਰੂਪ ਵਿੱਚ ਇਸ ਦੀ ਨਕਲ ਨਹੀਂ ਕਰਦਾ ਸਗੋਂ ਇਸਦੀ ਪੁਨਰ ਸਿਰਜਣਾ ਆਪਣੀਆਂ ਕਲਾਤਮਕ ਛੋਹਾਂ ਨਾਲ ਕਰਦਾ ਹੈ। ਪੰਜਾਬੀ ਨਾਵਲਕਾਰ ਵਾਤਾਵਰਨ ਦੇ ਮਹੱਤਵ ਬਾਰੇ ਕਾਫ਼ੀ ਚੇਤਨ ਹਨ। ਨਾਨਕ ਸਿੰਘ ਦੇ ਨਾਵਲਾਂ ਵਿੱਚ

ਸਥਾਨਕ ਰੰਗਨ ਦੀ ਪੇਸ਼ਕਾਰੀ ਪੂਰੀ ਨਿਪੁੰਨਤਾ ਨਾਲ ਚਿਤਰੀ ਮਿਲਦੀ ਹੈ। ਪੰਜਾਬੀ ਨਾਵਲਕਾਰਾਂ ਵਿੱਚ ਪ੍ਰਕ੍ਰਿਤੀ ਚਿਤਰਨ ਦੀ ਪ੍ਰਵ੍ਰਿਤੀ ਕਾਫ਼ੀ ਪ੍ਰਚਲਿਤ ਰਹੀਂ ਹੈ।

**ਸ਼ੈਲੀ:-**

ਸ਼ੈਲੀ ਹਰ ਲੇਖਕ ਦੀ ਨਿਜੀ ਅਤੇ ਵੱਖਰੀ ਹੁੰਦੀ ਹੈ। ਇਸ ਨੂੰ ਮੰਗਵੇ ਕੋਟ-ਪੈਂਟ ਵਾਂਗ ਨਹੀਂ ਪਹਿਨਿਆ ਜਾ ਸਕਦਾ। ਜੇ ਸਾਰੇ ਨਾਵਲੀ-ਤੱਤ ਨੂੰ ਸੰਯੋਗ ਵਿਧੀ ਵਿਚ ਨਾ ਢਾਲਿਆ ਜਾਏ ਤਾਂ ਨਾਵਲੀ ਪ੍ਰਭਾਵ ਨਹੀਂ ਸਿਰਜਿਆ ਜਾ ਸਕਦਾ। ਸ਼ੈਲੀ ਸਾਰੇ ਤੱਤਾਂ ਨੂੰ ਅੰਤਰ-ਨਿਹਿਤ ਤੌਰ ਤੇ ਸੁਭਾਵਿਕ ਰੂਪ ਵਿਚ ਜੋੜਨ ਦਾ ਨਾਂ ਹੈ। ਨਾਵਲ ਕਈ ਪ੍ਰਕਾਰ ਦੀਆਂ ਸ਼ੈਲੀਆਂ ਵਿਚ ਲਿਖਿਆ ਜਾਂਦਾ ਹੈ ਜਿਵੇਂ ਪੱਤਰ ਸ਼ੈਲੀ, ਕਥਾ ਸ਼ੈਲੀ, ਆਤਮ ਕਥਾ ਸ਼ੈਲੀ, ਡਾਇਰੀ ਸ਼ੈਲੀ ਆਦਿ। ਨਾਵਲਕਾਰ ਆਪਣੇ-ਆਪਣੇ ਢੰਗ ਅਥਵਾ **style** ਨਾਲ ਆਪਣੀਆਂ ਰਚਨਾਵਾਂ ਦਾ ਆਰੰਭ ਕਰਦੇ ਹਨ। **style is a man** ਨਾਵਲੀ ਸ਼ੈਲੀ ਵਿਚੋਂ ਉਸ ਨਾਵਲਕਾਰਦੀ ਸਖ਼ਸੀਅਤ ਨੂੰ ਪਹਿਚਾਣਿਆ ਜਾਂਦਾ ਹੈ। ਅਸਲੀ ਨਾਵਲ-ਕਥਾ ਦੇ ਹੇਠਾਂ ਨਾਵਲਕਾਰੀ ਦੀ ਆਪਣੀ ਸ਼ਖ਼ਸੀਅਤ ਵੀ ਵਿਚਰਦੀ ਰਹਿੰਦੀ ਹੈ। ਸ਼ੈਲੀ ਨਾਲ ਨਾਵਲਕਾਰ ਦੀ ਲਿਖਣ ਕਲਾ ਬਾਰੇ ਪਤਾ ਚੱਲਦਾ ਹੈ। ਸੁਚੱਜਾ ਸ਼ੈਲੀਕਾਰ, ਬ੍ਰਹਿਮੰਡ ਵਿਚ ਵਿਆਪਕ ਪ੍ਰਭੂ ਵਾਂਗ ਹੈ ਜਿਹੜਾ ਹਰ ਸਮੇਂ, ਹਰ ਥਾਂ ਆਪਣੀ ਰਚਨਾ ਵਿਚ ਮੌਜੂਦ ਹੁੰਦਾ ਹੈ ਪਰ ਨਜ਼ਰ ਨਹੀਂ ਆਉਂਦਾ। ਡਾ. ਪਰਤਾਪ ਨਰਾਇਣ ਟੰਡਨ ਨੇ ਨਾਵਲੀ ਸ਼ੈਲੀਆਂ ਦਾ ਵਰਗੀਕਰਨ ਨਿਮਨਲਿਖਤ ਅਨੁਸਾਰ ਕੀਤਾ ਹੈ:

(1) ਵਰਨਣਾਤਮਕ ਸ਼ੈਲੀ

(2) ਆਤਮ-ਕਥਾਤਮਕ ਸ਼ੈਲੀ

(3) ਪੱਤਰ ਸ਼ੈਲੀ

(4) ਡਾਇਰੀ ਸ਼ੈਲੀ

(5) ਸੰਵਾਦ ਸ਼ੈਲੀ

(6) ਨਾਟਕੀ ਸ਼ੈਲੀ

(7) ਕਾਵਿਕ ਸ਼ੈਲੀ

(8) ਲੋਕ-ਕਥਾਤਮਕ ਸ਼ੈਲੀ

(9) ਆਂਚਲਿਕ ਸ਼ੈਲੀ

(10) ਮਨੋਵਿਸ਼ਲੇਸ਼ਣਾਤਮਕ ਸ਼ੈਲੀ

ਨਾਵਲੀ ਸ਼ੈਲੀ ਵਿਚ ਨਿਜ਼ੀ ਛੋਹ ਦਾ ਤੱਤ ਹੋਣਾ ਜਰੂਰੀ ਹੈ। ਇਸ ਨਿਜੀ ਛੋਹ ਦੁਆਰਾ ਲੇਖਕ ਸਖ਼ਸੀਅਤ ਪਹਿਚਾਣੀ ਜਾਂਦੀ ਹੈ।

**ਉਦੇਸ਼:-**

ਆਧੁਨਿਕ ਕਾਲ ਵਿਚ ਨਾਵਲ ਦੇ ਉਦੇਸ਼ ਜਾਂ ਮੰਤਵ ਬਾਰੇ ਭਰਪੂਰ ਚਰਚਾ ਹੋ ਰਹੀ ਹੈ। ਨਾਵਲ ਦੀ ਅਧਿਕਤਰ ਆਲੋਚਨਾ ਇਸੇ ਨਾਵਲੀ ਤੱਤ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਇਸੇ ਤੱਤ ਨੂੰ ਨਾਵਲ ਦੀ ਫ਼ਿਲਾਸਫ਼ੀ, ਨਾਵਲਕਾਰ ਦਾ ਦਿਸ਼੍ਰਟੀਕੋਣ ਅਤੇ ਸਮਕਾਲ ਚਿੰਤਨ ਦਾ ਨਾਂ ਵੀ ਦਿੱਤਾ ਜਾਂਦਾ ਹੈ। ਨਾਵਲ ਦਾ ਕੇਂਦਰੀ ਕਾਰਜ ਜੀਵਨ ਦੀ ਵਿਆਖਿਆ ਕਰਨੀ ਹੈ। ਪਰ ਇਸ ਵਿਆਖਿਆ ਵਿਧੀ ਜਾਂ ਢੰਗ ਵਿਚੋਂ ਨਾਵਲਕਾਰ ਦਿਸ਼੍ਰਟੀਕੋਣ ਪ੍ਰਗਟ ਹੁੰਦਾ ਹੈ ਜਾਂ ਇਉਂ ਕਹਿ ਲਈਏ ਕਿ ਇਸ ਦ੍ਰਿਸ਼ਟੀਕੋਣ ਅਧੀਨ ਹੀ ਨਾਵਲਕਾਰ ਜੀਵਨ ਦੀ ਵਿਆਖਿਆ ਕਰਦਾ ਹੈ ਅਤੇ ਇਸੇ ਦੁਆਰਾ ਹੀ ਰਚਨਾ ਦੇ ਮੰਤਵਾਂ ਦੀ ਵਿਆਖਿਆ ਕਰਦਾ ਹੈ। ਇਸ ਨਾਵਲੀ ਤੱਤ ਬਾਰੇ ਆਲੋਚਕਾਂ ਦੇ ਆਪਣੇ-ਆਪਣੇ ਵਿਚਾਰ ਹਨ। ਡਾ. ਸਵਿੰਦਰ ਸਿੰਘ ਉਪਲ ਇਸ ਤੱਤ ਤੇ ਵਿਚਾਰ ਕਰਦੇ ਹੋਏ ਲਿਖਦੇ ਹਨ, "ਕੁਝ ਨਾਵਲਕਾਰ ਆਪਣੀ ਜੀਵਨ ਦਿੱਬ-ਦ੍ਰਿਸ਼ਟੀ ਕਿਸੇ ਸਿਧਾਂਤ ਨਾਲ ਬੱਝ ਕੇ ਲੱਭਦੇ ਹਨ। ਇੰਜ ਕਰਨ ਨਾਲ ਉਹਨਾਂ ਦੀ ਸਖਸੀਅਤ ਅਤੇ ਸੁਤੰਤਰ ਚਿੰਤਨ ਵਿਕਾਸ ਨਹੀਂ ਕਰ ਸਕਦੇ।"[47]

**ਸਾਂਰਸ਼:-**

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਇਕ ਅਜਿਹੀ ਰਚਨਾ ਹੈ। ਜਿਸ ਵਿਚ ਪੂਰੇ ਜੀਵਨ ਦੀ ਪੇਸ਼ਕਾਰੀ ਹੁੰਦੀ ਹੈ। ਨਾਵਲ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿਚ ਘਟਨਾਵਾਂ ਨੂੰ ਲੰਮੇ ਕਾਲ ਖੰਡ ਵਿਚ ਬਿਆਨ ਕੀਤਾ ਹੁੰਦਾ ਹੈ। ਨਾਵਲ ਵਿਚ ਅਜਿਹੀਆਂ ਘਟਨਾਵਾਂ ਦਾ ਬਿਆਨ ਹੁੰਦਾ ਹੈ ਜੋ ਯਥਾਰਥ ਵਾਂਗ ਦਿਖਾਈ ਦਿੰਦੀਆਂ ਹਨ। ਨਾਵਲ ਦੀ ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿਚ ਨਵੀਨ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ।

## 1.6 ਪੰਜਾਬੀ ਨਾਵਲ ਦਾ ਇਤਿਹਾਸਕ ਸਫ਼ਰ

ਨਾਵਲ ਲਿਖਤੀ ਵਾਰਤਕ ਦਾ ਉਹ ਲੰਮਾ ਬਿਰਤਾਂਤ ਹੈ ਜੋ ਪਾਠਕ ਨੂੰ ਆਪਣੇ ਕਲਪਤ ਪਰ ਯਥਾਰਥ ਲੱਗਦੇ ਸੰਸਾਰ ਨਾਲ ਇਜ ਜੋੜ ਲੈਂਦਾ ਹੈ ਕਿ ਉਸ ਨੂੰ ਲੇਖਕ ਦੀ ਰਚਨਾਤਮਕਤਾ ਕਾਰਨ ਇਹ ਨਵਾਂ-ਨਵਾਂ ਲੱਗਣ ਲੱਗ ਜਾਂਦਾ ਹੈ। ਪੰਜਾਬੀ ਨਾਵਲ ਦੇ ਆਰੰਭ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਚਰਨ ਸਿੰਘ ਨੂੰ ਪੰਜਾਬੀ ਦਾ ਪਹਿਲਾ ਨਾਵਲਕਾਰ ਮੰਨਦੇ ਹਨ। ਉਨ੍ਹਾਂ ਦਾ ਮਤ ਹੈ ਕਿ ਡਾ. ਚਰਨ ਸਿੰਘ ਦੇ ਨਾਵਲ 'ਜਗ ਮੜੌਲੀ' ਦਾ ਸਥਾਨ ਪੰਜਾਬੀ ਗਲਪਕਾਰੀ ਵਿਚ ਉਹੀ ਹੈ ਜੋ ਜਾਨ ਬਨੀਅਨ ਦੇ ਨਾਵਲ 'ਪਿਲਗ੍ਰਿਮਜ਼ ਪ੍ਰਾਗੈਸ' ਦਾ ਹੈ ਪ੍ਰੰਤੂ ਈਸ਼ਰ ਸਿੰਘ ਤਾਂਘ ਭਾਈ ਵੀਰ ਸਿੰਘ ਨੂੰ ਹੀ ਪੰਜਾਬੀ ਦਾ ਪਹਿਲਾ ਨਾਵਲਕਾਰ ਮੰਨਦੇ ਹਨ ਪਰ ਇਸ ਅਨੁਵਾਦਤ ਨਾਵਲ ਨੂੰ ਪਹਿਲਾ ਨਾਵਲ ਹੋਣ ਦਾ ਮਾਣ ਬਖਸ਼ਣਾ ਉਚਿਤ ਨਹੀਂ। ਪ੍ਰੋ. ਨਰਿੰਜਨ ਤਸਨੀਮ 'ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ' ਵਿਚ ਪੰਜਾਬੀ ਨਾਵਲ ਦਾ ਆਰੰਭ ਨਾਨਕ ਸਿੰਘ ਤੋਂ ਹੋਇਆ ਮੰਨਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਪੰਜਾਬੀ ਨਾਵਲ ਦਾ ਇਤਿਹਾਸ ਬੇਸ਼ੱਕ ਭਾਈ ਵੀਰ ਸਿੰਘ ਤੋਂ ਆਰੰਭ ਹੁੰਦਾ ਹੈ ਪਰ ਉਸ ਨੂੰ

ਪੰਜਾਬੀ ਦਾ ਪਿਤਾਮਾ ਨਹੀਂ ਕਿਹਾ ਜਾ ਸਕਦਾ ਹੈ ਕਿਉਂਕਿ ਉਸਨੇ ਵੀ ਬਨਿਅਨ ਵਾਂਗ ਧਰਮ ਪ੍ਰਚਾਰ ਲਈ ਨਾਵਲ ਲਿਖੇ ਹਨ। ਪਰ ਤਸਨੀਮ ਸਾਹਿਬ ਦੀ ਇਸ ਰਾਏ ਨੂੰ ਪੰਜਾਬੀ ਆਲੋਚਕਾਂ ਤੇ ਵਿਦਵਾਨਾਂ ਵੱਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਇਸ ਤਰ੍ਹਾਂ ਭਾਈ ਵੀਰ ਸਿੰਘ ਨੂੰ ਹੀ ਪਹਿਲਾ ਨਾਵਲਕਾਰ ਮੰਨਿਆ ਗਿਆ ਹੈ।

**ਭਾਈ ਵੀਰ ਸਿੰਘ**:-

ਪੰਜਾਬੀ ਗਲਪ ਸਾਹਿਤ ਵਿਚ ਸਭ ਤੋਂ ਪਹਿਲਾ ਭਾਈ ਵੀਰ ਸਿੰਘ ਨੇ ਨਾਵਲ ਲਿਖੇ। ਮੌਲਿਕ ਪੰਜਾਬੀ ਨਾਵਲ ਭਾਈ ਵੀਰ ਸਿੰਘ ਦੇ ਸਿੱਖ ਧਰਮ ਕੇਂਦਰਿਤ ਨਾਵਲ 'ਸੁੰਦਰੀ' ਦੇ ਪ੍ਰਕਾਸ਼ਤ ਹੋਣ ਨਾਲ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੇ ਧਾਰਮਿਕ ਪ੍ਰਚਾਰ ਲਈ ਨਾਵਲ ਲਿਖੇ। 18ਵੀਂ ਸਦੀ ਦੇ ਇਤਿਹਾਸ ਨੂੰ ਵਿਸ਼ਾ-ਵਸਤੂ ਬਣਾ ਕੇ ਭਾਈ ਵੀਰ ਸਿੰਘ ਨੇ ਪੰਜਾਬੀ ਦੇ ਪਹਿਲੇ ਨਾਵਲ '**ਸੁੰਦਰੀ**', '**ਸਤਵੰਤ ਕੌਰ**' ਤੇ '**ਬਿਜੈ ਸਿੰਘ**' ਲਿਖੇ। ਉਨ੍ਹਾਂ ਦਾ ਇਹ ਨਾਵਲ ਲਿਖਣ ਦਾ ਮਕਸਦ ਸਿੱਖ ਧਰਮ ਵਿਚ ਆ ਰਹੇ ਪਤਨ ਨੂੰ ਰੋਕਣਾ ਸੀ। 'ਸੁੰਦਰੀ' ਨਾਵਲ ਵਿਚ ਮੁਗਲ ਰਾਜ ਸਮੇਂ ਦਾ ਸਿੱਖੀ ਜੀਵਨ ਉਲੀਕਿਆ ਗਿਆ ਹੈ। ਇਹ ਨਾਵਲ ਇਕ ਇਤਿਹਾਸਕ ਘਟਨਾ ਦੁਵਾਲੇ ਘੁੰਮਦਾ ਹੈ। ਇਕ ਹਿੰਦੂ ਲੜਕੀ ਸੁਰਸਵਰਤੀ ਨੂੰ ਸਿੱਖ ਜਥਾ ਮੁਗਲਾਂ ਕੋਲੋਂ ਛੁਡਾ ਲਿਆਉਂਦਾ ਹੈ ਤੇ ਉਹ ਅੰਮ੍ਰਿਤ ਛੱਕ ਸੁਸਰਵਤੀ ਤੋਂ ਸੁੰਦਰ ਕੌਰ (ਸੁੰਦਰੀ) ਬਣ ਜਾਂਦੀ ਹੈ। '**ਸੁਭਾਗ ਜੀ ਸੁਧਾਰ ਹੱਥੀ**' '**ਬਾਬਾ ਨੌਧ ਸਿੰਘ**' ਨਾਵਲ ਇਕ ਇਤਿਹਾਸਕ ਨਾਵਲ ਹੈ। ਜਿਸ ਵਿਚ ਲੇਖਕ ਨੇ ਬਾਬਾ ਨੋਧ ਸਿੰਘ ਦਾ ਦੂਸਰੇ ਧਰਮਾ ਪ੍ਰਤਿ ਪਿਆਰ ਤੇ ਸਤਿਕਾਰ ਦਰਸਾਇਆ ਹੈ। ਨਾਮ ਜਪਨਾ, ਕਿਰਤ ਕਰਨੀ ਤੇ ਵੰਡ ਕੇ ਛੱਕਣਾ ਉਸ ਦਾ ਸਿਧਾਂਤਕ ਵਾਕ ਹੈ।

**ਮੋਹਨ ਸਿੰਘ ਵੈਦ**:-

ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ ਦਾ ਸਮਕਾਲੀ ਨਾਵਲਕਾਰ ਹੈ। ਉਸਦੀ ਨਾਵਲ ਕਲਾ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੈ ਪਰ ਉਹ ਲੌਕਿਕ ਜੀਵਨ ਦੇ ਵਧੇਰੇ ਨੇੜੇ ਹੈ ਅਤੇ ਉਸਨੇ ਪੰਜਾਬੀ ਸਾਹਿਤ ਨੂੰ ਮੌਲਿਕ, ਅਨੁਵਾਦਤ ਅਤੇ ਬਹੁ ਗਿਣਤੀ ਨਾਵਲ ਦਿੱਤੇ ਹਨ। ਉਸਨੇ '**ਸੁਖਦੇਵ ਕੌਰ**'**ਅਤੇ** '**ਸੁਘੜ ਨੂੰਹ ਤੇ ਲੜਾਕੀ ਸੱਸ**', '**ਇਕ ਸਿੱਖ ਘਰਾਣਾ**', '**ਕਪਟੀ ਮਿੱਤਰ**', '**ਸੁਸ਼ੀਲ-ਵਿਧਵਾ**', '**ਦੰਪਤੀ ਪਿਆਰ**', '**ਸ੍ਰੇਸ਼ਟ ਕੁਲਾਂ ਦੀ ਚਾਲ**', '**ਸੁਭਾਗ ਕੌਰ**', '**ਕੁੰਭ ਦਾ ਮੇਲਾ**', '**ਵਕੀਲ ਦੀ ਕਿਸਮਤ**', '**ਛੋਟੀ ਨੂੰਹ**' ਆਦਿ ਨਾਵਲ ਲਿਖੇ। ਉਸਨੇ ਪੰਜਾਬੀ ਨਾਵਲ ਨੂੰ ਇਤਿਹਾਸਕ ਘੇਰੇ ਵਿਚੋਂ ਕੱਢ ਕੇ ਕੁਝ ਯਥਾਰਥ ਛੋਹ ਦਿਵਾਈ ਜੋ ਉਸਦੀ ਇਸ ਪੱਖੋਂ ਵਰਣਨ ਯੋਗ ਦੇਣ ਹੈ। ਉਸ ਨੇ ਆਪਣੇ ਨਾਵਲਾਂ ਵਿਚ ਘਰੋਗੀ ਜੀਵਨ ਦੇ ਨਾਲ ਆਰਥਿਕ ਪੱਖ ਨੂੰ ਵੀ ਲਿਆ ਹੈ। ਉਸ ਦੇ ਵਿਚਾਰ ਵਿਚ ਨੌਕਰੀ ਨਾਲੋਂ ਆਪਣਾ ਕਾਰੋਬਾਰ ਕਿਤੇ ਚੰਗਾ ਹੈ। '**ਕਰਮਾਂ ਦਾ ਬੀਰ**', '**ਵਿਉਪਾਰ ਦੀ ਬਰਕਤ**' ਅਤੇ '**ਕਮਾਈ ਦੀ ਬਰਕਤ**' ਆਦਿ ਉਸ ਦਾ ਅਜਿਹੇ ਨਾਵਲ ਹਨ। ਭਾਈ ਮੋਹਨ ਸਿੰਘ ਨੇ ਨਾਵਲਾਂ ਵਿਚ ਉਸ ਸਮੇਂ ਦੇ ਅਨੁਸਾਰ ਕਾਫੀ ਅਗਾਂਹ ਵਾਧੂ ਵਿਸ਼ੇ ਲਏ ਗਏ ਹਨ ਅਤੇ ਇਹਨਾਂ ਦੀ ਪੇਸ਼ਕਾਰੀ ਵੀ ਕਾਫੀ ਪ੍ਰਭਾਵਸ਼ਾਲੀ ਹੈ।

**ਚਰਨ ਸਿੰਘ ਸ਼ਹੀਦ :-**

ਚਰਨ ਸਿੰਘ ਸ਼ਹੀਦ ਨੇ ਪੰਜਾਬੀ ਵਿਚ ਕੁਝ ਮੌਲਿਕ ਅਤੇ ਕੁਝ ਅਨੁਵਾਦਤ ਨਾਵਲ ਲਿਖੇ। 'ਕੌਣ ਜਿੱਤਿਆ' ਉਸ ਦਾ ਅਨੁਵਾਦਤ ਜਸੂਸੀ ਨਾਵਲ ਹੈ। ਚਰਨ ਸਿੰਘ ਸ਼ਹੀਦ ਨੇ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਤਿੰਨ ਇਤਿਹਾਸਕ ਨਾਵਲ '**ਦਲੇਰ ਕੌਰ**',**'ਰਣਜੀਤ ਕੌਰ' ਅਤੇ 'ਚੰਚਲ ਮੂਰਤੀ'** ਲਿਖ ਕੇ ਪ੍ਰਕਾਸ਼ਿਤ ਕਰਾਏ। ਉਸ ਦੇ ਨਾਵਲ ਵਿਚ ਦਲੇਰ ਕੌਰ ਅਤੇ ਰਣਜੀਤ ਕੌਰ ਆਦਰਸ਼ ਪਾਤਰ ਹਨ ਜੋ ਸਿੱਖ ਧਰਮ ਦੀ ਆਨ, ਸ਼ਾਨ ਅਤੇ ਬਾਨ ਬਰਕਰਾਰ ਰੱਖਣ ਲਈ ਆਪਣੇ ਆਪ ਨੂੰ ਹਰ ਮੁਸੀਬਤ ਵਿਚ ਪਾਉਣ ਲਈ ਤਿਆਰ ਹਨ ਪਰ ਸਿੱਖ ਧਰਮ ਦੀ ਸੁੱਚਤਾ ਨੂੰ ਠੇਸ ਨਹੀਂ ਲੱਗਣ ਦੇਂਦੀਆਂ। ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿਚ ਭਾਈ ਵੀਰ ਸਿੰਘ ਨਾਲੋਂ ਵਖਰੇਵਾਂ ਇਸ ਗੱਲ ਵਿਚ ਹੈ ਕਿ ਸ਼ਹੀਦ ਨੇ ਮਾਨਵਵਾਦੀ ਅਪੀਲ ਰਾਹੀਂ ਸਿੱਖ ਧਰਮ ਵੱਲ ਪਾਠਕਾਂ ਨੂੰ ਪ੍ਰੇਰਿਆ ਹੈ। ਚਰਨ ਸਿੰਘ ਸ਼ਹੀਦ ਆਪਣੇ ਇਤਿਹਾਸਕ ਨਾਵਲਾਂ ਵਿਚ ਭਾਈ ਵੀਰ ਸਿੰਘ ਨਾਲੋਂ ਵਧੇਰੇ ਯਥਾਰਥਵਾਦੀ ਜਾਪਦਾ ਹੈ।

**ਮਾਸਟਰ ਤਾਰਾ ਸਿੰਘ:-**

ਮਾਸਟਰ ਤਾਰਾ ਸਿੰਘ ਦੇ ਲਿਖੇ ਨਾਵਲ '**ਪ੍ਰੇਮ ਲਗਨ**' ਤੇ '**ਬਾਬਾ ਤੇਗਾ ਸਿੰਘ**'ਵਰਣਨਯੋਗ ਹਨ। 'ਬਾਬਾ ਤੇਗਾ ਸਿੰਘ' ਇਕ ਇਤਿਹਾਸਕ ਨਾਵਲ ਹੈ। 'ਪ੍ਰੇਮ ਲਗਨ' ਨਾਵਲ ਅਕਾਲੀ ਲਹਿਰ ਦੇ ਪਿਛੋਕੜ ਵਿਚ ਪੇਂਡੂ ਸਿੱਖ ਜੀਵਨ ਦਾ ਚਿੱਤਰ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਮਾਸਟਰ ਤਾਰਾ ਸਿੰਘ ਨੇ ਭਾਈ ਵੀਰ ਸਿੰਘ ਵਾਂਗ ਪੰਜਾਬੀ ਸਿੱਖ ਭਾਈਚਾਰੇ ਦੇ ਗੁਣਾਂ ਨੂੰ ਵਡਿਆਇਆ ਹੀ ਨਹੀਂ ਸਗੋਂ ਇਸ ਦੇ ਗੁਣਾਂ ਔਗੁਣਾਂ ਦੀ ਸਹੀ ਤਸਵੀਰ ਪੇਸ਼ ਕੀਤੀ ਹੈ।

**ਨਾਨਕ ਸਿੰਘ:-**

ਪੰਜਾਬੀ ਨਾਵਲ ਦੇ ਖੇਤਰ ਵਿਚ ਨਾਨਕ ਸਿੰਘ ਦੇ ਆਗਮਨ ਨਾਲ ਇਕ ਨਵਾਂ ਮੋੜ ਆਇਆ ਹੈ। ਪੰਜਾਬੀ ਵਿਚ ਸਭ ਤੋਂ ਵੱਧ ਨਾਵਲ ਨਾਨਕ ਸਿੰਘ ਨੇ ਲਿਖੇ ਹਨ। ਨਾਨਕ ਸਿੰਘ ਨੇ 'ਮਤਰੇਈ ਮਾਂ', 'ਕਾਲ ਚੱਕਰ' ਅਤੇ 'ਮਿੱਠਾ ਮਹੁਰਾ' ਵਰਗੇ ਲਘੂ ਨਾਵਲ ਲਿਖ ਕੇ ਆਪਣੇ ਰਚਨਾਤਮਕ ਜੀਵਨ ਦਾ ਆਰੰਭ ਕੀਤਾ। ਨਾਨਕ ਸਿੰਘ ਸਭ ਤੋਂ ਵੱਡਾ ਸੁਧਾਰਵਾਦੀ ਨਾਵਲਕਾਰ ਹੈ। ਉਸਦੇ ਮੁੱਢਲੇ ਨਾਵਲਾਂ ਵਿਚ ਸਮਾਜਕ ਕੁਰੀਤੀਆਂ, ਵਿਧਵਾ ਵਿਆਹ, ਛੂਤ-ਛਾਤ, ਬਾਲ ਵਿਆਹ, ਭ੍ਰਿਸ਼ਟਾਚਾਰ, ਸਮਾਜ ਦੇ ਠੇਕੇਦਾਰਾਂ ਦੀਆਂ ਕਰਤੂਤਾਂ, ਨਸ਼ਿਆਂ ਦੀ ਨਿਖੇਧੀ, ਵੱਢੀ-ਖੋਰੀ ਤੇ ਮੁਕੱਦਮੇਬਾਜ਼ੀ ਆਦਿ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ। ਵੇਸਵਾ ਗਮਨ ਦੀ ਗੱਲ ਉਸਨੇ '**ਟੁੱਟੀ ਵੀਣਾ**', **'ਅੱਧ ਖਿੜਿਆ ਫੁੱਲ'** ਵਿਚ ਕੀਤੀ। ਇਸ ਤੋਂ ਇਲਾਵਾ ਨਾਨਕ ਸਿੰਘ ਨੇ **'ਜੀਵਨ ਸੰਗਰਾਮ', 'ਸੰਗਮ', 'ਕਟੀ ਹੋਈ ਪਤੰਗ', 'ਪਵਿੱਤਰ ਪਾਪੀ', 'ਆਦਮਖੋਰ', 'ਗਰੀਬ ਦੀ ਦੁਨੀਆਂ', 'ਮੰਝਦਾਰ', 'ਗਗਨ ਦਮਾਮਾ ਬਾਜਿਓ', 'ਪਿਆਰ ਦੀ ਦੁਨੀਆਂ', 'ਪੁਜਾਰੀ**', **'ਚਿੱਟਾ ਲਹੂ', 'ਨਾਸੂਰ', 'ਛਲਾਵਾ', 'ਇਕ ਮਿਆਨ ਦੋ ਤਲਵਾਰਾਂ'**, ਆਦਿ

ਉਸ ਦੇ ਪ੍ਰਮੁੱਖ ਨਾਵਲ ਲਿਖੇ ਹਨ। ਇਨ੍ਹਾਂ ਸਾਰੇ ਨਾਵਲਾਂ ਦੇ ਵਿਸ਼ੇ ਸਮਕਾਲੀ ਸਮਾਜਿਕ ਜੀਵਨ ਵਿਚੋਂ ਲਏ ਗਏ ਹਨ।

**ਸੰਤ ਸਿੰਘ ਸੇਖੋਂ:-**

ਸੰਤ ਸਿੰਘ ਸੇਖੋਂ ਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਬਹੁਤ ਯੋਗਦਾਨ ਪਾਇਆ, ਭਾਵੇਂ ਉਹ ਇਕ ਕਹਾਣੀਕਾਰ ਦੇ ਤੌਰ ਤੇ ਜਾਣਿਆ ਜਾਂਦਾ ਸੀ ਪਰ ਨਾਵਲ ਦੇ ਖੇਤਰ ਵਿਚ ਵੀ ਉਸ ਦਾ ਨਾਮ ਬੋਲਦਾ ਹੈ। ਉਸ ਨੇ ਪੰਜਾਬੀ ਵਿਚ '**ਲਹੂ ਮਿੱਟੀ, ਬਾਬਾ ਆਸਮਾਨ**' ਦੇ ਰੂਪ ਵਿਚ ਦੋ ਨਾਵਲ ਹੀ ਲਿਖੇ ਹਨ। ਪਹਿਲੇ ਨਾਵਲ ਵਿਚ ਉਸ ਨੇ ਦਰਸਾਇਆ ਹੈ ਕਿ ਨਿਮਨ-ਕਰਸਾਨੀ ਅਣਥਕ ਮੁਸ਼ੱਕਤ ਕਰਨ ਦੇ ਬਾਵਜੂਦ ਆਰਥਿਕ ਤੋਰ 'ਤੇ ਅਮੀਰ ਅਤੇ ਆਤਮ ਨਿਰਭਰ ਨਹੀਂ ਹੋ ਸਕਦੀ।

**ਸੁਰਿੰਦਰ ਸਿੰਘ ਨਰੂਲਾ**:-

ਸੁਰਿੰਦਰ ਸਿੰਘ ਨਰੂਲਾ ਦੀ ਨਾਵਲ ਕਲਾ ਦਾ ਆਰੰਭ ਉਸ ਦੇ ਨਾਵਲ '**ਪਿਉ ਪੁੱਤਰ**' ਨਾਲ ਹੁੰਦਾ ਹੈ। 'ਪਿਉ ਪੁੱਤਰ' ਨਾਵਲ ਦੀ ਸਾਹਿਤਕ ਮਹਾਨਤਾ ਦੇ ਨਾਲ-ਨਾਲ ਇਤਿਹਾਸਕ ਮਹਾਨਤਾ ਵੀ ਬਹੁਤ ਹੈ। ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿਚ "ਪੰਜਾਬੀ ਪੜ੍ਹਨ ਵਾਲਿਆਂ ਲੋਕਾਂ ਦਾ ਧਿਆਨ ਮੈਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹੁਣੇ ਜਹੀ ਹੋਈ ਇਕ ਘਟਨਾ ਵੱਲ ਖਿੱਚਣਾ ਚਾਹੁੰਦਾ ਹੈ। ਉਹ ਘਟਨਾ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਇਕ ਅਜਿਹਾ ਨਾਵਲ ਪਿਉ ਪੁੱਤਰ ਪ੍ਰਕਾਸ਼ਤ ਹੋਇਆ ਹੈ ਜੋ ਪੰਜਾਬੀ ਜੀਵਨ ਨੂੰ ਪਹਿਲੀ ਵਾਰੀ ਇਸ ਤਰ੍ਹਾਂ ਰੂਪਮਾਨ ਕਰਦਾ ਹੈ ਜਿਸ ਉਤੇ ਯੋਗ ਮਾਣ ਕੀਤਾ ਜਾ ਸਕਦਾ ਹੈ।"[48]

ਇਸ ਤੋਂ ਪਿਛੋਂ ਨਰੂਲਾ ਨੇ '**ਰੰਗ ਮਹੱਲ**' ਦੀ ਰਚਨਾ ਕੀਤੀ, ਇਸ ਨਾਵਲ ਵਿਚ ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਇਕ ਪ੍ਰਮੁਖ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹਨਾਂ ਨੇ ਉਸ ਸਮੇ ਦੀਆਂ ਰਾਜਸੀ ਘਟਨਾਵਾਂ ਦਾ ਵਰਨਣ ਬੜੀ ਸੂਝ ਨਾਲ ਕੀਤਾ ਹੈ। **'ਦੀਨ ਤੇ ਦੁਨੀਆਂ' ਅਤੇ 'ਦਿਲ ਦਰਿਆ'** ਵਿਚ ਉਸ ਨੇ 1947 ਦੇ ਪਸਾਦਾਂ ਦੀ ਪੇਸ਼ਕਾਰੀ ਕੀਤੀ ਹੈ। ਇਸ ਤੋਂ ਇਲਾਵਾ ਉਹਨਾਂ ਨੇ **'ਜਗਰਾਤਾ', 'ਨੀਲੀ ਬਾਰ', 'ਲੋਕ ਦੁਸ਼ਮਣ'** ਆਦਿ ਉਸ ਦੇ ਪ੍ਰਸਿੱਧ ਨਾਵਲ ਹਨ।

**ਜਸਵੰਤ ਸਿੰਘ ਕੰਵਲ:-**

ਜਸਵੰਤ ਸਿੰਘ ਕੰਵਲ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਨਾਵਲਕਾਰ ਹੈ। ਉਸ ਨੂੰ ਕਈ ਆਲੋਚਕ ਨਾਨਕ ਸਿੰਘ ਦਾ ਉੱਤਰਾਧਿਕਾਰੀ ਮੰਨਦੇ ਹਨ। ਜਸਵੰਤ ਸਿੰਘ ਕੰਵਲ ਦੀ ਪੰਜਾਬੀ ਨਾਵਲ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸ ਨੇ ਮਾਲਵੇ ਦੇ ਪੇਂਡੂ ਜੀਵਨ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਪਿੰਡਾਂ ਵਿਚ ਰਹਿਣ ਕਰਕੇ ਪਿੰਡਾਂ ਦੇ ਜੀਵਨ ਸੰਬੰਧੀ ਉਸ ਦੀ ਜਾਣਕਾਰੀ ਡੂੰਘੀ ਤੇ ਵਿਸ਼ਾਲ ਹੈ। **'ਹਾਣੀ'** ਨਾਵਲ ਵਿਚ ਉਸ ਨੇ ਪੇਂਡੂ ਜੀਵਨ ਨਾਲ ਸੰਬੰਧਤ

ਆਰਥਕ, ਸਮਾਜਕ, ਸਦਾਚਾਰਕ ਤੇ ਧਾਰਮਕ ਬਹੁਤ ਸਾਰੇ ਪਹਿਲੂ ਲਏ ਹਨ। ਉਹਨਾਂ ਦਾ ਨਾਵਲ **'ਪਾਲੀ'** ਵੀ ਆਦਰਸ਼ ਪ੍ਰੀਤ ਦਾ ਇਕ ਸਰੋਦੀ ਨਾਵਲ ਹੈ। ਜਸਵੰਤ ਸਿੰਘ ਕੰਵਲ ਦਾ ਨਾਵਲ **'ਪੂਰਨਮਾਸ਼ੀ'** ਬੇਹੱਦ ਮੁਕੱਬਲ ਹੋਇਆ। ਇਸ ਵਿਚ ਉਸ ਨੇ ਇਕ ਪ੍ਰੇਮ ਕਥਾ ਦਾ ਵਰਨਣ ਕੀਤਾ। ਕੰਵਲ ਨੇ ਬਹੁਤੇ ਨਾਵਲਾਂ ਵਾਂਗ ਇਸ ਨਾਵਲ ਵਿਚ ਵੀ ਨਾਇਕ ਅਤੇ ਨਾਇਕਾ ਦੀ ਪ੍ਰੀਤ ਨੇਪੜੇ ਨਹੀਂ ਚੜ੍ਹਦੀ ਪਰੰਤੂ ਮੁਖ ਪਾਤਰ ਆਪਣੀ ਪ੍ਰੀਤ ਦੇ ਅਹਿਸਾਸ ਨੂੰ ਬਣਾਈ ਰੱਖਦੇ ਹਨ ਅਤੇ ਵੀਹ ਬਾਈ ਵਰ੍ਹਿਆਂ ਪਿਛੋਂ ਜਦੋਂ ਉਹਨਾਂ ਦੇ ਪੁੱਤਰ ਅਤੇ ਧੀ ਜਵਾਨ ਹੋ ਜਾਂਦੇ ਹਨ ਤਾਂ ਉਹਨਾਂ ਨੂੰ ਆਪਿਸ ਵਿਚ ਵਿਆਹ ਕੇ ਆਪਣੇ ਭਾਵੁਕ ਖੱਪੇ ਦੀ ਪੂਰਤੀ ਕਰ ਲੈਂਦੇ ਹਨ। ਇਸ ਤੋਂ ਇਲਾਵਾ ਕੰਵਲ ਨੇ **'ਲਹੂ ਦੀ ਲੋਅ', 'ਹਾਣੀ', 'ਭਵਾਨੀ', 'ਐਨਿਆਂ 'ਚੋਂ ਉਠੇ ਸੂਰਮਾ',** ਅਤੇ **'ਮਨੁੱਖਤਾ'** ਆਦਿ ਉਸ ਦੇ ਪ੍ਰਮੁਖ ਨਾਵਲ ਹਨ।

**ਕਰਨਲ ਨਰਿੰਦਰਪਾਲ ਸਿੰਘ:-**

ਨਰਿੰਦਰ ਸਿੰਘ ਦੀ ਨਾਵਲ ਰਚਨਾ ਦਾ ਆਕਾਰ ਵੀ ਚੋਖਾ ਹੈ। "ਉਸ ਦਾ ਸਭ ਤੋਂ ਪਹਿਲਾ ਨਾਵਲ '**ਮਲਾਹ**' ਛਪਿਆ। ਇਸ ਤੋਂ ਪਿਛੋਂ ਉਸਨੇ **'ਖੰਨਿਓਂ ਤਿੱਖੀ ਵਾਲੋਂ ਨਿੱਕੀ', 'ਏਤਿ ਮਾਰਗ ਜਾਣਾ', 'ਸ਼ਕਤੀ', 'ਤ੍ਰੀਆ ਜਾਲ', 'ਇਕ ਰਾਹ ਇਕ ਪੜਾ', 'ਅਮਨ ਦੇ ਰਾਹ', 'ਪੁੰਨਿਆ ਕਿ ਮੱਸਿਆ', 'ਟਾਪੂ', 'ਸੈਨਾਪਤੀ', 'ਉਨਤਾਲੀ ਵਰ੍ਹੇ', 'ਵਿਕੇਂਦ੍ਰਿਤ', 'ਚਾਨਣ ਖੜਾ ਕਿਨਾਰੇ'ਅਤੇ 'ਬਾ ਮੁਲਾਹਜਾ ਹੋਸ਼ਿਆਰ'** ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। **'ਬਾ ਮੁਲਾਹਜਾ ਹੋਸ਼ਿਆਰ'** ਨੂੰ ਸਾਹਿਤ ਅਕਾਦਮੀ ਵਲੋਂ ਇਨਾਮ ਮਿਲ ਚੁੱਕਿਆ ਹੈ।"[49]

**ਅੰਮ੍ਰਿਤਾ ਪ੍ਰੀਤਮ :-**

ਪੰਜਾਬੀ ਨਾਵਲ ਦੇ ਖੇਤਰ ਵਿਚ ਅੰਮ੍ਰਿਤਾ ਪ੍ਰੀਤਮ ਇਕ ਵਰਨਣਯੋਗ ਨਾਵਲਕਾਰ ਹੈ। ਉਸ ਨੇ ਨਾਵਲਾਂ ਵਿਚ ਵਧੇਰੇ ਇਸਤਰੀਆਂ ਦੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। "ਅੰਮ੍ਰਿਤਾ ਪ੍ਰੀਤਮ ਇਸਤਰੀ ਦੇ ਹਿਰਦੇ ਦੇ ਦਰਦ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕੀ ਹੈ। **'ਜੈ ਸ਼ਿਰੀ'** ਅੰਮ੍ਰਿਤਾ ਦਾ ਪਹਿਲਾ ਨਾਵਲ ਹੈ। ਫੇਰ ਉਸ ਨੇ **'ਡਾਕਟਰ ਦੇਵ', 'ਪਿੰਜਰ'** ਅਤੇ '**ਆਲ੍ਹਣਾ**' ਲਿਖੇ। **'ਪਿੰਜਰ'** ਨਾਵਲ ਵੰਡ ਨਾਲ ਸੰਬੰਧਤ ਨਾਵਲ ਹੈ। ਇਸ ਤੋਂ ਬਾਅਦ ਉਸ ਨੇ **'ਚੱਕ ਨੰਬਰ ਛੱਤੀ','ਧਰਤੀ ਸਾਗਰ ਤੇ ਸਿੱਪੀਆਂ', 'ਜੇਬ ਕਤਰੇ', 'ਪੱਕੀ ਹਵੇਲੀ', 'ਅੱਕ ਦਾ ਬੂਟਾ', 'ਡਾ ਦੇਵ', 'ਆਲ੍ਹਣਾ', 'ਅਸ਼ੂ', 'ਇਕ ਸਵਾਲ', 'ਇਕ ਸੀ ਅਨੀਤਾ' ਅਤੇ 'ਦਿੱਲੀ ਦੀਆਂ ਗਲੀਆਂ'** ਕੁਝ ਉਸ ਦੇ ਵਿਸ਼ੇਸ਼ ਨਾਵਲ ਹਨ। ਵਿਸ਼ੇ ਅਤੇ ਸ਼ੈਲੀ ਦੇ ਪੱਖੋਂ ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਨਾਵਲ ਨੂੰ ਦੇਣ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ। ਸਾਲ 2000 ਦਾ ਸ਼ਤਾਬਦੀ ਅਵਾਰਡ ਅੰਮ੍ਰਿਤਾ ਨੂੰ ਮਿਲਿਆ ਹੈ।"[50]

**ਸੁਰਜੀਤ ਸਿੰਘ ਸੇਠੀ:-**

ਸੁਰਜੀਤ ਸਿੰਘ ਸੇਠੀ ਨੇ ਪੰਜਾਬੀ ਨਾਵਲ ਵਿਚ ਕਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ। ਉਸ ਨੇ ਐਬਸਰਡ ਸ਼ੈਲੀ ਦੀ ਵਰਤੋ ਕੀਤੀ। **'ਰੇਤ ਦਾ ਪਹਾੜ', 'ਇਕ ਸ਼ਹਿਰ ਦੀ ਗੱਲ', 'ਕੰਧੀ ਉਤੇ ਰੁਖੜਾ', 'ਅੱਲਪਥਰ', 'ਇੱਕ ਖਾਲੀ ਪਿਆਲਾ', 'ਆਬਰਾ ਕਦਾਬਰਾ', 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ'** ਆਦਿ ਨਾਵਲ ਲਿਖੇ ਹਨ। 'ਰੇਤ ਦਾ ਪਹਾੜ' ਵਿਚ ਪੂੰਜੀਵਾਦੀ ਸਮਾਜ ਨੂੰ ਰੇਤ ਦਾ ਪਹਾੜ ਮੰਨਿਆ ਹੈ ਅਤੇ ਉਸ ਦੇ ਖੋਖਲੇਪਨ ਤੋਂ ਪਰਦਾ ਲਾਹਿਆ ਹੈ। 'ਕੰਧੀ ਉਤੇ ਰੁਖੜਾ'ਨਾਵਲ ਵਿਚ ਚਾਰ ਪੀੜ੍ਹੀਆਂ ਦਾ ਜੀਵਨ ਪੇਸ਼ ਕੀਤਾ ਗਿਆ ਹੈ। ਸੁਰਜੀਤ ਸਿੰਘ ਸੇਠੀ ਦੇ ਪਿਛਲੇ ਦੋ ਨਾਵਲ **'ਇਕ ਖਾਲੀ ਪਿਆਲਾ'** ਅਤੇ **ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ'**, ਮਨੋਵਿਗਿਆਨਕ ਯਥਾਰਥਵਾਦ ਨੂੰ ਪੇਸ਼ ਕਰ ਰਹੇ ਹਨ। ਸੇਠੀ ਨੇ ਆਪਣੇ ਨਾਵਲ 'ਇਕ ਖਾਲੀ ਪਿਆਲਾ' ਵਿਚ ਚੇਤਨਾ ਪ੍ਰਵਾਹ ਸ਼ੈਲੀ ਦਾ ਬੜੀ ਸਫ਼ਲਤਾ ਨਾਲ ਨਵਾਂ ਤਜਰਬਾ ਕੀਤਾ ਹੈ। **'ਬਦਨਾਮ ਸੜਕਾਂ'** ਸੇਠੀ ਦਾ ਇਕ ਹੋਰ ਨਵਾਂ ਨਾਵਲ ਹੈ। ਇਹ ਨਾਵਲ ਉੱਚ ਮੱਧ ਵਰਗ ਦੇ ਲੋਕਾਂ ਦੀ ਮਾਨਸਿਕ ਜਟਿਲਤਾ ਨੂੰ ਚਿੱਤਰਦਾ ਹੈ।

**ਸੋਹਣ ਸਿੰਘ ਸੀਤਲ**:-

ਸੋਹਣ ਸਿੰਘ ਸੀਤਲ ਇਕ ਢਾਡੀ, ਇਤਿਹਾਸਕਾਰ ਤੇ ਵਾਰਤਕਕਾਰ ਦੇ ਤੌਰ ਤੋਂ ਵਧੇਰੇ ਪ੍ਰਸਿਧ ਹੈ। ਸੁਤੰਤਰਤਾ ਤੋਂ ਪਿਛੋਂ ਉਸ ਦਾ ਝੁਕਾਅ ਨਾਵਲਕਾਰੀ ਵੱਲ ਹੋਇਆ। ਉਸ ਨੇ **'ਮੁੱਲ ਦਾ ਮਾਸ', 'ਅੰਨ੍ਹੀ ਸੁੰਦਰਤਾ', 'ਵਿਜੋਗਣ', 'ਪਤਵੰਤੇ-ਕਾਤਿਲ', 'ਦੀਵੇ ਦੀ ਲੋ', 'ਜੰਗ ਜਾਂਅਮਨ', 'ਤੂਤਾਂ ਵਾਲਾ ਖੂਹ', 'ਈਚੋਗਿਲ ਨਹਿਰ ਤਕ', 'ਜੁਗ ਬਦਲ ਗਿਆ'**, ਆਦਿ ਨਾਵਲ ਲਿਖੇ ਹਨ। ਇਸ ਦੇ ਨਾਵਲ **'ਬੇੜੀ ਤੇ ਬਰੇਤਾ' ਤੇ 'ਮਛਲੀ ਇਕ ਦਰਿਆ ਦੀ'** ਵਿਚ ਜੱਟਾਂ ਅਤੇ ਗੁੱਜਰਾਂ ਦਾ ਚਿੱਤਰ ਪੇਸ਼ ਕਰਕੇ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। **'ਪ੍ਰਦੇਸੀ ਰੁੱਖ'** ਉਸ ਦਾ ਵੰਡ ਨਾਲ ਸੰਬੰਧਤ ਨਾਵਲ ਹੈ। **'ਗੋਰੀ ਨਦੀ ਦਾ ਗੀਤ'** ਤੇ **ਬਰਾਦਰੀ ਦੀ ਰਾਣੀ'** ਅਤੇ **'ਕਾਲੀ ਮਿੱਟੀ'**ਆਦਿ ਨਾਵਲ ਪਿਛੋਂ ਛਪੇ ਹਨ। ਉਸ ਦੇ ਕਈ ਨਾਵਲ ਬੜੀ ਚਰਚਾ ਦੇ ਕੇਂਦਰ ਬਣੇ ਹਨ।

**ਗੁਰਦਿਆਲ ਸਿੰਘ:-**

ਗੁਰਦਿਆਲ ਸਿੰਘ ਦਾ ਪੰਜਾਬੀ ਗਲਪ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਹੈ। ਉਸ ਦੀ ਹਰ ਰਚਨਾ ਪਾਠਕਾਂ ਵਿਚ ਚਰਚਿਤ ਰਹੀਂ ਹੈ। ਗੁਰਦਿਆਲ ਸਿੰਘ ਦੀਆਂ ਗਲਪ ਰਚਨਾਵਾਂ ਏਨੀਆਂ ਲੋਕ ਪ੍ਰਿਯ ਹਨ ਕਿ ਇਹ ਕਦੇ ਅਣਗੌਲੀਆਂ ਨਹੀਂ ਰਹਿ ਸਕਦੀਆਂ। ਉਸ ਨੇ **'ਮੜ੍ਹੀ ਦਾ ਦੀਵਾ', 'ਅਣਹੁਏ', 'ਕੁਵੇਲਾ', 'ਰੇਤੇ ਦੀ ਇਕ ਮੁੱਠੀ', 'ਅੱਧ ਚਾਨਣੀ ਰਾਤ', 'ਅੰਨ੍ਹੇ ਘੋੜੇ ਦਾ ਦਾਨ', 'ਪਹੁ ਫੁਟਾਲੇ ਤੋਂ ਪਹਿਲਾਂ', 'ਪੱਕਾ ਟਿਕਾਣਾ'** ਆਦਿ ਨਾਵਲਾਂ ਦੀ ਰਚਨਾ ਕੀਤੀ ਹੈ। 'ਅੱਧ ਚਾਨਣੀ ਰਾਤ' ਨਾਵਲ 'ਤੇ 1975 ਈ. ਵਿਚ ਗੁਰਦਿਆਲ ਸਿੰਘ ਨੂੰ ਭਾਰਤੀ ਸਾਹਿਤ ਅਕਾਡਮੀ ਪੁਰਸਕਾਰ ਵੀ ਮਿਲਿਆ ਹੈ। 'ਅੰਨੇ ਘੋੜੇ ਦਾ ਦਾਨ' ਨਾਵਲ ਵਿਚ ਨਾਵਲਕਾਰ ਨੇ ਪੇਂਡੂ ਲੋਕਾਂ ਦਾ ਸ਼ਹਿਰ

ਵਿਚ ਜਾ ਵੱਸਣ ਦੀ ਰੁਚੀ ਦਰਸਾਈ ਹੈ ਤੇ ਰਿਕਸ਼ਾ ਚਾਲਕ ਬਣ ਕੇ ਨਿਰਾਸ਼ ਹੋ ਕੇ ਵਾਪਸ ਪਿੰਡਾਂ ਵਿਚ ਆਉਣ ਦੀ ਵਿਥਿਆ ਸੁਣਾਈ ਹੈ।

**ਕਰਤਾਰ ਸਿੰਘ ਦੁੱਗਲ:-**

ਕਰਤਾਰ ਸਿੰਘ ਦੁੱਗਲ ਨੇ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਦੇ ਤੌਰ 'ਤੇ ਪ੍ਰਵੇਸ਼ ਕੀਤਾ। ਦੁੱਗਲ ਨੂੰ ਨਾਵਲ ਕਾਰ ਦੇ ਤੌਰ 'ਤੇ ਨਾਵਲ ਖੇਤਰ ਵਿਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਦੇ ਖੇਤਰ ਵਿਚ ਪ੍ਰਾਪਤ ਹੈ। ਦੁੱਗਲ ਨੇ ਹੁਣ ਤੱਕ **'ਆਂਦਰਾਂ', 'ਨਹੁੰ ਤੇ ਮਾਸ', 'ਇਕ ਦਿਲ ਵਿਕਾਊ', 'ਦਿਲ ਦਰਿਆ', 'ਮੇਰਾ ਦਿਲ ਮੋੜ ਦੇ', 'ਤ੍ਰੈ ਲੜੀ', 'ਹਾਲ ਮੁਰੀਦਾ ਦਾ', 'ਮਨ ਪਰਦੇਸੀ', 'ਮਾਂ ਪਿਉ ਦੇ ਜਾਏ', 'ਅੰਮੀ ਨੂੰ ਕੀ ਹੋਗਿਆ', 'ਫੁੱਲਾਂ ਦਾ ਸਾਥ', 'ਪੈਣਗੇ ਵੈਣ ਡੂੰਘੇ**' ਆਦਿ ਨਾਵਲ ਲਿਖੇ ਹਨ। '**ਆਂਦਰਾਂ**' ਨਾਵਲ ਵਿਚ ਦੁੱਗਲ ਨੇ ਜਾਗੀਰਦਾਰ ਤੇ ਮੁਜਾਰਿਆਂ ਦੇ ਆਪਸੀ ਸੰਘਰਸ਼ ਨੂੰ ਬਿਆਨ ਕਰਦੇ ਹੋਏ ਜਾਗੀਰਦਾਰੀ ਸਮਾਜ ਦੀਆਂ ਛੁਪੀਆਂ ਬੁਰਾਈਆਂ ਤੇ ਭ੍ਰਿਸ਼ਟਾਚਾਰ ਨੂੰ ਨੰਗਿਆਂ ਕੀਤਾ ਹੈ।

**ਨਿਰੰਜਨ ਤਸਨੀਮ:-**

ਨਿਰੰਜਨ ਤਸਨੀਮ ਆਪਣੇ ਸਮੇਂ ਦਾ ਪ੍ਰਸਿੱਧ ਨਾਵਲ ਕਾਰ ਹੋਇਆ ਹੈ। ਉਸਨੇ **'ਤ੍ਰੇੜਾਂ ਤੇ ਰੂਪ', 'ਕਸਕ', 'ਪਰਛਾਵੇਂ', 'ਰੇਤ ਛੱਲ', 'ਅਜਨਵੀ ਲੋਕ', 'ਸਵੇਰ ਹੋਣ ਤੱਕ' ਅਤੇ 'ਗੁਆਚੇ ਅਰਥ'** ਆਦਿ ਨਾਵਲ ਲਿਖੇ ਹਨ। '**ਗੁਆਚੇ ਅਰਥ'** ਨਾਵਲ ਲਈ ਨਰਿੰਜਨ ਤਸਨੀਮ ਨੂੰ ਸਾਹਿਤ ਅਕਾਦਮੀ ਐਵਾਰਡ ਵੀ ਮਿਲਿਆ।

**ਡਾ. ਦਲੀਪ ਕੌਰ ਟਿਵਾਣਾ:-**

ਡਾ. ਦਲੀਪ ਕੌਰ ਟਿਵਾਣਾ ਨੇ ਰਚਨਾਤਮਕ ਜੀਵਨ ਦੀ ਸ਼ੁਰੂਆਤ ਇਕ ਕਹਾਣੀਕਾਰ ਦੇ ਰੂਪ ਵਿਚ ਕੀਤੀ ਸੀ। ਉਸ ਦੇ ਪਹਿਲੇ ਨਾਵਲ 'ਅਗਨੀ ਪਰੀਖਿਆ' ਪ੍ਰਕਾਸ਼ਿਤ ਹੋਣ ਤੋ ਪਹਿਲਾਂ ਉਸ ਨੇ ਛੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਸਨ। ਪਰ ਉਹ ਆਪਣੇ ਪਹਿਲੇ ਹੀ ਨਾਵਲ ਨਾਲ ਸਾਹਿਤਕ ਹਲਕਿਆਂ ਵਿਚ ਏਨੀ ਪ੍ਰਸਿੱਧ ਹੋ ਗਈ ਬਾਅਦ ਵਿਚ ਕਹਾਣੀ ਲਿਖਣ ਬਾਰੇ ਕਦੇ ਸੋਚਿਆ ਵੀ ਨਾ। ਟਿਵਾਣਾ ਨੇ **'ਏਹੁ ਹਮਾਰਾ ਜੀਵਣਾ' ਅਤੇ' ਤੀਲ੍ਹੀ ਦਾ ਨਿਸ਼ਾਨ'** ਮਹੱਤਵਪੂਰਨ ਰਚਨਾਵਾਂ ਹਨ। '**ਏਹੁ ਹਮਾਰਾ ਜੀਵਣਾ'** ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਇੱਕ ਸਫ਼ਲ ਨਾਵਲ ਹੈ। ਉਸ ਦੇ ਨਵੇਂ ਨਾਵਲ **'ਕੰਸੋ', 'ਸੋਹਜ ਤੇ ਸਮੁੰਦਰ'**, **'ਹਸਤਾਖਰ', 'ਪੈੜ-ਚਾਲ', 'ਰਿਣ ਪਿੱਤਰਾਂ ਦਾ', 'ਲੰਘ ਗਏ ਦਰਿਆ', 'ਜ਼ਿਮੀ ਪੁਛੈ ਅਸਮਾਨ' ਅਤੇ 'ਕਥਾ ਕਹੋ ਉਰਵਸ਼ੀ'** ਆਦਿ ਉਸ ਦੇ ਪ੍ਰਸਿੱਧ ਨਾਵਲ ਹਨ। ਦਲੀਪ ਕੌਰ ਟਿਵਾਣਾ ਨੂੰ ਉਸਦੀ ਵੱਡ ਆਕਾਰੀ ਗਦ ਰਚਨਾ '**ਕਥਾ ਕਹੋ ਊਰਵਸ਼ੀ'** ਉੱਤੇ ਬਿਰਲਾ ਫ਼ਾਉਂਡੇਸ਼ਨ ਦੇ ਸਰਸਵਤੀ ਸਨਮਾਨ ਨਾਲ ਪੁਰਸਕਾਰਿਆ ਹੈ।

**ਅਜੀਤ ਕੌਰ:-**

ਅਜੀਤ ਕੌਰ ਦਾ ਸੁਤੰਤਰਤਾ ਉਪਰੰਤ ਰਚੇ ਪੰਜਾਬੀ ਗਲਪ ਸਾਹਿਤ ਅੱਡਰਾ ਮੁਕਾਮ ਹੈ। ਉਸ ਦੀਆਂ ਗਲਪ ਰਚਨਾਵਾਂ ਸ਼ਹਿਰੀ ਜੀਵਨ ਦੀਆਂ ਝਲਕਾਂ ਪੇਸ਼ ਕਰਦੀਆਂ ਹਨ। ਉਸ ਦੀਆਂ ਬਹੁਤੀਆਂ ਗਲਪ ਰਚਨਾਵਾਂ ਉਸ ਦੇ ਆਪਣੇ ਹੰਢਾਏ ਸੱਚ ਦੀ ਭਾਵਨਾਤਮਕ ਪ੍ਰਸਤੁਤੀ ਹਨ। **'ਪੋਸਟ ਮਾਰਟਮ' ਅਤੇ 'ਧੁੱਪ ਵਾਲਾ ਸ਼ਹਿਰ'**ਆਦਿ ਦੇ ਨਾਮ ਵਿਸ਼ੇਸ ਪੰਜਾਬੀ ਨਾਵਲ ਖੇਤਰ ਵਿੱਚ ਲਏ ਜਾ ਸਕਦੇ ਹਨ ਇਹਨਾਂ ਵਿੱਚ ਉਸਨੇ ਨਵੀਆਂ ਕੀਮਤਾਂ ਨੂੰ ਪਰਿਵਰਤਨਸ਼ੀਲ ਮਨੁੱਖੀ ਸੁਭਾਅ ਦੇ ਪ੍ਰਸੰਗ ਵਿੱਚ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਇਲਾਵਾ **'ਫਾਲਤੂ ਔਰਤ', 'ਕਟੀਆ ਲਕੀਰਾਂ', 'ਟੁੱਟੇ ਤਿਕੋਣ'** ਆਦਿ ਉਸ ਦੇ ਹੋਰ ਨਾਵਲ ਹਨ।

**ਸੁਰਿੰਦਰ ਜੌਹਰ:-**

ਸੁਰਿੰਦਰ ਜੋਹਰ ਆਪਣੇ ਸਮੇਂ ਦਾ ਮਹੱਤਵਪੂਰਨ ਨਾਵਲਕਾਰ ਹੈ। ਜੌਹਰ ਨੇ **'ਰਾਹਾਂ ਦੀ ਧੂੜ', 'ਧੁੱਪ ਦਾ ਸਫਰ', 'ਸੁੱਕੇ ਪੱਤੇ', 'ਧੁਆਂਖੇ ਰਾਹ', 'ਟੁੱਟੀਆਂ ਤੰਦਾਂ', 'ਮੋਈ ਰੁੱਤ'** ਆਦਿ ਨਾਵਲਾਂ ਨਾਲ ਪੰਜਾਬੀ ਨਾਵਲ ਜਗਤ ਵਿਚ ਅਹਿਮ ਯੋਗਦਾਨ ਦੇ ਚੁੱਕਾ ਹੈ। ਉਸਨੇ ਉਪਰਲੀ ਮੱਧ ਸ਼੍ਰੇਣੀ ਦੇ ਜੀਵਨ ਨੂੰ ਚਿਤਰਿਆ ਹੈ। ਇਸਦੇ ਪਹਿਲੇ ਨਾਵਲਾਂ ਵਿੱਚ ਕਹਾਣੀ ਪ੍ਰਧਾਨ ਹੈ ਉਸਦੇ ਨਵੇਂ ਨਾਵਲ '**ਮੋਈ ਰੁੱਤ**' ਵਿੱਚ ਵਸਤੂ ਦੇ ਨਾਲ-ਨਾਲ ਆਕਾਰ ਵੀ ਬਦਲਿਆ ਹੈ।

**ਮਨਜੀਤ ਰਾਣਾ :-**

ਮਨਜੀਤ ਰਾਣਾ ਉਹਨਾਂ ਭਾਰਤੀ ਲੇਖਕਾਂ ਵਿਚੋਂ ਹੈ ਜੋ ਵਿਦੇਸ਼ ਵਿਚ ਰਹਿ ਕੇ ਪੰਜਾਬੀ ਸਾਹਿਤ ਦੀ ਸਿਰਜਣਾ ਕਰ ਰਹੇ ਹਨ। **'ਧਰਤੀ ਦੇ ਵਾਰਸ', 'ਅੰਗਰੇਜ਼ ਕੁੜੀਆਂ' ਅਤੇ 'ਦਿਲ ਤੇ ਦੁਨੀਆ'** ਮਨਜੀਤ ਰਾਣਾ ਨੇ ਸਫ਼ਲ ਨਾਵਲ ਲਿਖੇ ਹਨ। ਅੰਗਰੇਜ ਕੁੜੀਆਂ ਨਾਵਲ ਵਿਚ ਅਸ਼ਲੀਲ ਦ੍ਰਿਸ਼ ਹੋਣ ਕਰਕੇ ਚੰਗਾ ਪ੍ਰਭਾਵ ਨਹੀਂ ਪਿਆ। ਧਰਤੀ ਦੇ ਵਾਰਸ ਅਤੇ ਦਿਲ ਤੇ ਦੁਨੀਆਂ ਨਾਵਲ ਵੀ ਭਾਵਨਾਤਮਕ ਪੱਧਰ ਦੇ ਹਨ। ਮਨਜੀਤ ਰਾਣਾ ਦੀ ਵਿਸ਼ੇਸ਼ਤਾ ਇਸ ਗੱਲ ਤੇ ਹੈ ਕਿ ਉਸਨੇ ਆਪਣੇ ਨਾਵਲਾਂ ਵਿੱਚ ਮਨੁੱਖੀ ਜੀਵਨ ਦੇ ਹਨ੍ਹੇਰੇ ਪੱਖਾਂ ਉੱਤੇ ਰੋਸ਼ਨੀ ਪਾਈ ਹੈ।

**ਸੁਰਜੀਤ ਹਾਂਸ:-**

ਸੁਰਜੀਤ ਹਾਂਸ ਦੇ ਹੁਣ ਤੁਕ ਦੋ ਨਾਵਲ ਹੀ ਪ੍ਰਕਾਸ਼ਤ ਹੋਏ ਹਨ **'ਮਿੱਟੀ ਦੀ ਢੇਰੀ' ਅਤੇ 'ਪੁਸ਼ਤਾ'**। ਇਹ ਪੰਜਾਬੀ ਨਾਵਲ ਵਿੱਚ ਵੱਖਰੀ ਸ਼ੈਲੀ ਨੂੰ ਪੇਸ਼ ਕਰਨ ਵਾਲੇ ਨਾਵਲ ਹਨ। ਸੁਰਜੀਤ ਹਾਂਸ ਦਾ ਨਾਵਲ '**ਮਿੱਟੀ ਦੀ ਢੇਰੀ**' ਸਾਂਸਕ੍ਰਿਤਕ ਕੀਮਤਾਂ ਨੂੰ ਪ੍ਰਸਤੁਤ ਕਰਨ ਵਾਲਾ ਨਾਵਲ ਹੈ। ਇਸ ਵਿਚ ਇਕ ਡਾਕਟਰ ਦੇ ਜੀਵਨ ਦੀ ਵਿਥਿਆ ਹੈ ਜੋ ਕਿਸ਼ੋਰ ਅਵਸਥਾ ਦੀ ਲੜਕੀ ਨਾਲ ਜਿਣਸੀ ਸੰਬੰਧ ਸਥਾਪਤ ਕਰਦਾ ਹੈ ਤੇ ਸਮਾਜ ਵਿਚ ਆਪਣੇ ਬਣੇ ਬਣਾਏ ਨਾਮ ਨੂੰ ਮਿੱਟੀ ਵਿਚ ਮਿਲਾ ਲੈਂਦਾ ਹੈ।

**ਜਗਜੀਤ ਬਰਾੜ:-**

ਜਗਜੀਤ ਬਰਾੜ ਦਾ ਨਾਵਲ '**ਧੁੱਪ ਦਰਿਆ ਦੀ ਦੋਸਤੀ**' ਨਿੱਕੇ ਆਕਾਰ ਦਾ ਆਧੁਨਿਕ ਚੇਤਨਤਾ ਦਾ ਪ੍ਰਤੀਕ ਨਾਵਲ ਹੈ। ਇਸ ਵਿਚ ਹਸਪਤਾਲ ਵਿਚ ਦਾਖਲ ਹੋਏ ਮਰੀਜ਼ ਦੇ ਨਰਸ ਨਾਲ ਪ੍ਰੇਮ ਸੰਬੰਧਾਂ ਨਾਲ ਸੰਬੰਧਿਤ ਕਹਾਣੀ ਹੈ। ਇਸ ਨਾਵਲ ਵਿਚ ਮਰੀਜ਼ ਦਾ ਪਤਾ ਲੈਣ ਆਏ ਉਸ ਦੇ ਦੋਸਤ ਦਾ ਨਰਸ ਵੱਲ ਖਿਚਿਆ ਜਾਣਾ ਮਰੀਜ਼ 'ਤੇ ਮਾਨਸਿਕ ਅਸਰ ਕਰਦਾ ਹੈ।

**ਮਹਿੰਦਰ ਸਿੰਘ ਸਰਨਾ**:-

ਸਰਨਾ ਭਾਵੇਂ ਕਹਾਣੀਕਾਰ ਪਹਿਲਾਂ ਹੈ ਤੇ ਨਾਵਲਕਾਰ ਪਿਛੋਂ ਪਰ ਉਸਦੇ ਨਾਵਲ '**ਪੀੜਾਂ ਮੱਲੇ ਰਾਹ**' ਅਤੇ '**ਕਾਂਗਾਂ ਦੇ ਕੰਡੇ**' ਲਿਖੇ ਹਨ। ਮਨੋਵਿਗਿਆਨਕ ਪਾਤਰ ਚਿਤਰ ਅਤੇ ਵਿਅੰਗਾਤਾਮਕ ਸ਼ੈਲੀ ਇਹਨਾਂ ਨਾਵਲ ਦੇ ਵਿਸ਼ੇਸ਼ ਗੁਣ ਹਨ। ਇਹਨਾਂ ਨਾਵਲਾਂ ਵਿਚ ਸਰਨਾ ਨੇ ਅਜੋਕੀ ਮੱਧ ਸ਼੍ਰੇਣੀ ਦਾ ਜੀਵਨ ਯਥਾਰਥ ਪੇਸ਼ ਕੀਤਾ ਹੈ। ਇਸ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਦੀਆਂ ਮਾਨਸਿਕ ਸਥਿਤੀਆਂ ਕਲਾਤਮਕ ਢੰਗ ਨਾਲ ਦਰਸਾਈਆਂ ਗਈਆਂ ਹਨ।

**ਹਰਨਾਮ ਦਾਸ ਸਹਿਰਾਈ**:-

ਹਰਨਾਮ ਦਾਸ ਨੇ ਪੰਜਾਬੀ ਸਾਹਿਤ ਨੂੰ ਸਮਾਜਕ ਤੇ ਇਤਿਹਾਸਕ ਦੋ ਪਕਾਰ ਦੇ ਨਾਵਲ ਦਿੱਤੇ ਹਨ '**ਲੋਹਗੜ੍ਹ**' ਅਤੇ '**ਅਨੂਪ ਕੌਰ**' ਉਸਦੇ ਇਤਿਹਾਸਕ ਨਾਵਲ ਹਨ। '**ਸਫੈਦ ਪੋਸ਼**' ਨਾਵਲ ਵਿੱਚ ਉਸਨੇ ਸਮਾਜ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ ਤੇ ਕਾਮਵਾਸ਼ਨਾ ਨੂੰ ਪੇਸ਼ ਕੀਤਾ ਹੈ। ਉਸਦੇ ਹੋਰ ਨਾਵਲ ਹਨ '**ਸਤਰੰਗ**', '**ਡਾਂਚੀ**', '**ਅੱਧੀ ਰਾਤ**', '**ਗਲੀ ਮਹੱਲੇ ਦੇ ਲੋਕ**' ਆਦਿ।

**ਕਰਮਜੀਤ ਕੁੱਸਾ:**

ਨਵੀਂ ਪੀੜ੍ਹੀ ਦੇ ਨਾਵਲਕਾਰਾਂ ਵਿਚ ਕਰਮਜੀਤ ਕੁੱਸਾ ਨੂੰ ਸਭ ਤੋਂ ਵੱਧ ਮਾਨਤਾ ਪ੍ਰਾਪਤ ਹੋਈ ਹੈ। '**ਬੁਕਰੇ ਵਾਲੇ ਲੁਟੇਰੇ**', '**ਰਾਤ ਦੇ ਰਾਹੀਂ**', '**ਰੋਈ ਬੀਆਬਾਨ**', '**ਅੱਗ ਦਾ ਗੀਤ**'**ਅਤੇ** '**ਜਖਮੀ ਦਰਿਆ**' ਉਸ ਦੇ ਕੁਝ ਪ੍ਰਸਿੱਧ ਨਾਵਲ ਹਨ। '**ਬੁਕਰੇ ਵਾਲੇ ਲੁਟੇਰੇ**' ਉਸ ਦੇ ਅਭਿਆਸੀ ਦੌਰ ਦੀ ਰਚਨਾ ਸੀ, ਇਸ ਕਾਰਣ ਇਸ ਵਿਚ ਰੋਮਾਨੀਅਤ ਦਾ ਰੰਗ ਵਧੇਰੇ ਪ੍ਰਬਲ ਹੈ ਪਰੰਤੂ ਪਿਛਲੇ ਨਾਵਲਾਂ ਵਿਚ ਉਸ ਨੇ ਨਿਮਨ ਕਿਸਾਨੀ ਸਮਾਜ ਦੇ ਉਲਾਰਾਂ-ਵਿਕਾਰਾਂ ਦੀ ਬੜੀ ਵਿਸ਼ਵਾਸ ਯੋਗ ਤਸਵੀਰ ਪੇਸ਼ ਕੀਤੀ ਹੈ। ਕੁੱਸੇ ਦੇ ਅਗਲੇ ਨਾਵਲ '**ਰਾਤ ਦੇ ਰਾਹੀਂ**' ਵਿਚ ਛੋਟੀ ਕਿਸਾਨੀ ਤੋਂ ਉਤਪੰਨ ਹੋਏ ਔਰਤ ਮਰਦ ਦੇ ਜਿਨਸੀ ਸੰਬੰਧਾਂ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕੀਤਾ ਹੈ। ਕਰਮਜੀਤ ਕੁੱਸਾ ਨੇ '**ਜਖਮੀ ਦਰਿਆ**' ਵਿਚ ਪੰਜਾਬ ਸੰਕਟ ਨੂੰ ਵਸਤੂ ਸਾਮਗਰੀ ਦੇ ਰੂਪ ਵਿਚ ਅਪਣਾਇਆ ਹੈ ਇਹ ਇਸ ਵਿਸ਼ੇ ਬਾਰੇ ਲਿਖੀ ਇਕ ਮਹੱਤਵਪੂਰਨ ਰਚਨਾਸ ਹੈ।

**ਜਸਵੰਤ ਸਿੰਘ ਵਿਰਦੀ:-**

ਜਸਵੰਤ ਸਿੰਘ ਨੇ ਆਪਣੇ ਨਾਵਲਾਂ ਵਿਚ ਸ਼ਹਿਰੀ ਜ਼ਿੰਦਗੀ ਦੇ ਤਣਾਵਾਂ, ਅੰਤਰ ਵਿਰੋਧਾਂ ਅਤੇ ਸਬਾਵਾਂ ਨੂੰ ਕਲਾਤਮਕ ਵਿਉਂਤ ਬੰਦੀ ਦੁਆਰਾ ਪੇਸ਼ ਕੀਤਾ ਹੈ। ਉਸ ਦੇ ਪ੍ਰਸਿੱਧ ਨਾਵਲ **'ਵਿਖਰੇ- ਵਿਖਰੇ'**, **'ਆਪਣੇ-ਆਪਣੇ ਸੁਖ'**, **'ਕੰਡਿਆਂ ਤੇ ਤੁਰਨਾ'**, **'ਅੱਧੀ ਰਾਤ'**, **'ਤਰਕਾਲਾਂ'**, **'ਅੰਦਰਲੇ ਦਰਵਾਜ਼ੇ'** ਆਦਿ ਵਰਣਨਯੋਗ ਨਾਵਲ ਹਨ। ਉਸ ਦੇ ਨਾਵਲਾਂ ਵਿਚ ਇਕ ਗੱਲ ਬੜੀ ਉਭਰ ਕੇ ਸਾਹਮਣੇ ਆਉਂਦੀ ਜੋ ਕਿ ਭਾਰਤ ਦੇ ਹਰ ਖੇਤਰ ਵਿਚ ਬੇਈਮਾਨੀ ਅਤੇ ਭ੍ਰਸ਼ਟਾਚਾਰ ਫੈਲਿਆ ਹੋਇਆ ਹੈ ਅਤੇ ਲਗਭਗ ਉਸ ਦੇ ਹਰ ਨਾਵਲ ਵਿਚ ਬੇਈਮਾਨੀ ਅਤੇ ਭ੍ਰਸ਼ਟਾਚਾਰ ਦੇ ਵਿਸ਼ਿਆ ਨੂੰ ਹੀ ਚੁਣਿਆ ਗਿਆ ਹੈ।

**ਰਾਮ ਸਰੂਪ ਅਣਖੀ:-**

"ਰਾਮ ਸਰੂਪ ਅਣਖੀ ਇਕ ਕਹਾਣੀਕਾਰ ਹੈ ਪਰ ਉਸ ਨੇ **"ਕੋਠੇ ਖੜਕ ਸਿੰਘ"** ਨਾਵਲ ਲਿਖ ਕੇ ਪੰਜਾਬੀ ਨਾਵਲ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਉਸ ਨੇ ਪੇਂਡੂ ਕਿਰਸਾਨ ਦੇ ਜੀਵਨ ਨੂੰ ਪੇਸ਼ ਕੀਤਾ ਹੈ। **'ਸੁਲਗਦੀ ਰਾਤ'**, **'ਕੱਖ ਕਾਨਿਆਂ ਦੇ ਪੁਲ'**, **'ਪ੍ਰਤਾਪੀ'** ਉਸਦੀਆਂ ਹੋਰ ਨਾਵਲੀ ਰਚਨਾਵਾਂ ਹਨ।"[51] ਇਸ ਤੋਂ ਇਲਾਵਾ ਉਸ ਨੇ **'ਜਖਮੀ ਅਤੀਤ'**, **'ਢਿੱਡ ਦੀ ਆਂਦਰ'**, **'ਜਿਨ ਸਿਰ ਸੋਹਿਣ ਪੱਟੀਆਂ'**, **'ਘੋੜਾ ਬਾਦਸ਼ਾਹ' ਅਤੇ 'ਤਿੰਨਾਂ ਬੂਹਿਆਂ ਵਾਲਾ ਘਰ'** ਆਦਿ ਉਤਮ ਨਾਵਲ ਹਨ।

**ਸਾਰ ਅੰਸ਼:-**

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਇਕ ਅਜਿਹੀ ਰਚਨਾ ਹੈ ਜਿਸ ਵਿਚ ਪੂਰੇ ਜੀਵਨ ਦੀ ਪੇਸ਼ਕਾਰੀ ਹੁੰਦੀ ਹੈ। ਨਾਵਲ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿਚ ਘਟਨਾਵਾਂ ਨੂੰ ਲੰਮੇ ਕਾਲ ਖੰਡ ਵਿਚ ਬਿਆਨ ਕੀਤਾ ਹੁੰਦਾ ਹੈ। ਨਾਵਲ ਵਿਚ ਅਜਿਹੀਆਂ ਘਟਨਾਵਾਂ ਦਾ ਬਿਆਨ ਹੁੰਦਾ ਹੈ ਜੋ ਸੱਚ ਵਾਂਗ ਦਿਖਾਈ ਦਿੰਦੀਆ ਹਨ। ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿਚ ਨਵੀਨ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ। ਨਾਵਲ ਦੇ ਨਿਕਾਸ ਵਿਕਾਸ ਵਿਚ ਅਨੇਕਾਂ ਨਾਵਲਕਾਰਾਂ ਨੇ ਯੋਗਦਾਨ ਦਿੱਤਾ ਇਹਨਾਂ ਵਿਚ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੰਤ ਸਿੰਘ ਸੇਖੋਂ, ਦਲੀਪ ਕੌਰ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਅਨੇਕਾਂ ਅਜਿਹੇ ਨਾਵਲਕਾਰ ਜਿਹਨਾਂ ਨੇ ਨਾਵਲ ਦੇ ਖੇਤਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ।

**ਹਵਾਲੇ ਅਤੇ ਟਿੱਪਣੀਆਂ:-**

1. ਡਾ. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ 9

2. ਡਾ. ਜਗਬੀਰ ਸਿੰਘ, ਪੱਛਮੀ ਸਾਹਿਤ-ਸਿਧਾਂਤ ਅਤੇ ਭਾਰਤੀ ਕਾਵਿ-ਸ਼ਾਸਤਰ, ਪੰਨਾ 7

3. ਡਾ. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਪੰਨਾ 35

4. ਪ੍ਰੋ. ਪਿਆਰਾ ਸਿੰਘ, ਮੱਧ ਕਾਲੀਨ ਪੰਜਾਬੀ ਕਵਿਤਾ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 1

5. ਗੁਰਦਿਆਲ ਸਿੰਘ ਫੁੱਲ, ਸਾਹਿਤ ਦੇ ਮੁੱਖ ਰੂਪ, ਪੰਨਾ 127

6. ਗੁਰਲਾਲ ਸਿੰਘ, ਨਿੱਕੀ ਕਹਾਣੀ: ਰੂਪਾਕਾਰ ਦੀ ਸਮੱਸਿਆ, ਪੰਜਾਬੀ ਕਹਾਣੀ ਨਵੀਨ ਪ੍ਰਵਿਰਤੀਆਂ, ਪੰਨਾ 18

7. ਡਾ. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਪੰਨਾ 396

8. ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 1

9. ਗੁਰਦਿਆਲ ਸਿੰਘ ਫੁੱਲ, ਸਾਹਿਤ ਦੇ ਮੁੱਖ ਰੂਪ, ਪੰਨਾ 127

10. ਡਾ. ਜਸਪਾਲ ਕੌਰ ਕਾਂਗ, ਡਾ. ਅਮਰਜੀਤ ਸਿੰਘਕਾਂਗ, ਗਲਪ ਚੇਤਨਾ ਤੋਂ ਗਲਪ ਸ਼ਾਸਤਰ ਤੱਕ, ਪੰਨਾ 23

11. ਪ੍ਰੋ ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 87

12. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਗਰ:ਮਹਾਨ ਕੋਸ਼, ਪੰਨਾ 288

13. ਭਾਸ਼ਾ ਵਿਭਾਗ, ਪੰਜਾਬੀ ਕੋਸ਼ (ਜਿਲਦ ਪਹਿਲੀ), ਪੰਨਾ 301

14. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 1

15. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 963

16. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 51

17. ਰਘਬੀਰ ਸਿੰਘ, ਦਰਬਾਰਾ ਸਿੰਘ (ਸੰਪਾ.), ਕਥਾ-ਕਹਾਣੀ (ਭੂਮਿਕਾ), ਪੰਨਾ 9

18. ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 89

19. ਉਧਰਿਤ: ਡਾ. ਜੀਤ ਸਿੰਘ ਸੀਤਲ (ਸੰਪਾ.), ਕਹਾਣੀ ਸਿਧਾਂਤ ਤੇ ਆਲੋਚਨਾ, ਪੰਨਾ 28

20. W.H. Hudson, An Introduction to the study of Literature, page 454

21. Dr. Radha Krishanan, Indian Philosophy, page 10

22. ਡਾ. ਗਿਆਨ ਚੰਦ ਸ਼ਰਮਾ (ਸੰਪਾ.), ਕਹਾਨੀ ਏਕ ਮੁਕਤ ਚਿੰਤਨ, ਕੁਛ ਕਹਾਨੀਆਂ, ਪੰਨਾ 6

23. ਪੰਡਿਤ ਕਿਸ਼ਨਾਨੰਦ ਪੰਤ, ਆਲੋਚਨਾ ਕੇ ਸਿਧਾਂਤ, ਪੰਨਾ 104

24. ਸੁਜਾਨ ਸਿੰਘ, ਦੁੱਖ-ਸੁੱਖ (ਭੂਮਿਕਾ), ਪੰਨਾ 5

25. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 18

26. ਡਾ. ਕਿਰਨਦੀਪ ਸਿੰਘ 'ਕਿਰਨ', ਪ੍ਰੇਮ ਪ੍ਰਕਾਸ਼ ਦੀ ਕਥਾ ਸੰਵੇਦਨਾ, ਪੰਨਾ 14

27. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 105

28. ਉਹੀ ਪੁਸਤਕ, ਪੰਨਾ 116

29. ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 555

30. ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਪੰਨਾ 3

31. ਪ੍ਰੋ ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 109

32. ਡਾ. ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 569

33. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਪੰਨਾ 430

34. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਨਾ 12

35. ਡਾ. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ 239

36. ਜੋਗਿੰਦਰ ਸਿੰਘ ਰਾਹੀਂ, ਮਸਲੇ ਗਲਪ ਦੇ, ਪੰਨਾ 10

37. ਡਾ. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ 239

38. ਡਾ. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ 241

39. ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 14

40. ਉਹੀ, ਪੰਨਾ 39

41. ਉਹੀ, ਪੰਨਾ 39

42. ਉਹੀ, ਪੰਨਾ 39

43. ਉਹੀ, ਪੰਨਾ 40

44. (ਉਦਰਤ) ਡਾ: ਸਵਿੰਦਰ ਸਿੰਘ ਉਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ 34

45. ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 44

46. An Introduction to the study of literature, page 154

47. ਡਾ. ਸਵਿੰਦਰ ਸਿੰਘ ਉਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ 30

48. ਡਾ. ਧਰਮਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 536

49. ਉਹੀ ਪੁਸਤਕ, ਪੰਨਾ 72

50. ਉਹੀ ਪੁਸਤਕ, ਪੰਨਾ 72

51. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ, ਪੰਨਾ 405

# ਅਧਿਆਇ ਦੂਜਾ

# ਜਸਵਿੰਦਰ ਸਿੰਘ ਦਾ ਜੀਵਨ, ਰਚਨਾ ਅਤੇ ਪ੍ਰਾਪਤੀਆਂ

**ਜੀਵਨ ਤੇ ਸ਼ਖ਼ਸੀਅਤ**

ਹਰ ਇੱਕ ਸਾਹਿਤਕਾਰ ਦੀ ਸਾਹਿਤਕ ਕਿਰਤ ਉੱਤੇ ਉਸ ਦੇ ਵਿਅਕਤੀਗਤ ਜੀਵਨ, ਸਮਕਾਲੀ ਸਮਾਜਕ ਜੀਵਨ ਅਤੇ ਸਮੇਂ ਦੀਆਂ ਪ੍ਰਸਥਿਤੀਆਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਸਾਹਿਤਕਾਰ ਸੰਬੰਧਿਤ ਸਮੇਂ ਦਾ ਵਾਤਾਵਰਨ ਉਸ ਦੇ ਬਣ ਰਹੇ ਸੰਸਕਾਰਾਂ ਨੂੰ ਨਵਾਂ ਮੋੜ ਦਿੰਦਾ ਹੈ। ਕਿਸੇ ਵੀ ਸਾਹਿਤਕਾਰ ਦੀ ਸਾਹਿਤਕ ਕਿਰਤ ਦਾ ਮੁਲਾਂਕਣ ਕਰਨ ਤੋਂ ਪਹਿਲਾਂ ਉਸ ਸਾਹਿਤਕਾਰ ਦੇ ਵਿਅਕਤੀਗਤ ਅਤੇ ਸਮਕਾਲੀ ਜੀਵਨ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਹਰ ਸਾਹਿਤਕਾਰ ਦੇ ਵਿਅਕਤੀਤਵ ਦਾ ਉਸ ਦੀ ਸਾਹਿਤਕ ਕਿਰਤ ਨਾਲ ਅਨਿਖੜਵਾਂ ਸੰਬੰਧ ਹੁੰਦਾ ਹੈ।

"ਲੇਖਕ ਜਿਸ ਚੌਗਿਰਦੇ, ਮਾਹੌਲ ਅਤੇ ਸਮੁੱਚੀਆਂ ਜੀਵਨ ਹਾਲਾਤਾਂ ਵਿਚੋਂ ਗੁਜ਼ਰਦਾ ਹੈ ਉਨ੍ਹਾਂ ਦਾ ਉਸ ਦੇ ਸੁਚੇਤ ਅਤੇ ਅਚੇਤ ਮਨ 'ਤੇ ਅਮਿੱਟ ਪ੍ਰਭਾਵ ਪੈਂਦਾ ਹੈ। ਵਧਿਆ ਲਿਖਤ ਨਿਰੋਲ ਅੱਖਰਾਂ, ਖ਼ਬਰਾਂ, ਸੁਣੀਆਂ ਗੱਲਾਂ ਜਾਂ ਆਮ ਘਟਨਾਵਾਂ ਵਿਚੋਂ ਪੈਦਾ ਨਹੀਂ ਹੁੰਦੀ, ਸਗੋਂ ਹਾਲਾਤ ਦਾ ਲੇਖਕ ਦੀ ਅੰਦਰਲੀ ਸ਼ਖ਼ਸੀਅਤ ਨਾਲ ਜਿਸ ਪ੍ਰਕਾਰ ਦਾ ਪ੍ਰਤੀਕਰਮ ਵਾਪਰਦਾ ਹੈ, ਉਸ ਦਾ ਅਤਿ ਭਾਵਨਾਤਮਕ ਹੁੰਗਾਰਾ ਹੀ ਲਿਖਤ ਦੀ ਜਿੰਦ-ਜਾਨ ਹੁੰਦਾ ਹੈ। ਜੀਵਨ ਦੇ ਵੱਖੋ-ਵੱਖ ਮੌਕਿਆਂ, ਨਿਕਟ-ਅਨੁਭਵਾਂ, ਨੇੜਲੇ ਸੰਬੰਧਾਂ ਵਿਚੋਂ ਡੂੰਘੇ ਪ੍ਰਭਾਵ ਵਾਲੀਆਂ ਚੀਜ਼ਾਂ ਹੀ ਲਿਖਤ ਦਾ ਮੂਲ ਸਾਰ ਬਣਦੀਆਂ ਹਨ।"[1]

ਮੇਰੇ ਖੋਜ ਨਿਬੰਧ ਦਾ ਵਿਸ਼ਾ "ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ" ਇਸ ਲਈ ਜ਼ਰੂਰੀ ਹੈ ਕਿ ਲੇਖਕ ਦੇ ਜੀਵਨ ਵੇਰਵੇ ਦਾ ਮੁਲਾਂਕਣ ਕਰਕੇ ਸਮਕਾਲੀ ਪ੍ਰਸੰਗ ਨੂੰ ਵਾਚ ਲਿਆ ਜਾਵੇ। ਜਸਵਿੰਦਰ ਸਿੰਘ ਦਾ ਜਨਮ 17 ਮਈ, 1954 ਨੂੰ ਪਿੰਡ ਉਮਰਵਾਲਾ ਬਿੱਲਾ, ਜ਼ਿਲ੍ਹਾ ਜਲੰਧਰ ਵਿਖੇ ਗਿਆਨੀ 'ਚਰਨ ਸਿੰਘ' ਦੇ ਘਰ ਹੋਇਆ ਹੈ। ਜਸਵਿੰਦਰ ਸਿੰਘ ਦੇ ਪਿਤਾ ਬਾਰ ਦੇ ਰਹਿਣ ਵਾਲੇ ਸਨ ਜੋ ਆਪਣੇ ਜ਼ਮਾਨੇ ਦੀਆਂ ਅੱਠ ਜਮਾਤਾਂ ਪਾਸ ਸਨ ਅਤੇ ਪੜ੍ਹਨ ਵਿੱਚ ਬਹੁਤ ਹੀ ਹੁਸ਼ਿਆਰ ਸਨ। ਜਸਵਿੰਦਰ ਸਿੰਘ ਦੀ ਮਾਤਾ ਦਾ ਨਾਂ ਸਰਦਾਰਨੀ ਜੋਗਿੰਦਰ ਕੌਰ ਹੈ। ਆਪ ਦੀਆਂ ਤਿੰਨ ਭੈਣਾਂ ਤੇ ਦੋ ਭਰਾ ਹਨ। ਭਰਾਵਾਂ ਵਿੱਚ ਸਭ ਤੋਂ ਛੋਟੇ ਹੋਣ ਕਰਕੇ ਪਿਤਾ ਦੇ ਲਾਡਲੇ ਸਨ। ਜਸਵਿੰਦਰ ਸਿੰਘ ਦੀ ਪਤਨੀ ਦਾ ਨਾਂ ਡਾ. ਧਨਵੰਤ ਕੌਰ ਹੈ ਜੋ ਕਿ ਪੇਸ਼ੇ ਪੱਖੋਂ ਪ੍ਰੋਫ਼ੈਸਰ ਹੈ। ਆਪ ਬਹੁਤ ਹੀ ਪੱਛੜੇ ਇਲਾਕੇ ਵਿੱਚ ਪੈਦਾ ਹੋਏ ਪਰ ਘਰ ਦਾ ਮਾਹੌਲ ਖੁੱਲ੍ਹਾ ਸੀ। ਜਸਵਿੰਦਰ ਸਿੰਘ ਦੇ ਪਿਤਾ ਕਮਿਉਨਿਸਟ ਪਾਰਟੀ ਵਿੱਚ ਸ਼ਾਮਿਲ ਸਨ। ਇਸ ਕਰਕੇ ਆਪ ਜੀ ਦੇ ਪਿਤਾ ਨੇ ਕਈ ਅਜ਼ਾਦੀ ਮੁਹਿੰਮਾ ਵਿੱਚ ਹਿੱਸਾ ਲਿਆ ਜਿਨ੍ਹਾਂ ਦੇ ਕਾਰਨ ਆਪ ਦੇ ਪਿਤਾ ਜੀ ਨੂੰ ਕਈ ਵਾਰ ਜੇਲ੍ਹ ਵੀ ਜਾਣਾ ਪਿਆ। ਜਦੋਂ ਕਦੇ ਆਪ ਦੇ ਇਲਾਕੇ

ਵਿਚ ਕਮਿਉਨਿਸਟ ਪਾਰਟੀ ਦੇ ਲੋਕ ਨਾਟਕ ਖੇਡਣ ਆਉਂਦੇ ਤਾਂ ਵਧੇਰੇ ਕਰਕੇ ਉਹ ਆਪ ਦੇ ਘਰ ਹੀ ਠਹਿਰਦੇ ਸਨ।

ਬਚਪਨ ਤੋਂ ਹੀ ਸੰਘਰਸ਼ੀ ਪਰਿਵਾਰਕ ਮਾਹੌਲ ਵਿਚ ਵਿਚਰਦਿਆਂ ਜਸਵਿੰਦਰ ਸਿੰਘ ਨੇ ਜੀਵਨ ਵਿਚ ਕੌੜੇ ਮਿੱਠੇ ਅਨੁਭਵ ਹੰਢਾਏ ਹਨ ਜਿਸ ਦਾ ਉਸ ਦੀ ਸ਼ਖ਼ਸੀਅਤ 'ਤੇ ਪ੍ਰਭਾਵ ਪਿਆ। ਸਾਹਿਤਕ ਸੂਝ ਦੇ ਨਾਲ-ਨਾਲ ਉਹ ਉਚੇਰੀ ਵਿਦਿਅਕ ਯੋਗਤਾ ਦੇ ਮਾਲਕ ਹਨ। ਆਪ ਨੇ ਪੰਜਵੀਂ ਤੱਕ ਦੀ ਵਿਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਦੱਸਵੀਂ ਗੁਰੂ ਹਰਿ ਗੋਬਿੰਦ ਹਾਈ ਸਕੂਲ, ਮਹਿਤਪੁਰ ਤੋਂ ਕੀਤੀ। ਆਪ ਪੰਜਵੀਂ ਵਿੱਚ ਜ਼ਿਲ੍ਹੇ ਭਰ ਦੇ ਕੇਂਦਰਾਂ ਵਿੱਚੋਂ ਪਹਿਲੇ ਨੰਬਰ 'ਤੇ ਰਹੇ। ਜ਼ਮੀਨ ਜਾਇਦਾਦ ਹੋਣ ਕਰਕੇ ਆਪ ਦੇ ਪਿਤਾ ਜੀ ਆਪ ਨੂੰ ਖੇਤੀਬਾੜੀ ਵਿੱਚ ਲਗਾਉਣਾ ਚਾਹੁੰਦੇ ਸਨ ਪਰ ਆਪ ਅੱਗੇ ਪੜ੍ਹਨਾ ਚਾਹੁੰਦੇ ਸੀ। ਜਸਵਿੰਦਰ ਸਿੰਘ ਨੇ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਦਾਖਲਾ ਲਿਆ। ਬੀ. ਏ. ਭਾਗ ਪਹਿਲਾ ਕਰਨ ਤੋਂ ਬਾਅਦ ਇਸ ਕਾਲਜ ਦੇ ਪੰਜਾਬੀ ਦੇ ਪ੍ਰੋਫ਼ੈਸਰ ਵੀਰ ਸਿੰਘ ਰੰਧਾਵਾ ਦੀ ਪ੍ਰੇਰਣਾ ਸਦਕਾ ਅਤੇ ਸਾਹਿਤ ਵਿੱਚ ਦਿਲਚਸਪੀ ਹੋਣ ਕਾਰਨ ਜਸਵਿੰਦਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਵਿਭਾਗ ਬੀ. ਏ. ਆਨਰਜ਼ ਵਿੱਚ ਦਾਖਲਾ ਲਿਆ ਅਤੇ ਇੱਥੋਂ ਹੀ ਆਪ ਨੇ ਬੀ. ਏ. ਆਨਰਜ਼ ਅਤੇ ਐੱਮ. ਏ. ਆਨਰਜ਼ ਦੀਆਂ ਡਿਗਰੀਆਂ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਪਾਸ ਕੀਤੀਆਂ। ਪੰਜਾਬੀ ਵਿਭਾਗ ਵਿੱਚ ਰਿਸਰਚ ਸਕਾਲਰ ਰਹਿ ਕੇ ਪੀ-ਐੱਚ. ਡੀ. ਦੀ ਡਿਗਰੀ 'ਪ੍ਰੋ. ਰਵਿੰਦਰ ਰਵੀ' ਦੀ ਨਿਗਰਾਨੀ ਹੇਠ "ਪੰਜਾਬੀ ਕਿੱਸਾ ਕਾਵਿ ਵਿੱਚ ਸੰਸਕ੍ਰਿਤਕ ਪੈਟਰਨ ਅਤੇ ਕੀਮਤਾਂ" ਦੇ ਵਿਸ਼ੇ ਉੱਤੇ ਕੀਤੀ। ਆਪ ਜੀ ਨੇ ਨਾਲ ਹੀ ਐਮ. ਏ. ਅੰਗਰੇਜ਼ੀ ਕੀਤੀ ਅਤੇ ਛੇ ਮਹੀਨੇ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਐਡਹਾਕ ਲੈਕਚਰਾਰ ਵਜੋਂ ਨੌਕਰੀ ਕੀਤੀ। ਜਸਵਿੰਦਰ ਸਿੰਘ 1979 ਤੋਂ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਲੈਕਚਰਾਰ, 1989 ਤੋਂ ਰੀਡਰ ਅਤੇ 1998 ਤੋਂ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਹਨ ਅਤੇ 1998 ਤੋਂ 2002 ਤਿੰਨ ਸਾਲ ਪੰਜਾਬੀ ਵਿਭਾਗ ਵਿੱਚ ਮੁਖੀ ਵਜੋਂ ਕਾਰਜ ਨਿਭਾ ਚੁੱਕੇ ਹਨ। ਉਹਨਾਂ ਨੇ ਗੁਰੂ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ, ਕੁਰਕਸ਼ੇਤਰ ਯੂਨੀਵਰਸਿਟੀ, ਕੁਰਸ਼ੇਤਰ, ਰੋਹਤਕ ਯੂਨੀਵਰਸਿਟੀ, ਰੋਹਤਕ, ਅਤੇ ਬੜੂ ਸਾਹਿਬ ਦੇ ਪੰਜਾਬੀ ਬੋਰਡਾਂ ਦੇ ਵਿਸ਼ੇਸ਼ ਮੈਂਬਰ ਵਲੋਂ ਕਾਰਜ ਕੀਤਾ ਹੈ। ਜਸਵਿੰਦਰ ਸਿੰਘ ਨੇ ਕਈ ਖੇਤਰੀ, ਰਾਸ਼ਟਰੀ, ਅੰਤਰ-ਰਾਸ਼ਟਰੀ ਪੱਧਰ ਦੀਆਂ ਗੋਸ਼ਟੀਆਂ/ਸੈਮੀਨਾਰ/ਕਾਨਫ਼ਰੰਸਾਂ ਵਿੱਚ ਖੋਜ ਪੇਪਰ ਪੜ੍ਹੇ ਜ਼ੋ ਵਿਭਿੰਨ ਰਸਾਲਿਆਂ ਜਾਂ ਸੰਪਾਦਤ ਪੁਸਤਕਾਂ ਵਿਚ ਪ੍ਰਕਾਸ਼ਿਤ ਹੋਏ ਲਗਭਗ 85 ਦੇ ਕਰੀਬ ਖੋਜ ਪੱਤਰ ਮਿਲਦੇ। ਇਸ ਤੋਂ ਇਲਾਵਾ ਉਨ੍ਹਾਂ ਦੀਆਂ 25 ਦੇ ਕਰੀਬ ਨਵ ਪ੍ਰਕਾਸ਼ਿਤ ਪੁਸਤਕਾਂ ਬਾਰੇ ਪੱਤਰ ਹਨ ਜਿਹੜੇ ਰਸਾਲਿਆਂ, ਅਖ਼ਬਾਰਾਂ ਅਤੇ ਪੁਸਤਕਾਂ ਵਿੱਚ ਪ੍ਰਕਾਸ਼ਿਤ ਹਨ। ਵਿਦਿਆਰਥੀ ਜੀਵਨ ਤੋਂ ਹੀ ਆਪ ਨੇ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਵਿਚ ਸ਼ਾਮਿਲ ਰਹੇ ਅਤੇ ਚੁਣੀ ਗਈ ਵਿਦਿਆਰਥੀ ਯੂਨੀਅਨ ਦੇ ਅਹੁਦੇਦਾਰ ਵੀ ਰਹੇ। ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਵਲੋਂ ਦਿੱਤੇ ਜਾਂਦੇ ਸਾਹਿਤਕ ਪੁਰਸਕਾਰ ਦੇ ਮਾਹਿਰ ਪੈਨਲ ਦੇ ਮੈਂਬਰ ਹਨ। ਜਸਵਿੰਦਰ ਸਿੰਘ ਰਿਸਰਚ ਸਕਾਲਰ ਐਸੋਸੀਏਸ਼ਨ ਦੇ

ਜਨਰਲ ਸਕੱਤਰ ਸਮੇਤ ਵੱਖ-ਵੱਖ ਅਹੁੱਦਿਆਂ ਅਤੇ ਸਰਗਮੀਆਂ ’ਤੇ ਕੰਮ ਕਰਨਾ ਆਪ ਦੀ ਪ੍ਰਤਿਭਾ ਤੇ ਸ਼ੌਂਕ ਰਿਹਾ ਹੈ।

ਜਸਵਿੰਦਰ ਸਿੰਘ ਦੀ ਸ਼ਖ਼ਸੀਅਤ ਦਾ ਇੱਕ ਖ਼ੂਬਸੂਰਤ ਪਹਿਲੂ ਆਪ ਦੇ ਅਧਿਆਪਨ ਕਾਰਜ ਨਾਲ ਜੁੜਿਆ ਹੋਇਆ ਹੈ। ਆਪਣੇ ਅਧਿਆਪਨ ਕਾਰਜ ਦੌਰਾਨ ਆਪ ਨੇ ਅਨੇਕਾਂ ਵਿਦਿਆਰਥੀਆਂ ਨੂੰ ਪ੍ਰਗਤੀਸ਼ੀਲ ਵਿਚਾਰਾਂ ਦੀ ਜਾਗ ਲਗਾਈ। ਆਪਣੇ ਸਾਹਿਤਕ, ਅਕਾਦਮਿਕ ਤੇ ਸੱਭਿਆਚਾਰਕ ਕਾਰਜਾਂ ਵਿੱਚੋਂ ਸਮਾਂ ਕੱਢ ਕੇ ਰਾਜਨੀਤਿਕ ਸਰਗਰਮੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਅਧਿਆਪਕਾਂ ਤੇ ਕਰਮਚਾਰੀਆਂ ਦੇ ਹੱਕਾਂ ਲਈ ਲੜਨ ਵਾਸਤੇ ਉਹ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ। ਜ਼ਿੰਦਗੀ ਵਿੱਚ ਕਦੇ ਵੀ ਉਹਨਾਂ ਨੇ ਸਮਝੌਤੇ ਦਾ ਰਾਹ ਨਹੀਂ ਅਪਣਾਇਆ ਭਾਵੇਂ ਇਸ ਲਈ ਉਹਨਾਂ ਨੂੰ ਵੱਡੀ ਤੋਂ ਵੱਡੀ ਕੀਮਤ ਹੀ ਕਿਉਂ ਨਾ ਦੇਣੀ ਪਈ ਹੋਵੇ। ਜਸਵਿੰਦਰ ਸਿੰਘ ਸਭ ਤੋਂ ਪਹਿਲਾ ਸੱਭਿਆਚਾਰ ਦਾ ਅਧਿਐਨ ਕਰਤਾ, ਫਿਰ ਆਲੋਚਕ ਅਤੇ ਫਿਰ ਕਹਾਣੀਕਾਰ ਵਜੋਂ ਜਾਣੇ ਜਾਣੇ ਹਨ। ਨਾਵਲ ਸਿਰਜਣਾ ਤੋਂ ਬਿਨਾਂ ਗਲਪੀ ਸਿਰਜਣਾ ਅਧੂਰੀ ਹੈ। ਉਹਨਾਂ ਦਾ ਪਹਿਲਾ ਨਾਵਲ ‘ਮਾਤਲੋਕ’ 2011 ਵਿਚ ਪ੍ਰਕਾਸ਼ਿਤ ਹੋਇਆ ਹੈ। ਜਸਵਿੰਦਰ ਸਿੰਘ ਦੇ ਸਵੈ ਕਥਨ ਅਨੁਸਾਰ:

> “ਇਹ ਚਾਰੇ ਖੇਤਰ ਇੰਨੇ ਜੁੜਵੇ ਹਨ ਕਿ ਮੈਂਨੂ ਸਹਿਜ ਹੀ ਨਵਾਂ ਸੰਤੁਲਨ ਪ੍ਰਾਪਤ ਹੁੰਦਾ ਗਿਆ, ਹਾਲਾਂ ਕਿ ਸਾਹਿਤ ਸਿਰਜਣਾ ਇਕ ਵੱਖਰਾ ਤੇ ਅਵੱਲਾ ਸ਼ੌਂਕ ਹੈ ਜਿਸ ਨੂੰ ਮੈਂ ਬੜੇ ਚਾਅ ਨਾਲ ਪੂਰਾ ਕਰਦਾ ਹਾਂ। ਮੇਰੇ ਲਈ ਸਾਹਿਤ ਆਲੋਚਨਾ ਅਤੇ ਸੱਭਿਆਚਾਰ ਦਾ ਅਧਿਐਨ ਵੀ ਕਿਸੇ ਵਡੇਰੇ ਪ੍ਰਸੰਗ ਵਿਚ ਅਰਥਵਾਨ ਹੁੰਦਾ ਰਹਿਦਾ ਹੈ।”[2]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਜਸਵਿੰਦਰ ਸਿੰਘ ਇੱਕ ਮਹਾਨ ਸ਼ਖਸ਼ੀਅਤ ਦੇ ਮਾਲਕ ਹਨ ਜਿਨ੍ਹਾਂ ਦੇ ਜੀਵਨ ਨੂੰ ਪੜ੍ਹਨ ਤੋਂ ਆਮ ਵਿਅਕਤੀ ਨੂੰ ਇੱਕ ਪ੍ਰੇਰਨਾ ਮਿਲਦੀ ਹੈ ਕਿ ਹਰ ਵਿਅਕਤੀ ਆਪਣੀ ਮੰਜ਼ਿਲ ਪਾ ਸਕਦਾ ਹੈ ਜੇਕਰ ਉਹ ਸਖਤ ਮਿਹਨਤ ਦੇ ਰਾਹ ’ਤੇ ਚਲਦਾ ਹੈ।

### ਸਾਹਿਤ ਦੇ ਖੇਤਰ ਨੂੰ ਦੇਣ

ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਜਸਵਿੰਦਰ ਸਿੰਘ ਇੱਕ ਸਥਾਪਤ ਨਾਮ ਹੈ। ਸਾਹਿਤ ਚਿੰਤਨ, ਸਿਰਜਣਾ ਅਤੇ ਖੋਜ ਦੀ ਨਿਰੰਤਰ ਚਲੀ ਆ ਰਹੀ ਮਾਣ ਮੱਤੀ ਧਾਰਾਂ ਵਿੱਚ ਜਸਵਿੰਦਰ ਸਿੰਘ ਅਜਿਹੀ ਵਿਵੇਕਮਈ ਪ੍ਰਤਿਭਾ ਦੇ ਤੌਰ ’ਤੇ ਸ਼ਾਮਿਲ ਹਨ ਜਿਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਖੋਜ ਅਤੇ ਅਧਿਆਪਨ ਦੇ ਮੁੱਢਲੇ ਦਿਨਾਂ ਵਿੱਚ ਹੀ ਅਦਬੀ ਅਤੇ ਅਧਿਆਪਕ ਹਲਕਿਆਂ ਨੂੰ ਆਕਰਸ਼ਿਤ ਕਰ ਲਿਆ ਸੀ। ਜਸਵਿੰਦਰ ਸਿੰਘ ਦੀ ਸਾਹਿਤਕ ਘਾਲਣਾ ਉਹਨਾਂ ਦੀ ਸਰਵਪੱਖੀ ਬਹੁਪੱਖੀ ਪ੍ਰਤਿਭਾ ਦੇ ਦਰਸ਼ਨ ਕਰਵਾਉਂਦੀ ਹੈ।

ਜਸਵਿੰਦਰ ਸਿੰਘ ਦਾ ਆਲੋਚਨਾਤਮਕ ਕਾਰਜ ਖੇਤਰ ਬਹੁਤ ਵਿਆਪਕ ਹੈ। ਆਪ ਨੇ ਆਲੋਚਨਾਤਮਕ ਖੇਤਰ ਵਿੱਚ ਨਾਵਲ, ਕਹਾਣੀ, ਕਵਿਤਾ ਆਦਿ ਸ਼ਾਮਿਲ ਹਨ। ਇੱਕ ਪ੍ਰਤੀਨਿਧ ਸਾਹਿਤ ਆਲੋਚਕ ਅਤੇ ਸੱਭਿਆਚਾਰ ਵਿਗਿਆਨੀ ਵਜੋਂ ਆਪਣਾ ਸਥਾਨ ਬਣਾਉਣ ਦੇ ਨਾਲ ਜਸਵਿੰਦਰ ਸਿੰਘ ਨੇ ਕਹਾਣੀਕਾਰ ਦੇ ਰੂਪ ਵਿੱਚ ਵੀ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਜਸਵਿੰਦਰ ਸਿੰਘ ਦਾ ਸਵੈ ਕਥਨ ਹੈ:.

"ਸੱਭਿਆਚਾਰ ਬਾਰੇ ਖੋਜ ਕਰਦਿਆਂ ਤੇ ਸਾਹਿਤ ਬਾਰੇ ਆਲੋਚਨਾ ਕਰਦਿਆਂ ਭਾਵੇਂ ਮੈਨੂੰ ਅਤਿਅੰਤ ਸੰਤੁਸ਼ਟੀ ਅਤੇ ਭਰਪੂਰ ਹੁੰਗਾਰਾ ਮਿਲਦਾ ਹੈ ਪਰ ਤਦ ਵੀ ਮੇਰੇ ਅੰਤਰ ਮਨ ਵਿੱਚ ਕਈ ਅਵਾਜ਼ਾਂ ਨਿਰੰਤਰ ਮੈਨੂੰ ਮੁਖ਼ਾਤਬ ਹੁੰਦੀਆਂ ਹਨ ਤੇ ਮੈਨੂੰ ਤੀਬਰ ਅਹਿਸਾਸ ਹੁੰਦਾ ਰਹਿੰਦਾ ਸੀ ਕਿ ਮੈਂ ਜੋ ਮਹਿਸੂਸ ਕਰਦਾ ਹਾਂ, ਜੋ ਚਾਹੁੰਦਾ ਹਾਂ, ਜੋ ਕਿਹਾ ਜਾਣਾ ਬਣਦਾ ਹੈ, ਜੋ ਮੈਂ ਕਹਿਣਾ ਚਾਹੁੰਦਾ ਹਾਂ ਅਤੇ ਕਿਹਾ ਨਹੀਂ ਜਾ ਰਿਹਾ ਨੂੰ ਕਲਾਤਮਕ ਪ੍ਰਗਟਾਵਾ ਦੇਣਾ ਜ਼ਰੂਰੀ ਹੈ ਜੋ ਅਜਿਹੇ ਹੀ ਅੰਦਰਲੇ ਵੇਗ ਨੇ ਤਿੱਖੇ ਹੁੰਗਾਰੇ ਤਹਿਤ, ਕਾਫੀ ਸੰਗ ਸੰਕੋਚ ਪਿੱਛੋਂ ਮੈ ਧਨਵੰਤ ਦੀ ਹੱਲਾ ਸ਼ੇਰੀ ਸਦਕਾ ਪਹਿਲੀ ਕਹਾਣੀ 'ਪਰਦੇਸੀ' ਲਿਖੀ।"[3]

ਇਸ ਤਰ੍ਹਾਂ ਜਸਵਿੰਦਰ ਸਿੰਘ ਦਾ ਸਾਹਿਤ ਦੇ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਹੈ। ਜਿਸ ਦਾ ਵਰਨਣ ਇਸ ਤਰ੍ਹਾਂ ਹੈ।

**ਸਾਹਿਤਕ ਖੇਤਰ ਵਿੱਚ ਯੋਗਦਾਨ ਤੇ ਪ੍ਰਾਪਤੀਆਂ**

1. ਸੱਭਿਆਚਾਰ ਅਤੇ ਕਿੱਸਾ ਕਾਵਿ, ਸੇਧ ਪ੍ਰਕਾਸ਼ਨ, ਪਟਿਆਲਾ, 1985

2. ਪੰਜਾਬੀ ਲੋਕ ਸਾਹਿਤ ਸ਼ਾਸਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, 2005

3. ਪੰਜਾਬੀ ਸੱਭਿਆਚਾਰ-ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 1989, 2013, 2014

4. ਪੰਜਾਬੀ ਗੀਤ ਕਾਵਿ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

5. ਕਥਾ ਲੋਕ, ਸਹਿ-ਲੇਖਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

6. ਖੂਹ ਖਾਤੇ, (ਕਹਾਣੀ ਸੰਗ੍ਰਿਹ) ਅਸਥੈਟਿਕ ਪਬੀਲੀਕੇਸ਼ਨ, ਲੁਧਿਆਣਾ, 1996

7. ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

8. ਗੁਰਬਖ਼ਸ ਸਿੰਘ ਦੀ ਸਵੈ-ਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

9. ਕਥਾ ਪ੍ਰਵਾਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

10. ਪਾਠ-ਦ੍ਰਿਸ਼ਟੀ, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2000

11. ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2000

12. ਨਵੀਨ ਕਾਵਿ ਸਿਤਾਰੇ, ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ, 2003

13. ਘਰ ਦਾ ਜੀਅ, ਕਹਾਣੀ ਸੰਗ੍ਰਹਿ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ, 2003

14. ਘਰ ਦਾ ਜੀਅ, ਕਹਾਣੀ ਸੰਗ੍ਰਹਿ (ਸ਼ਾਹ ਮੁਖੀ ਲਿਪੀ ਵਿੱਚ), 2004

15. ਬਾਵਾ ਬਲਵੰਤ ਰਚਨਾਵਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007

16. ਕਥਾ ਸੰਸਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009

17. ਪੰਜਾਬੀ ਸੱਭਿਆਚਾਰ: ਸਰੋਕਾਰ ਅਤੇ ਸਰੂਪ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, 2009

18. ਅਮਰੀਕੀ ਪੰਜਾਬੀ ਕਵਿਤਾ: ਇੱਕ ਪੁਨਰ ਮੁਲਾਂਕਣ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ, 2009

19. ਆਧੁਨਿਕ ਪੰਜਾਬੀ ਕਾਵਿ (1950-2010) ਸਾਹਿਤ ਅਕਾਦਮੀ, ਨਵੀਂ ਦਿੱਲੀ, 2011

20. ਲੋਕਧਾਰਾ ਅਤੇ ਆਧੁਨਿਕਤਾ: ਰੁਪਾਂਤਰਣ ਤੇ ਪੁਨਰ-ਮੁਲਾਂਕਣ (ਸਹਿ.ਸੰਪਾ.), 2011

21. ਮਾਤ ਲੋਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2011

22. ਪੰਜਾਬੀ ਸੱਭਿਆਚਾਰ: ਮੌਲਿਕ ਮੁਹਾਂਦਰਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, 2011

23. ਪੰਜਾਬੀ ਡਾਇਸਪੋਰਾ: ਸਾਹਿਤ ਅਤੇ ਸੱਭਿਆਚਾਰ (ਸਹਿ. ਸੰਪਾ), 2012

24. ਸੰਤ ਸਿੰਘ ਸੇਖੋਂ: ਜੀਵਨ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

ਇਸ ਤਰ੍ਹਾਂ ਉਪਰੋਕਤ ਸਾਰੀਆਂ ਪੁਸਤਕਾਂ ਜਸਵਿੰਦਰ ਸਿੰਘ ਦੁਆਰਾ ਪੰਜਾਬੀ ਸਾਹਿਤ ਖੇਤਰ ਨੂੰ ਇੱਕ ਬਹੁਤ ਵੱਡੀ ਦੇਣ ਹਨ। ਉਹਨਾਂ ਦੀਆਂ ਇਹਨਾਂ ਲਿਖਤਾਂ ਨਾਲ ਪੰਜਾਬੀ ਸਾਹਿਤ ਨੂੰ ਇੱਕ ਨਵੀਂ ਸੇਧ ਮਿਲੀ ਹੈ ਤੇ ਉਹਨਾਂ ਦੀਆਂ ਇਹਨਾਂ ਲਿਖਤਾ ਨੇ ਨਵੇਂ ਉਭਰ ਰਹੇ ਪਾਠਕਾਂ ਤੇ ਲੇਖਕਾਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ।

### ਖੋਜ ਦਿਸ਼ਾ ਨਿਰਦੇਸ਼ਕ

- ਜਸਵਿੰਦਰ ਸਿੰਘ ਦੀ ਨਿਗਰਾਨੀ ਅਧੀਨ 27 ਖੋਜਾਰਥੀ ਪੀ-ਐਚ. ਡੀ. ਸੰਪੂਰਨ ਕਰ ਕਰ ਚੁੱਕੇ ਹਨ। ਇਹਨਾਂ ਵਿਚੋਂ ਕੁਝ ਦਿੱਲੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਚੰਡੀਗੜ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਦਿੱਲੀ, ਹਰਿਆਣਾ ਅਤੇ ਪੰਜਾਬ ਦੇ ਅਲੱਗ ਅਲੱਗ ਕਾਲਜਾਂ ਅਤੇ ਹੋਰ ਅਕਾਦਮਿਕ ਸੰਸਥਾਵਾਂ ਵਿਚ ਅਧਿਆਪਕ ਦਾ ਕਾਰਜ ਨਿਭਾ ਰਹੇ ਹਨ।
- ਜਸਵਿੰਦਰ ਸਿੰਘ ਦੀ ਨਿਗਰਾਨੀ ਅਧੀਨ 46 ਵਿਦਿਆਰਥੀਆਂ ਨੇ ਐਮ.ਫਿਲ. ਦੀ ਡਿੰਗਰੀ ਪ੍ਰਾਪਤ ਕੀਤੀ ਹੈ।
- ਜਸਵਿੰਦਰ ਸਿੰਘ ਦੀ ਨਿਗਰਾਨੀ ਅਧੀਨ 8 ਵਿਦਿਆਰਥੀ ਪੀ-ਐਚ. ਡੀ. ਦਾ ਖੋਜ ਕਾਰਜ ਕਰ ਰਹੇ ਹਨ।

### ਪ੍ਰਾਪਤੀਆਂ

ਅਸੀਂ ਵੇਖ ਚੁੱਕੇ ਹਾਂ ਕਿ ਜਸਵਿੰਦਰ ਸਿੰਘ ਨੇ ਬਹੁਤ ਸਾਰੀਆਂ ਪੁਸਤਕਾਂ ਪੰਜਾਬੀ ਸਾਹਿਤ ਖੇਤਰ ਨੂੰ ਦਿੱਤੀਆਂ ਹਨ। ਉਹਨਾਂ ਦੀਆਂ ਇਹਨਾਂ ਪੁਸਤਕਾਂ ਨੇ ਪੰਜਾਬੀ ਸਾਹਿਤ ਵਿੱਚ ਇੱਕ ਨਵੀਂ ਚੇਤਨਾ ਨੂੰ ਪੇਸ਼ ਕੀਤਾ ਹੈ ਅਤੇ ਇਹਨਾਂ ਪੁਸਤਕਾਂ ਦਾ ਪੰਜਾਬੀ ਸਾਹਿਤ ਤੇ ਬਹੁਤ ਪ੍ਰਭਾਵ ਪਿਆ ਹੈ। ਸੋ ਇਸ ਤਰ੍ਹਾਂ ਉਹਨਾਂ ਦੀਆਂ ਪੁਸਤਕਾਂ ਇੰਨੀਆਂ ਪ੍ਰਭਾਵਸ਼ਾਲੀ ਹੋਈਆਂ ਹਨ ਕਿ ਉਹਨਾਂ ਨੂੰ ਉਹਨਾਂ ਦੀਆਂ ਰਚਨਾਵਾਂ ’ਤੇ ਬਹੁਤ ਸਾਰੇ ਪੁਰਸਕਾਰ ਵੀ ਮਿਲੇ ਜਿਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ:

1. ਪੰਜਾਬੀ ਸੱਭਿਆਚਾਰਕ: ਪਛਾਣ ਚਿੰਨ ਲਈ ਉਹਨਾਂ ਨੂੰ 1989 ਵਿੱਚ ਭਾਸ਼ਾ ਵਿਭਾਗ, ਪੰਜਾਬ ਵਲੋਂ ਆਲੋਚਨਾ ਦੀ ਸ੍ਰੇਸ਼ਠ ਪੁਸਤਕ ਲਈ ਤੇਜਾ ਸਿੰਘ ਸਰਵੋਤਮ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

2. ਜਸਵਿੰਦਰ ਸਿੰਘ ਦੇ ਪਹਿਲੇ ਕਹਾਣੀ ਸੰਗ੍ਰਿਹ “ਖੂਹ ਖਾਤੇ” ਨੂੰ 1996 ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਗਲਪ ਦੀ ਸ੍ਰੇਸ਼ਠ ਪੁਸਤਕ ਲਈ ਨਾਨਕ ਸਿੰਘ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

3. ਜਸਵਿੰਦਰ ਸਿੰਘ ਨੂੰ 1998 ਵਿਚ ਰਵਨੀਤ ਲਿੱਟ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

4. ਜਸਵਿੰਦਰ ਸਿੰਘ ਦੀ ਪੁਸਤਕ "ਨਵੀਨ ਪੰਜਾਬੀ ਕਵਿਤਾ: ਪਛਾਣ ਚਿੰਨ" ਨੂੰ 2000 ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਅਲੋਚਨਾ ਦੀ ਸਰੇਸ਼ਠ ਪੁਸਤਕ ਲਈ ਤੇਜਾ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਕੀਤਾ ਗਿਆ।

5. ਜਸਵਿੰਦਰ ਸਿੰਘ ਨੂੰ ਲੋਕ ਲਿਖਾਰੀ ਸਭਾ, ਜਗਰਾਉਂ ਵਲੋਂ ਪ੍ਰਿੰ. ਸੰਤ ਸਿੰਘ ਸੇਖੋਂ ਪੁਰਸਕਾਰ ਨਾਲ 2001 ਵਿਚ ਸਨਮਾਨਿਤ ਕੀਤਾ ਗਿਆ।

6. ਜਸਵਿੰਦਰ ਸਿੰਘ ਨੂੰ ਸਾਹਿਤ ਸਭਾ, ਨਿਝਰਾਂ, (ਆਰ.ਜੀ.) ਜਲੰਧਰ ਵਲੋਂ 2002 ਵਿਚ ਡਾ. ਦਲਜੀਤ ਸਿੰਘ ਮੈਮੋਰੀਅਲ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

7. ਜਸਵਿੰਦਰ ਸਿੰਘ ਨੂੰ ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆ, ਯੂ. ਐਸ. ਏ. ਵਲੋਂ ਪੰਜਾਬੀ ਅਲੋਚਨਾ ਅਤੇ ਗਲਪ ਵਿਚ ਵਡਮੁੱਲੇ ਕਾਰਜ ਲਈ 2002 ਵਿਚ ਸਨਮਾਨਿਤ ਕੀਤਾ ਗਿਆ।

8. ਜਸਵਿੰਦਰ ਸਿੰਘ ਨੂੰ ਰਚਨਾ ਵਿਚਾਰ ਮੰਚ, ਨਾਭਾ ਵਲੋਂ ਸਾਹਿਤ ਆਲੋਚਨਾ ਲਈ 2002 ਵਿਚ ਸਨਮਾਨਿਤ ਕੀਤਾ ਗਿਆ

9. ਜਸਵਿੰਦਰ ਸਿੰਘ ਨੂੰ ਕੋਮਾਂਤਰੀ ਕਲਮ ਮੰਚ ਵਲੋਂ ਪ੍ਰੋ. ਕੇਸਰ ਸਿੰਘ ਕੇਸਰ ਪੁਰਸਕਾਰ ਨਾਲ 2006 ਵਿਚ ਸਨਮਾਨਿਤ ਕੀਤਾ ਗਿਆ।

10. ਜਸਵਿੰਦਰ ਸਿੰਘ ਨੂੰ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵਲੋਂ ਸ੍ਰ. ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ 2006 ਵਿਚ ਸਨਮਾਨਿਤ ਕੀਤਾ ਗਿਆ।

11. ਜਸਵਿੰਦਰ ਸਿੰਘ ਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ ਸ਼੍ਰੋਮਣੀ ਪੰਜਾਬੀ ਆਲੋਚਕ ਪੁਰਸਕਾਰ ਨਾਲ 2008 ਵਿਚ ਸਨਮਾਨਿਤ ਕੀਤਾ ਗਿਆ।

ਇਸ ਤਰ੍ਹਾਂ ਇਸ ਤੋਂ ਇਲਾਵਾ ਇੱਥੇ ਹੀ ਬੱਸ ਨਹੀਂ ਉਹਨਾਂ ਨੂੰ ਅਮਰੀਕਾ ਦੇ ਕੈਲਫੋਰਨੀਆਂ ਸ਼ਹਿਰ ਵਿੱਚ ਵੀ ਉਹਨਾਂ ਨੂੰ "ਓਲਡ ਸਟੂਡੈਂਟ ਦੇ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਜਸਵਿੰਦਰ ਸਿੰਘ ਨੇ ਜਿਥੇ ਬਹੁਤ ਸਾਰੇ ਪੰਜਾਬੀ ਸਾਹਿਤ ਦੀ ਰਚਨਾ ਕੀਤੀ ਹੈ ਉੱਥੇ ਉਹਨਾਂ ਨੂੰ ਉਹਨਾਂ ਦੀ ਕੀਤੀ ਸਖਤ ਮਿਹਨਤ ਦੇ ਫਲ ਵਜੋਂ ਬਹੁਤ ਸਾਰੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

**ਹਵਾਲੇ ਤੇ ਟਿੱਪਣੀਆਂ**

1. ਨਿੱਜੀ ਮੁਲਾਕਾਤ

2. ਸਰੋਕਾਰ,ਮੁਲਾਕਣ ਵਿਸ਼ੇਸ,ਅੰਕ 26, ਪੰਨਾ 57

3. ਨਿੱਜੀ ਮੁਲਾਕਾਤ

# ਅਧਿਆਇ ਤੀਜਾ

# ਜਸਵਿੰਦਰ ਸਿੰਘ ਦੇ ਨਾਵਲ 'ਮਾਤ ਲੋਕ' ਦਾ ਵਿਸ਼ਾ ਪੱਖ

3.1 ਮਾਤ ਲੋਕ: 'ਕਾਮਨਾ ਦੇ ਅਵੇਸ਼ ’ਚੋਂ ਉਪਜੇ ਸੰਕਟ

3.2 ਮਾਤ ਲੋਕ: ਰਿਸ਼ਤਿਆ ਵਿਚ ਤਣਾਓ

3.3 ਮਾਤ ਲੋਕ: ਪੰਜਾਬੀ ਸੱਭਿਆਚਾਰ ਵਿਚ ਪਰਿਵਰਤਨ ਦੀ ਪੇਸ਼ਕਾਰੀ

3.4 ਮਾਤ ਲੋਕ: ਨਵੇਂ ਯਥਾਰਥ ਅਤੇ ਨਵੇਂ ਪ੍ਰਤੀਮਾਨਾਂ ਦੀ ਪੇਸ਼ਕਾਰੀ

3.5 ਮਾਤ ਲੋਕ: ਪੰਜਾਬ ਸੰਕਟ ਦੀ ਪੇਸ਼ਕਾਰੀ

ਜਸਵਿੰਦਰ ਸਿੰਘ ਆਪਣੇ ਪਲੇਠੇ ਨਾਵਲ 'ਮਾਤ ਲੋਕ' ਨਾਲ ਪੰਜਾਬੀ ਗਲਪ ਸਾਹਿਤ ਵਿਚ ਪ੍ਰਵੇਸ਼ ਕਰਦਾ ਹੈ। ਉਹਨਾਂ ਨੇ ਜਿਥੇ ਸਾਹਿਤ ਆਲੋਚਨਾ ਤੇ ਸੱਭਿਆਚਾਰ ’ਤੇ ਬਹੁਤ ਨਾਮ ਕਮਾਇਆ ਹੈ, ਉਥੇ ਉਹਨਾਂ ਨੇ ਨਾਵਲ 'ਮਾਤ ਲੋਕ' ਰਚ ਕੇ ਗਲਪ ਸਾਹਿਤ ਵਿਚ ਵੀ ਵੱਡਮੁੱਲਾ ਯੋਗਦਾਨ ਪਾ ਦਿੱਤਾ ਹੈ। ਇਹ ਨਾਵਲ 2011 ਵਿਚ ਪ੍ਰਕਾਸ਼ਿਤ ਹੋਇਆ ਹੈ। ਇਹ ਨਾਵਲ ਨਾ ਸਿਰਫ਼ ਪੰਜਾਬੀ ਨਾਵਲ ਸਾਹਮਣੇ ਕਈ ਸੁਵਾਲ ਖੜ੍ਹੇ ਕਰਦਾ ਹੈ ਬਲਕਿ ਪਾਠਕ ਨੂੰ ਵੀ ਕਈ ਕੁਝ ਸੋਚਣ ਲਈ ਮਜ਼ਬੂਰ ਕਰਦਾ ਹੈ। ਇਹ ਨਾਵਲ ਪੰਜਾਬੀ ਪਾਠਕ ਸਾਹਮਣੇ ਕੁਝ ਸਵਾਲ ਰੱਖਦਾ ਹੈ। ਮਾਤ ਲੋਕ ਆਧੁਨਿਕ ਪੰਜਾਬੀ ਨਾਵਲ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਵਾਲੀ ਰਚਨਾ ਹੈ। ਆਪਣੇ ਸਮੇਂ ਦੇ ਰਾਜਨੀਤਕ, ਸੰਸਕ੍ਰਿਤਕ ਖਿਲਾਰੇ ਨੂੰ ਨਾਵਲੀ ਬਿਰਤਾਂਤ ਵਿਚ ਕਿਸ ਤਰ੍ਹਾਂ ਬੰਨ੍ਹਣਾਂ ਹੈ, ਇਹ ਜੁਗਤ ਇਕ ਆਲੋਚਕ ਹੋਣ ਕਰਕੇ ਜਸਵਿੰਦਰ ਸਿੰਘ ਕੋਲ ਹੈ। ਜਸਵਿੰਦਰ ਸਿੰਘ ਮਾਨਵੀ ਸੰਸਾਰ ਨੂੰ ਕਾਮਨਾਵਾਂ ਦੇ ਭੇੜ ਵਿਚੋਂ ਉਗਮ ਰਹੇ ਮਾਤ ਲੋਕ ਦੇ ਰੂਪ ਵਿਚ ਦੇਖਦਾ ਹੈ ਅਤੇ ਇਹ ਸਾਰਾ ਮਾਤ ਲੋਕ ਬੰਦੇ ਨੂੰ ਸਜ਼ਾ ਦੇਣ ਲਈ ਪਹਿਲਾਂ ਹੀ ਘੜਿਆ ਪਿਆ ਸੀ। ਆਪਣੇ ਇਸ ਨਾਵਲ ਰਾਹੀਂ ਉਹ ਪਾਠਕ ਨੂੰ ਇਸ ਰਣਭੂਮੀ ਵਿਚ ਲੈ ਵੜਦਾ ਹੈ। ਇਸ ਤਰ੍ਹਾਂ ਸਾਡਾ ਸੰਬੰਧ ਇਥੇ ਇਸ ਅਧਿਆਇ ਵਿਚ ਜਸਵਿੰਦਰ ਸਿੰਘ ਦੇ ਨਾਵਲ ਮਾਤ ਲੋਕ ਦੇ ਵਿਸ਼ੇ ਨਾਲ ਹੈ। ਉਹਨਾਂ ਦੇ ਨਾਵਲ ਮਾਤ ਲੋਕ ਵਿਚੋਂ ਕੁਝ ਵਿਸ਼ੇ ਚੁਣੇ ਗਏ ਹਨ ਜਿਨਾਂ ਦਾ ਵਰਨਣ ਇਸ ਤਰ੍ਹਾਂ ਹੈ:

## 3.1 ਮਾਤ ਲੋਕ: ਕਾਮਨਾ ਦੇ ਅਵੇਸ਼ ’ਚੋਂ ਉਪਜਿਆ ਸੰਕਟ

ਨਾਵਲ ਪੂੰਜੀਵਾਦੀ ਵਿਵਸਥਾ ਦੀਆਂ ਜਟਿਲਤਾਵਾਂ ਨੂੰ ਭਰਪੂਰ ਰੂਪ ਵਿਚ ਪੇਸ਼ ਕਰਨ ਵਾਲੀ ਵਿਧਾ ਹੈ। ਜਿਉਂ-ਜਿਉਂ ਪੂੰਜੀ ਵਿਵਸਥਾ ਵਿਕਾਸ ਕਰਦਾ ਹੈ ਉਸ ਨਾਲ ਜੀਵਨ ਦੇ ਸੰਕਟ ਹੋਰ ਗੁੰਝਲਦਾਰ ਹੁੰਦੇ ਜਾਂਦੇ ਹਨ।

ਪੂੰਜੀਵਾਦੀ ਵਰਤਾਰਾ ਪਰੰਪਰਾਗਤ ਸੱਭਿਆਚਾਰਾਂ ਨਾਲ ਹਮੇਸ਼ਾ ਟਕਰਾਅ ਵਿਚ ਰਹਿੰਦਾ ਹੈ। ਇਸ ਲਈ ਡਾ. ਸਤਿੰਦਰ ਸਿੰਘ ਨੂਰ ਦਾ ਕਹਿਣਾ ਹੈ, “ਸਾਡੇ ਆਪਣੇ ਇਤਿਹਾਸਕ, ਸਮਾਜਕ ਤੇ ਸੱਭਿਆਚਾਰ ਵਿਸਥਾਰ ਇੰਨੇ ਵਧ ਗਏ ਹਨ ਕਿ ਨਾਵਲੀ-ਰਚਨਾ ਦੇ ਸੰਭਵ ਤੇ ਆਵੱਸ਼ਕ ਸਰੋਤ ਹਨ। ਇਨ੍ਹਾਂ ਵਿਸਥਾਰਾਂ ਨੂੰ ਨਾਵਲ ਦੀ ਵਿਧਾ ਹੀ ਤਸੱਲੀ ਨਾਲ ਪੇਸ਼ ਕਰ ਸਕਦੀ ਹੈ।”[1] ਦਰਅਸਲ ਨਾਵਲ ਦੀ ਵਿਧਾ ਇੱਕ ਇਤਿਹਾਸਕ ਪ੍ਰਕਿਰਿਆ ਵਿੱਚ ਪੈ ਕੇ ਆਪਣੀ ਸਮੱਰਥਾ ਗ੍ਰਹਿਣ ਕਰਦੀ ਹੈ।

ਪੰਜਾਬੀ ਨਾਵਲ ਵਿਧਾ ਅਤੇ ਵਸਤੂਗਤ ਪਾਸਾਰ ਦੇ ਪੱਖ ਤੋਂ ਨਿਰੰਤਰ ਵਿਕਾਸ ਕਰਦਾ ਰਿਹਾ ਹੈ। “ਸਮਕਾਲੀ ਨਾਵਲ ਵਿੱਚ ਜਿਹੜੀਆਂ ਧੁਨੀਆਂ ਪ੍ਰਮੁੱਖ ਰੂਪ ਵਿਚ ਹੁਣ ਤੱਕ ਕਮਜ਼ੋਰ ਸਨ ਉਹ ਕੇਂਦਰ ਵਿੱਚ ਆ ਰਹੀਆਂ ਹਨ। ਮੌਜੂਦਾ ਦੌਰ ਵਿਚ ਨਾਵਲ ਦਾ ਫੋਕਸ ਬਹੁ-ਪਰਤੀ ਅਤੇ ਬਹੁ-ਪਾਸਾਰੀ ਹੋ ਰਿਹਾ ਹੈ। ਹੁਣ ਦਾ ਪੰਜਾਬੀ ਨਾਵਲ ਪ੍ਰਵਿਰਤੀਆਂ ਤੋਂ ਮੁਕਤ ਹੋ ਕੇ ਦਸ਼ਾ ਬਿਆਨ ਕਰਨ ਵੱਲ ਵਧੇਰੇ ਰੁਚਿਤ ਹੋ ਰਿਹਾ ਹੈ। ਹੁਣ ਬਹੁ-ਧੁਨੀਆਂ ਵਾਲੇ ਖ਼ੁਦਮੁਖਤਾਰ ਪਾਤਰ ਨਾਵਲ ਵਿਚ ਨਵੀਂ ਪਰੰਪਰਾ ਸਥਾਪਿਤ ਕਰ ਰਹੇ ਹਨ। ਇਸੇ ਲਈ ਖੁੱਲ੍ਹੇ ਅੰਤ ਅਤੇ ਖੁੱਲ੍ਹੀ ਵਿਧਾ ਦੇ ਤੱਤਾਂ ਵਾਲੇ ਨਾਵਲ ਸਾਹਮਣੇ ਆ ਰਹੇ ਹਨ। ਇਸ ਵਿਚੋਂ ਹੀ ਵਿਕਾਸਸ਼ੀਲ ਪੰਜਾਬ ਦਾ ਬਹੁ-ਰੰਗਾ ਚਿੱਤਰ ਉਭਰ ਕੇ ਸਾਹਮਣੇ ਆਏਗਾ।”[2] ਜਸਵਿੰਦਰ ਸਿੰਘ ਦੇ ਨਾਵਲ ‘ਮਾਤ ਲੋਕ’ ਨੂੰ ਇਸੇ ਦ੍ਰਿਸ਼ਟੀ ਤੋਂ ਵੇਖਿਆ ਜਾ ਸਕਦਾ ਹੈ।

ਮਾਤ ਲੋਕ ਨਾਵਲ ਵਿਚਲਾ ਸਮਾਜ ਸਮਕਾਲੀ ਸਮਾਜ ਹੈ ਜਿਸ ਵਿਚੋਂ ਸਮਕਾਲ ਦੀਆਂ ਜਟਿਲਤਾਵਾਂ ਮਨੁੱਖੀ ਕਾਮਨਾਵਾਂ ਦੇ ਅਧੀਨ ਸੰਕਟ ਵੱਲ ਵਧਦੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਕਾਮਨਾਵਾਂ ਦਾ ਆਧਾਰ ਮਨੁੱਖੀ ਮਾਨਸਿਕਤਾ ਵਿੱਚ ਮੌਜੂਦ ਹੈ। ਇਨ੍ਹਾਂ ਕਾਮਨਾਵਾਂ ਦਾ ਮੂੰਹ-ਜ਼ੋਰ ਵੇਗ ਮਨੁੱਖ ਲਈ ਸੰਕਟ ਪੈਦਾ ਕਰਦਾ ਹੈ। ਇਹ ਵੇਗ ਇਕ ਪਾਸੇ ਮਨੁੱਖੀ ਫਿਤਰਤ ਅੰਦਰ ਮੌਜੂਦ ਹੈ ਜਿਹੜੀ ਫਿਤਰਤ ਮਨੁੱਖ ਅੰਦਰ ਮਨੁੱਖ ਤੋਂ ਸੱਭਿਅਕ ਮਨੁੱਖ ਤੱਕ ਦੇ ਸਫ਼ਰ ਅੰਦਰ ਨਿਰੰਤਰ ਵਿਕਾਸ ਕਰਦੀ ਹੈ। ਇਸ ਵਿੱਚ ਮੁੱਖ ਤੌਰ ’ਤੇ ਕਾਮ ਅਤੇ ਅਰਥ ਹਨ। ਇਹ ਪ੍ਰਕਿਤਕ ਤੌਰ ’ਤੇ ਬੁਨਿਆਦੀ ਲੋੜਾਂ ਹਨ ਪਰ ਜਦੋਂ ਇਹ ਤ੍ਰਿਸ਼ਨਾ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਤਾਂ ਮਨੁੱਖੀ ਸੰਕਟ ਦਾ ਕਾਰਨ ਬਣ ਜਾਂਦੀਆਂ ਹਨ। ਇਸ ਨਾਵਲ ਵਿਚਲਾ ਟਕਰਾਅ ਸਹਿਜ ਅਤੇ ਤਿੱਖੇ ਦੋਹਾਂ ਰੂਪਾਂ ਵਿਚ ਹੁੰਦਾ ਹੈ। ਕਾਮਨਾ ਦੋਹਾਂ ਵਿਚ ਸ਼ਾਮਲ ਹੁੰਦੀ ਹੈ, ਇਸ ਲਈ ਸਹਾਇਕ ਅਤੇ ਸੁਤੰਤਰ ਬਿਰਤਾਂਤ ਦੋ ਰੂਪਾਂ ਵਿਚ ਇਸ ਨਾਵਲੀ ਕਿਰਤ ਦਾ ਆਧਾਰ ਬਣਦਾ ਹੈ। ਮਾਤ ਲੋਕ ਨਾਵਲ ਵਿਚਲਾ ਇਹ ਬਿਰਤਾਂਤ ਇਕ ਜੱਗੇ ਅਤੇ ਬੱਲੀ ਦੇ ਰੂਪ ਵਿਚ ਦੂਜਾ ਬਲਦੇਵ ਅਤੇ ਹੇਮਾ ਦੇ ਰੂਪ ਵਿਚ ਪਸਰਦਾ ਹੈ।

ਕਾਮਨਾ ਦਾ ਪਹਿਲਾ ਆਧਾਰ ਜੱਗੇ ਅਤੇ ਬੱਲੀ ਦੇ ਸਬੰਧਾਂ ਵਿੱਚੋਂ ਉਭਰਦਾ ਹੈ। ਇਹ ਨਾਵਲਕਾਰ ਦੀ ਦ੍ਰਿਸ਼ਟੀ ਦਾ ਵਾਹਨ ਨਜ਼ਰ ਆਉਂਦਾ ਹੈ। ਬੱਲੀ ਦੇ ਮਨ ਦੀ ਕਾਮਨਾ ਸਾਧਾਰਨ ਭਾਰਤੀ ਔਰਤ ਦੀ ਕਾਮਨਾ ਹੈ ਜਿਸ ਵਿਚੋਂ ਉਹ ਆਦਰਸ਼ ਪਰਿਵਾਰ ਦੀ ਕਾਮਨਾ ਕਰਦੀ ਹੈ। ਇਸ ਕਾਮਨਾ ਦੇ ਰਸਤੇ ਵਿੱਚ ਜਾਤੀ ਵਿਵਸਥਾ ਇੱਕ ਉਲਝਣ ਪੈਦਾ ਕਰਦੀ ਹੈ ਪ੍ਰੰਤੂ ਨਾਵਲ ‘ਮਾਤ ਲੋਕ’ ਦੇ ਕਥਾਨਕ ਵਿਚਲੀਆਂ ਸਥਿਤੀਆਂ ਇਸ ਪ੍ਰਕਾਰ ਕਰਵੱਟ

ਬਦਲਦੀਆਂ ਹਨ ਕਿ ਜਾਤੀਵਾਦ ਗੌਣ ਰੂਪ ਵਿੱਚ ਬਦਲ ਜਾਂਦਾ ਹੈ। ਪਹਿਲੀ ਸਥਿਤੀ ਆਸਾ ਸਿੰਘ ਦੀ ਮੌਤ ਨਾਲ ਜੁੜੀ ਹੋਈ ਹੈ। ਮਨਰਾਜ ਬਲਦੇਵ ਨਾਲ ਅੰਤਰ-ਜਾਤੀ ਵਿਆਹ ਕਰਦੀ ਹੈ। ਇਸ ਵਿਆਹ ਲਈ ਮਨਰਾਜ ਪਰਿਵਾਰ ਤੋਂ ਬਾਗੀ ਹੋ ਕੇ ਕਾਨੂੰਨ ਦਾ ਸਹਾਰਾ ਲੈਂਦੀ ਹੈ। ਦੂਜਾ ਮਨਰਾਜ ਨੂੰ ਦਹਿਸ਼ਤਗਰਦਾਂ ਵੱਲੋਂ ਧਮਕੀ ਭਰਿਆ ਪੱਤਰ ਮਿਲਦਾ ਹੈ। ਇਸ ਸਮੱਸਿਆ ਸਮੇਂ ਜੱਗਾ ਸਹਾਇਤਾ ਕਰਦਾ ਹੈ। ਜੱਗੇ ਅਤੇ ਬੱਲੀ ਦੇ ਸਬੰਧਾਂ ਪਿਛੇ ਜਿਹੜੀ ਕਾਮਨਾ ਹੈ ਉਹ ਪਰੰਪਰਾ ਵਿੱਚ ਮੌਜੂਦ ਹੈ। ਬੱਲੀ ਦੀ ਕਾਮਨਾ ਪੂਰੀ ਹੁੰਦੀ ਹੈ। ਉਹ ਕਹਿੰਦੀ ਹੈ,

> "ਹਬੀ-ਨਭੀ ਤਾਂ ਚਲਦੀਓ ਰਹਿੰਦੀ ਆ। ਊਂ ਤੋਰਾ ਫੇਰਾ ਵਾਧੂ ਰਹਿੰਦੇ...ਪਿੰਡ-ਸਾਕ-ਖੇਤੀ ਦੇ ਕੰਮ-ਧੰਦੇ ਸਾਹ ਤਾਂ ਨ੍ਹੀਂ ਲੈਣ ਦੇਂਦੇ। ਜੀਅ ਸਾਰੇ ਬੜੇ ਈ ਸੁਲੱਗ ਨੇ ! ਪਿੰਡ ਬਿਜਲੀ ਨਈਂ ਸੀ ਆਉਂਦੀ। ਗਰਮੀਆਂ 'ਚੋਂ ਕੱਟ ਈ ਕੱਟ! ਮੰਮੀ ਨੇ ਜ਼ੋਰ ਪਾ ਜਨਰੇਟਰ ਲੈ ਤਾ, ਪਿਛਲੇ ਸਾਲ, ਮੜ੍ਹਕਵੀਂ ਮੁਸਕਾਨ ਖਲੇਰਦੀ ਬੱਲੀ ਹੁੱਬ-ਹੁੱਬ ਘਰਦੀਆਂ ਸੁਣੌਂਦੀ ਰਹੀ, ਹਾਂ ਕੰਮ-ਖਲਾਰਾ ਵਾਧੂ ਆ। ਊਂ ਦੀਦੀ ਚਾਹੀਦਾ ਕੀ ਆ ਬੰਦੇ ਨੂੰ? ਮਾਣ-ਪਿਆਰ ਈ ਹੁੰਦੇ ਕੰਮ ਕਰਦਿਆਂ ਬੰਦਾ ਕਿਹੜਾ ਥੱਕਦੈ......!"[3]

ਇਹ ਕਾਮਨਾ ਤ੍ਰਿਸ਼ਨਾ ਤੋਂ ਮੁਕਤ ਹੈ। ਜੱਗੇ ਦੀ ਕਾਮਨਾ ਪਰਿਵਾਰ ਵਿੱਚ ਆਪਣਾ ਸਥਾਨ ਬਣਾਉਣ ਨਾਲ ਜੁੜੀ ਹੋਈ ਹੈ। ਉਸ ਦਾ ਮੂਕ ਜਿਹਾ ਟਕਰਾਅ ਬਲਦੇਵ ਨਾਲ ਬਣਦਾ ਹੈ। ਇਸ ਟਕਰਾਅ ਨਾਲ ਰਿਸ਼ਤਿਆਂ ਦੇ ਸੰਕਟ ਵਿੱਚ ਤਾਂ ਪਰਿਵਰਤਤ ਨਹੀਂ ਹੁੰਦਾ ਪਰ ਇਸ ਦੀ ਚਸਕ ਜੱਗਾ ਜ਼ਰੂਰ ਮਹਿਸੂਸ ਕਰਦਾ ਹੈ। ਇਸੇ ਕੋਸ਼ਿਸ ਨਾਲ ਜੁੜੀ ਪੀੜ ਜੱਗੇ ਲਈ ਇੱਕ ਅਸਥਾਈ ਉਲਝਨ ਪੈਦਾ ਕਰਦੀ ਹੈ,

> "ਬਲਦੇਵ ਘਰੇ ਹੋਈ ਤਲਾਕ-ਤਕਰਾਰ ਜੱਗੇ ਨੂੰ ਸੌਂਦੇ-ਜਾਗਦੇ ਘੇਰੀ ਰੱਖਦੀ ਹੈ, ਉਹ ਏਡੇ ਪੱਕੇ-ਪੀਡੇ ਸਾਕਾਂ ਦੇ ਇਉਂ ਵੈਰੀ ਬਣ ਖਲੋਣ 'ਤੇ ਡਾਹਢਾ ਬੇਚੈਨ ਸੀ। ਇਨ੍ਹਾਂ ਦਾ ਕੋਈ ਸਿਰਾ ਭਾਲਣ ਲਈ ਹੱਥ ਪੈਰ ਮਾਰਦਾ ਰਹਿੰਦਾ। ਉਸ ਦਾ ਦੇਸੀ ਮਨ ਇਨ੍ਹਾਂ ਅਜਬ ਝਮੇਲਿਆਂ ਦੇ ਆਸ-ਪਾਸ ਹੱਕਾ-ਬੱਕਾ ਮਨੋਮਨੀ ਗੇੜੇ ਕੱਢਦਾ ਰਹਿੰਦਾ।"[4]

ਕਾਮਨਾ ਦੇ ਆਵੇਸ਼ ਦਾ ਡੂੰਘਾ ਸੰਕਟ ਬਲਦੇਵ, ਮਨਰਾਜ ਅਤੇ ਹੇਮਾ ਦੇ ਰਿਸ਼ਤੇ ਨਾਲ ਜੁੜਿਆ ਹੋਇਆ ਹੈ। ਬਲਦੇਵ ਪੂੰਜੀਵਾਦ ਦੇ ਵਿਅਕਤੀ ਕੇਂਦਰ ਸੁਭਾਅ ਦਾ ਪ੍ਰਤੀਕ ਬਣ ਕੇ ਉਭਰਦਾ ਹੈ। ਉਸ ਦੀ ਕਾਮਨਾ ਪਿੱਛੇ ਮੂੰਹ ਜ਼ੋਰ ਤ੍ਰਿਸ਼ਨਾ ਹੈ। ਇਹ ਉਸ ਦੇ ਸੁਭਾਅ ਦਾ ਹਿੱਸਾ ਹੈ। ਨਾਵਲ ਵਿੱਚ ਉਸਦਾ ਵਿਹਾਰ, ਜਿਸਮਾਨੀ ਹਰਕਤਾਂ ਅਤੇ ਭਾਸ਼ਾ ਰਾਹੀਂ ਉਸਦੇ ਸੁਭਾਅ ਦੇ ਹਰ ਪਾਸਾਰ ਨੂੰ ਸ਼ਿੱਦਤ ਨਾਲ ਚਿੱਤਰਿਆ ਗਿਆ ਹੈ। ਉਹ ਮਨਰਾਜ ਨਾਲ ਅਦਾਲਤੀ ਵਿਆਹ ਦਾ ਫੈਸਲਾ ਕਾਮਨਾ ਦੇ ਆਵੇਸ਼ ਵਿੱਚ ਲੈਂਦਾ ਹੈ। ਇਸੇ ਲਈ ਉਸ ਦੇ ਸੁਭਾਅ ਵਿੱਚ ਰਿਸ਼ਤੇ ਦੀ ਹੰਢਣਸਾਰਤਾ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਇਸ ਤੋਂ ਉਲਟ ਮਨਰਾਜ ਭਾਵੇਂ ਕੁਝ ਸਮਾਂ ਸ਼ੋਹਰਤ ਵਿੱਚ ਗੁਆਚ ਜਾਂਦੀ ਹੈ ਪਰੰਤੂ ਬਲਦੇਵ ਅਤੇ ਮਨਰਾਜ ਦੀ ਜ਼ਿੰਦਗੀ ਜਿਉਣ ਪ੍ਰਤੀ ਸੋਚ ਵੱਖੋ ਵੱਖਰੀ ਹੈ। ਮਨਰਾਜ ਅੰਦਰ

ਪਰੰਪਰਾਗਤ ਘਰ ਦਾ ਸੰਕਲਪ ਮੌਜੂਦ ਹੈ। ਮਨਰਾਜ ਜ਼ਿੰਦਗੀ ਨੂੰ ਜਿਨ੍ਹੇ ਭਰਪੂਰ ਵੇਗ 'ਤੇ ਆਦਰਸ਼ਾਂ ਨਾਲ ਜਿਊਣਾ ਲੋਚਦੀ ਸੀ, ਹਰ ਅਗਲਾ ਹਾਦਸਾ ਉਸਨੂੰ ਬਦਜ਼ਨ ਕਰਨ ਨੂੰ ਓਨਾ ਹੀ ਕਾਹਲਾ ਜਾਪਦਾ ਸੀ, ਉਹ ਉਲਝੀ ਤਾਣੀ ਵਰਗੇ ਖਿਆਲਾਂ ਦੇ ਕਿਆਸੇ-ਅਣਕਿਆਸੇ ਸੰਸਿਆਂ ਵਿੱਚ ਘਿਰੀ ਆਪਣੇ ਵੱਲੋਂ ਸਹੀ ਮੌਕੇ 'ਤੇ ਰਾਹ ਤਲਾਸ਼ਦੀ। ਨਿੱਤ ਨਵੀਂਆਂ ਉਠੀਆਂ ਮੁਸ਼ਕਲਾਂ ਉਸਨੂੰ ਸੌਖਾ ਸਾਹ ਨਾ ਲੈਣ ਦਿੰਦੀਆਂ। ਹਿਰਦੇ ਵਿੱਚ ਮਚਲਦੇ ਮੋਹ ਮੌਕੇ-ਕਮੌਕੇ ਟੁੱਟਦੇ-ਬਿਨਸਦੇ ਹਨ। ਮਨਰਾਜ ਇਹਨਾਂ ਤੋਂ ਆਰ-ਪਾਰ ਆਪਣੇ ਜੀਵਨ ਦਾ ਸਫ਼ਰ ਕਿਆਸਦੀ ਹੋਈ ਅੰਦਰੋਂ ਰੁਖ਼ਸਿਰ ਹੋਣ ਤੋਂ ਭਰਪੂਰ ਯਤਨ ਕਰਦੀ ਹੈ, ਪਰ ਬਾਹਰ ਦਾ ਕੀ ਕਰੇ?

ਹੇਮਾ ਦੀ ਆਰਥਿਕਤਾ ਅਤੇ ਬਹੁਤ ਕੁੱਝ ਪ੍ਰਾਪਤ ਕਰਨ ਦੀ ਇੱਛਾ'ਚੋਂ ਉਪਜੀ ਕਾਮਨਾ ਉਸ ਨੂੰ ਬਲਦੇਵ ਦੇ ਪ੍ਰੇਮਜਾਲ ਵਿੱਚ ਫਸਾ ਦਿੰਦੀ ਹੈ। ਬਲਦੇਵ ਕਾਮਨਾ ਵਿੱਚ ਉਲਝ ਕੇ ਸਾਰੇ ਰਿਸ਼ਤਿਆਂ ਨੂੰ ਤਿਆਗਣ ਲਈ ਤਿਆਰ ਹੋ ਜਾਂਦਾ ਹੈ। ਉਸ ਲਈ ਮਨਰਾਜ ਅਤੇ ਮਾਨਵ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਹੇਮਾ ਦੀ ਆਰਥਿਕਤਾ ਦੇ ਸੰਕਟ ਨੂੰ ਦੱਸਣ ਦੀ ਝਿਜਕ ਨੂੰ ਤੋੜਨ ਲਈ ਬਲਦੇਵ ਭਾਵੁਕ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ,

> "ਵੇਖ ਹੇਮਾ! ਮਾਤ ਲੋਕ ਦੀ ਸਾਰੀ ਲੀਲ੍ਹਾ ਨਿੱਕੀਆਂ-ਨਿੱਕੀਆਂ ਚੀਜ਼ਾਂ, ਛੋਟੇ-ਛੋਟੇ ਨਾਤਿਆਂ ਤੇ ਸੂਖਮ ਸੂਖਮ ਭਾਵਨਾਵਾਂ 'ਤੇ ਉਸਰੀ ......ਖੜ੍ਹੀ ਆ......। ਕੀ ਘਰੇਲੂ ......ਕੀ ਦਫਤਰੀ, ਇਹ ਸਬੰਧਾਂ ਤੇ ਕੰਮਾਂ-ਕਾਰਾਂ ਦੀ ਦੁਨੀਆਂ ਅਨੂਠਾ ਖੇਲ੍ਹ ਆ......ਕੀ ਘਰੇਲੂ ......ਜੇ ਤੂੰ ਸ਼ੇਅਰ ਨਈਂ ਕਰ ਸਕਦੀ, ਸੰਤਾਪ ਝੱਲ! ਝੱਲੀ ਏਂ! ਝੱਲੀ ਚੱਲ।"[5]

ਬਲਦੇਵ ਨੇ ਫਲਸਫ਼ੀ ਅੰਦਾਜ਼ ਵਿੱਚ ਮੋਹ ਭਰੇ ਬੋਲਾਂ ਨੇ ਹੇਮਾ ਨੂੰ ਹੋਰ ਟੁੰਬਿਆ। ਇਸ ਝਿਜਕ ਨੂੰ ਤੋੜਨ ਲਈ ਬਲਦੇਵ ਭਾਵੁਕ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ। ਬਲਦੇਵ ਉਸ ਦੀ ਕਮਜ਼ੋਰ ਆਰਥਿਕਤਾ ਨੂੰ ਭਾਂਪ ਲੈਂਦਾ ਹੈ। ਹੇਮਾ ਉਸ ਨਾਲ ਆਪਣੀ ਕਮਜ਼ੋਰ ਆਰਥਿਕਤਾ ਬਾਰੇ ਦੱਸ ਕੇ ਇਕ ਸਾਂਝ ਸਥਾਪਿਤ ਕਰ ਲੈਂਦੀ ਹੈ। ਬਲਦੇਵ ਇਸ ਸਥਿਤੀ ਨੂੰ ਬਦਲਦਾ ਹੋਇਆ ਕਹਿੰਦਾ ਹੈ,

> "ਸਟੋਵ ਬਾਲਦੇ ਓ......ਹੈ? ਗੈਸ ਹੈ ਨ੍ਹੀਂ? ਵਾਹ ਹੇਮਾ! ਕਮਾਲ ਆਂ ਤੂੰ......ਹੱਸਦਿਆਂ ਤੇ ਪੁਚਕਾਰਦਿਆਂ, "ਸੱਚੀਓਂ ਕਲਾਕਾਰ ਅਰਗੀ ਮਾਸੂਮ ਆਂ ਤੂੰ......। ਖ਼ੈਰ! ਤੂੰ ਤੇਲ ਨੂੰ ਮਾਰ ਝਾੜੂ। ਵੈਸੇ ਵੀ ਅੱਜ ਕੱਲ੍ਹ ਬਹੁਤੀਆਂ ਕੁੜੀਆਂ ਮਿੱਟੀ ਦੇ ਤੇਲ ਦੀ ਭੇਟ ਚੜ੍ਹਦੀਆਂ ਨੇ, ਉਸ ਹੇਮਾ ਦਾ ਮਿਜਾਜ਼ ਹਲਕਾ ਕਰਨ ਤੇ ਹਸਾਉਣ ਲਈ ਟੋਟੇ ਜੋੜੇ।"[6]

ਜਸਵਿੰਦਰ ਸਿੰਘ ਮਰਦ ਅੰਦਰ ਘਾਤ ਲਾ ਕੇ ਬੈਠੀ ਕਾਮਨਾ ਪ੍ਰਵਿਰਤੀ ਨੂੰ ਪੜਾਅ ਵਾਰ ਵਿਕਸਤ ਕਰਦਾ ਹੈ। ਉਸ ਦੇ ਪਾਤਰ ਵਿਸ਼ੇਸ਼ ਸੱਭਿਆਚਾਰਕ ਪ੍ਰਵਿਰਤੀ ਅਨੁਸਾਰ ਵਿਹਾਰ ਕਰਦੇ ਹਨ। ਭਾਰਤੀ ਸੰਸਕ੍ਰਿਤੀ ਵਿਚ ਬਲਦੇਵ ਦੇ ਅਰਥ ਤਾਕਤ ਨਾਲ ਜੁੜੇ ਹੋਏ ਹਨ। ਇਹ ਬਲ ਸਰੀਰਕ ਤਾਕਤ ਤੋਂ ਲੈ ਕੇ ਜਜ਼ਬਾਤ ਤੱਲ ਫੈਲਿਆ ਹੋਇਆ ਹੈ।

ਬਲਦੇਵ ਹੇਮਾ ਨੂੰ ਜ਼ਜ਼ਬਾਤੀ ਤੌਰ 'ਤੇ ਪਿਘਲਾਉਣ ਲਈ ਜਜ਼ਬਾਤਾਂ ਦੀ ਤਾਕਤ ਦੀ ਵਰਤੋਂ ਕਰਦਾ ਹੈ। ਉਸ ਕ੍ਰਿਸ਼ਨ ਅਤੇ ਰਾਧਾ ਦੇ ਇਸ਼ਕ ਦੀ ਸਦੀਵਤਾ ਨੂੰ ਆਪਣੇ ਹਿੱਤ ਲਈ ਵਰਤਦਾ ਹੋਇਆ ਕਹਿੰਦਾ ਹੈ,

> "ਹਮੀ! ਰਾਧਾ ਕ੍ਰਿਸ਼ਨ ਦੀ ਮਹਿਬੂਬਾ ਸੀ। ਵੇਖ ਉਹ ਮੰਦਰਾਂ ਵਿੱਚ ਬੰਸਰੀ ਵਜਾਉਂਦੇ ਕ੍ਰਿਸ਼ਨ ਬਰੋਬਰ ਸਜੀ ਖੜੀ ਹੁੰਦੀਆ। ਉਸੇ ਦੀ ਪੂਜਾ ਹੁੰਦੀ ਆ ਕ੍ਰਿਸ਼ਨ ਭਗਵਾਨ ਨਾਲ। ਕਿਸੇ ਨੂੰ ਪਤਾ ਨ੍ਹੀਂ ਕ੍ਰਿਸ਼ਨ ਦੀ ਅਸਲ ਪਤਨੀ ਕੌਣ ਸੀ?।"[7]

ਨਾਵਲ ਦੇ ਬਿਰਤਾਂਤਕ ਸਫ਼ਰ ਵਿੱਚ ਬਲਦੇਵ ਦੇ ਇਸ ਤਰਕ ਤੋਂ ਉਲਟ ਹੇਮਾ ਨਾਲ ਉਸ ਦੇ ਸਬੰਧ ਕਾਮਨਾ ਦੇ ਤ੍ਰਿਸ਼ਨਾਮਈ ਰੂਪ ਨਾਲ ਸਬੰਧਤ ਹਨ ਦੂਜਾ ਇਸ ਸੰਕਟ ਨਾਵਲ ਵਿੱਚ ਫੈਲੇ ਸੰਕਟ ਦਾ ਆਧਾਰ ਬਣਦੇ ਹਨ। ਇਸ ਸੰਕਟ ਦੀ ਕੜੀ ਨਾਵਲੀ ਸੰਕਟ ਦਾ ਕੇਂਦਰੀ ਨੁਕਤਾ ਹੈ।

ਇਸ ਨਾਵਲ ਵਿਚ ਕਾਮਨਾ ਦਾ ਇਕ ਹੋਰ ਪਾਸਾਰ ਹੇਮਾ ਅਤੇ ਸ਼ਿਵ ਨਾਥ ਦਾ ਹੈ। ਸ਼ਿਵ ਹੇਮਾ ਬਾਰੇ ਜਾਣਦਾ ਹੋਇਆ ਵੀ ਉਸ ਨਾਲ ਵਿਆਹ ਕਰਵਾ ਲੈਂਦਾ ਹੈ। ਇਸ ਪਿੱਛੇ ਸ਼ਿਵ ਦੀਆਂ ਆਪਣੀਆਂ ਸਮੱਸਿਆਵਾਂ ਹਨ। ਹੇਮਾ ਨਾ ਬਲਦੇਵ ਵੱਲੋ ਟੁੱਟਦੀ ਹੈ ਅਤੇ ਨਾ ਸ਼ਿਵ ਨਾਲ ਜੁੜ ਸਕਦੀ ਹੈ। ਹੇਮਾ ਸ਼ਿਵ ਨੂੰ ਵਿਆਹ ਦੇ ਬਾਵਜੂਦ ਅਪਣਾਉਣ ਲਈ ਤਿਆਰ ਨਹੀਂ ਹੈ। ਇਸ ਤਰ੍ਹਾਂ ਇਹ ਸੰਕਟ ਹੇਮਾ ਦੀ ਕਾਮਨਾ ਕਰਕੇ ਹੋਰ ਡੂੰਘਾ ਹੋ ਜਾਂਦਾ ਹੈ,

> "ਵਿਆਹ ਮਗਰੋਂ ਉਹ ਬਲਦੇਵ ਨਾਲੋਂ ਨਾਤਾ ਤੋੜ ਨਾ ਸਕੀ! ਬਲਦੇਵ ਨੇ ਵੱਡੇ ਉਪਰਾਲੇ ਕਰ ਪਿਆਰ ਮਘਾਈ ਰੱਖਿਆ! ਮਨੋਂ ਹੇਮਾ ਨੇ ਸ਼ਿਵ ਨਾਥ ਨੂੰ ਪਤੀ ਤਸਲੀਮ ਨਾ ਕੀਤਾ।"[8]

ਸ਼ਿਵ ਜਿਸ ਕਾਮਨਾ ਕਰਕੇ ਜੁੜਿਆ ਹੋਇਆ ਹੈ ਉਹ ਹੇਮਾ ਦੀ ਨੌਕਰੀ ਅਤੇ ਉਸ ਦਾ ਕਲਾਕਾਰ ਹੋਣਾ ਹੈ। ਸ਼ਿਵ ਵਿਹਲਾ ਹੈ। ਦੋਹਾਂ ਦੀਆਂ ਕਾਮਨਾਵਾਂ ਦਾ ਟਕਰਾਅ ਦੋਹਾਂ ਲਈ ਸੰਕਟ ਪੈਦਾ ਕਰਦਾ ਹੈ।

ਇਸ ਨਾਵਲ ਵਿਚਲੀ ਤ੍ਰਿਸ਼ਨਾਮਈ ਕਾਮਨਾ ਸਿਰਫ਼ ਇਥੇ ਹੀ ਸੀਮਤ ਨਹੀਂ ਸਗੋਂ ਆਰਥਿਕ ਮੰਦਹਾਲੀ ਵੀ ਦੂਜਿਆਂ ਲਈ ਸੰਕਟ ਖੜ੍ਹਾ ਕਰਦੀ ਹੈ। ਇਸ ਵਿਚ ਕਾਮਨਾ ਦੇ ਆਰਥਿਕ ਪਸਾਰ ਨਾਲ ਜੁੜੇ ਸੰਕਟ ਦਾ ਕਾਰਨ ਜੱਗੇ ਦੀ ਭੈਣ ਸੁਰਿੰਦਰ ਹੁੰਦੀ ਹੈ। ਸੁਰਿੰਦਰ ਦਾ ਪਤੀ ਧਰਮ ਸਿੰਘ ਦੇਸ਼ ਦੀ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਫਿਰਕੂ ਹਿੰਸਾ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਸਹੁਰੇ ਘਰ ਆ ਬੈਠਦੀ ਹੈ। ਉਸ ਦਾ ਸਹੁਰਾ ਪਰਿਵਾਰ ਉਸ ਨੂੰ ਉਸ ਦੇ ਪਤੀ ਦਾ ਹਿੱਸਾ ਦੇਣ ਲਈ ਤਿਆਰ ਨਹੀਂ ਹੁੰਦਾ। ਉਹ ਜ਼ਮੀਨ ਹੜੱਪਣ ਦੀ ਕਾਮਨਾ ਅਧੀਨ ਵਿਧਵਾ ਭਰਜਾਈ ਅਤੇ ਯਤੀਮ ਬੱਚਿਆਂ ਲਈ ਭਰਾ ਦਾ ਹਿੱਸਾ ਦੇਣ ਲਈ ਤਿਆਰ ਨਹੀਂ ਹੈ। ਇਥੇਂ ਆਰਥਿਕ ਕਾਮਨਾ ਦੀ ਨਵੀਂ ਮੁਸੀਬਤ ਆ ਗਈ

> "ਸੋਹਰੇ ਪਰਿਵਾਰ ਲਈ ਸੁਰਿੰਦਰ ਦੀ ਇਹ ਆਮਦ ਨਵੀਂ ਬਿਪਤਾ ਬਣ ਖਲੋਤੀ। ਆਪਣੇ ਜਾਣੀ ਉਹ ਘਰੋਂ-ਖੇਤੋਂ ਧਰਮ ਸਿੰਘ ਦਾ ਹਿਸਾਬ ਮੁਕਾਈ ਬੈਠੇ ਸਨ। ਪਰ ਸੁਰਿੰਦਰ ਜਾਵੇ ਤਾਂ ਜਾਵੇ

> ਕਿਥੇ? ਬਿਨ ਬੁਲਾਏ ਬੈਠਕ ਵਿਚ ਆ ਡੇਰਾ ਲਾਉਣ ਤੇ ਗੱਲ ਮੁੱਕ ਥੋੜ੍ਹਾ ਗਈ ਸੀ। ਨਿਤ ਨਵੇਂ ਬਖੇੜੇ ਖੜ੍ਹੇ ਹੁੰਦੇ ਗਏ। ਦੋਹਾਂ ਧਿਰਾਂ ਦੇ ਆਪਣੇ ਆਪਣੇ ਦੁੱਖ, ਔਖਾ ਸਨ।"[9]

ਇਸ ਤਰ੍ਹਾਂ ਇਹ ਜ਼ਮੀਨ ਦੀ ਕਾਮਨਾ ਦਾ ਤਰਕ ਆਰਥਿਕ ਸੰਕਟ ਨਾਲ ਵੀ ਜੁੜਿਆ ਹੋਇਆ ਹੈ। ਇਸੇ ਪ੍ਰਕਾਰ ਦੇ ਸਵਾਲ ਕਰਮ ਸਿੰਘ ਕਰਦਾ ਹੈ। ਕਰਮ ਸਿੰਘ ਅਤੇ ਭਗਤ ਸਿੰਘ ਦੋਵੇਂ ਭਰਾ ਭਰਾਤਰੀ ਭਾਵ ਨਾਲ ਰਹਿੰਦੇ ਹਨ। ਭਗਤ ਸਿੰਘ ਫੌਜ ਵਿਚ ਸੂਬੇਦਾਰ ਹੈ ਅਤੇ ਕਰਮ ਸਿੰਘ ਖੇਤੀ ਕਰਦਾ ਹੈ, ਪਰ ਕਰਮ ਸਿੰਘ ਦੇ ਪੁੱਤਰ ਭਰਾਤਰੀ ਭਾਵ ਨੂੰ ਖਤਮ ਕਰ ਦੇਂਦੇ ਹਨ। ਕਰਮ ਸਿੰਘ ਦੇ ਫੌਜੀ ਅਤੇ ਅਧਿਆਪਕ ਪੁੱਤਰ ਲਈ ਉਸ ਭਰਾ ਲਈ ਕੋਈ ਹਮਦਰਦੀ ਨਹੀਂ ਜਿਸ ਦੀ ਆਰਥਿਕਤਾ ਸਿਰਫ਼ ਖੇਤੀ 'ਤੇ ਅਧਾਰਿਤ ਹੈ। ਉਹ ਮਾਂ ਪਿਉ ਦਾ ਹਿੱਸਾ ਵੀ ਨਹੀਂ ਰੱਖਣਾ ਚਾਹੁੰਦੇ, ਉਹ ਪੈਸੇ ਦੀ ਕਾਮਨਾ ਵਿਚ ਇੰਨੇ ਅੰਨ੍ਹੇ ਹੋ ਜਾਂਦੇ ਹਨ ਕਿ ਉਨ੍ਹਾਂ ਲਈ ਭਰਾ ਅਤੇ ਪੁੱਤ ਹੋਣ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਅਜਿਹੀ ਸਥਿਤੀ ਵਿਚ ਬਿਰਤਾਂਤਕ ਖੰਡ ਵਿਚ ਕਰਮ ਸਿੰਘ ਦੇ ਮਨ ਵਿਚ ਇਸ ਲਾਲਸਾ ਪ੍ਰਤੀ ਸਵਾਲ ਪੈਦਾ ਹੁੰਦਾ ਹੈ। ਉਹ ਕਹਿੰਦਾ,

> "ਦੇਵ ਲੋਕ ਦੇ ਬਸ਼ਿੰਦੇ ਖੋਰੇ ਰਾਜ ਭਾਗ ਵੰਡਦੇ ਵੀ ਕਿ.....! ਹੁੰਦੀ ਵੀ ਆ ਕਿ.....! ਪਰ ਮਾਤ ਲੋਕ ਦਾ ਹਰ ਛੋਟਾ ਵੱਡਾਘਰ ਤਾਂ ਵਿੰਨਿਆ ਪਿਐ ਵੰਡ-ਵੰਡਾਰਿਆਂ ਨੇ। ਅੰਨ੍ਹੇ ਸੰਕਟਾਂ ਤੇ ਆਪਣੇ ਪੁੱਤਰਾਂ ਹੱਥੋਂ ਹੋ ਰਹੀ ਬੇਪਤੀ ਦਾ ਝੰਬਿਆਂ ਕਰਮ ਸਿੰਘ ਕਰਲਾਉਂਦਾ ਹੈ।"[10]

ਜਸਵਿੰਦਰ ਸਿੰਘ ਇਨ੍ਹਾਂ ਕਾਮਨਾ ਵਿਚੋਂ ਉਪਜੇ ਸੰਕਟਾਂ ਨੂੰ ਕਾਮ ਅਤੇ ਅਰਥ ਤੋਂ ਰਾਜਨੀਤਕ ਸੱਤਾ ਦੀ ਕਾਮਨਾ ਤੱਕ ਫੈਲਾਉਂਦਾ ਹੈ। ਇਹ ਰਾਜਨੀਤੀ ਧਰਮ ਆਧਾਰਿਤ ਰਾਜ ਅਤੇ ਇਸ ਦੀ ਪ੍ਰਾਪਤੀ ਲਈ ਹਿੰਸਾ ਦੀ ਵਿਧੀ ਤੱਕ ਫੈਲੀ ਹੋਈ ਹੈ। ਇਸੇ ਹਿੰਸਾ ਦਾ ਸ਼ਿਕਾਰ ਭਗਤ ਸਿੰਘ ਹੁੰਦਾ ਹੈ। ਅਜਿਹੇ ਲੋਕਾਂ ਲਈ ਕਿਸੇ ਪ੍ਰਕਾਰ ਦਾ ਤਰਕ ਕੋਈ ਅਰਥ ਨਹੀਂ ਰੱਖਦਾ। ਨਾਵਲੀ ਬਿਰਤਾਂਤ ਵਿਚੋਂ ਇਕ ਸਥਿਤੀ ਉਭਰਦੀ ਹੈ,

> "ਛੁੱਟੀ ਆਇਆ ਸੂਬੇਦਾਰ ਭਗਤ ਸਿੰਘ ਆਪਣੀ ਕੋਠੀ ਦੇ ਸਜੇ ਭਰੇ ਬੈੱਡ ਰੂਮ ਵਿਚ, ਮੁਲਕ ਦੀ ਸਰਹੱਦ 'ਤੇ ਨਹੀਂ, ਘਰ ਦੀ ਜੱਦ ਵਿਚ, ਦੁਸ਼ਮਣਾਂ ਦੀਆਂ ਗੋਲੀਆਂ ਨਾਲ ਨਹੀਂ, ਆਪਣੇ ਧਰਮ ਦੇ ਮੁਜ਼ਾਹਿਦਾਂ ਦੀਆਂ ਧਰਮੀ ਗੋਲੀਆਂ,ਖਾ ਕੇ, ਚਾਵਾਂ ਨਾਲ ਲਾਏ ਸੰਗਮਰਮਰੀ ਫਰਸ਼ 'ਤੇ ਖ਼ੂਨ ਨਾਲ ਲੱਥ-ਪੱਥ ਚੋਫਾਲ ਪਿਆ, ਠੰਡਾ ਹੁੰਦਾ ਰਿਹਾ।"[11]

ਇਸ ਪ੍ਰਕਾਰ ਇਸ ਨਾਵਲ ਦਾ ਅੰਤ ਕਿਸੇ ਪੈਗੰਬਰੀ ਸੁਰ ਵਿਚ ਕਰਨ ਦੀ ਥਾਂ ਸੰਵਾਦੀ ਰੂਪ ਵਿਚ ਕੀਤਾ ਹੈ। ਇਹ ਸੰਵਾਦ ਪਾਤਰਾਂ ਦੀਆਂ ਵੱਖੋ ਵੱਖਰੀਆਂ ਸਥਿਤੀਆਂ ਨਾਲ ਜੁੜਿਆ ਹੋਇਆ ਹੈ। ਇਹ ਇਸ ਨਾਵਲੀ ਬਿਰਤਾਂਤ ਦਾ ਤਰਕ ਹੈ। ਇਹ ਤਰਕ ਕਾਮਨਾ ਦੇ ਅਵੇਸ਼ ਵਿਚੋਂ ਉਪਜੇ ਸੰਕਟ ਦੀਆਂ ਕਈ ਪਰਤਾਂ ਨੂੰ ਆਪਣੇ ਵਿਚ ਸਮੇਟਦਾ ਹੈ।

## 3.2 ਮਾਤ ਲੋਕ: ਰਿਸ਼ਤਿਆਂ ਵਿਚ ਤਣਾਓ

ਮਨੁੱਖੀ ਰਿਸ਼ਤਿਆਂ ਦੀ ਲੀਲ੍ਹਾ ਬੜੀ ਵਚਿਤਰ ਹੈ। ਇਸਨੂੰ ਆਦਮ ਤੇ ਈਵ ਦੀ ਮਿੱਥ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ, ਜਿਸ ਵਿਚ ਮਰਦ ਤੇ ਔਰਤ ਦਾ ਰਿਸ਼ਤਾ ਕਾਮਨਾ 'ਤੇ ਖੜਾ ਹੈ। ਇਸ ਰਿਸ਼ਤੇ ਵਿੱਚੋਂ ਹੀ ਬਾਕੀ ਰਿਸ਼ਤੇ ਨਿਕਲੇ ਹਨ। ਜਿਵੇਂ-ਜਿਵੇਂ ਇਹ ਰਿਸ਼ਤੇ ਸਮਾਜ ਵਿਚ ਪ੍ਰਚਲਤ ਨੇਮਾਂ ਅਨੁਸਾਰ ਢਲਦੇ ਗਏ ਤਿਵੇਂ-ਤਿਵੇਂ ਇਨ੍ਹਾਂ 'ਤੇ ਕਈ ਪ੍ਰਕਾਰ ਦੀਆਂ ਬੰਦਿਸ਼ਾਂ ਅਤੇ ਸਮਾਜਕ ਨੇਮ ਲਾਗੂ ਹੁੰਦੇ ਗਏ ਤੇ ਇੱਕ ਸਾਕੇਦਾਰੀ ਪ੍ਰਬੰਧ ਹੋਂਦ ਵਿੱਚ ਆ ਗਿਆ। ਆਦਮ ਵੇਲਿਆਂ ਵਿੱਚ ਮਿੱਥਾਂ, ਲੋਕ ਕਥਾਵਾਂ ਤੋਂ ਰਿਸ਼ਤਿਆਂ ਦੀ ਜੋ ਥਾਹ ਮਿਲਦੀ ਹੈ, ਉਹ ਬੜੀ ਵਚਿਤਰ ਕਿਸਮ ਦੀ ਹੈ। ਰਿਸ਼ਤਿਆਂ ਦੀਆਂ ਤੰਦਾਂ ਵਿਚੋਂ ਸਮਾਜ ਦਾ ਨਿਰਮਾਣ ਹੁੰਦਾ ਹੈ ਤੇ ਸਮਾਜ ਇਨ੍ਹਾਂ ਨੂੰ ਇੱਕ ਨਿਸ਼ਚਿਤ ਕਿਸਮ ਦਾ ਨੈਤਿਕ ਮੁੱਲ ਪ੍ਰਦਾਨ ਕਰਦਾ ਹੈ। ਇਨ੍ਹਾਂ ਦੀ ਸੀਮਾਂ ਵੀ ਸਮਾਜ ਹੀ ਨਿਸ਼ਚਿਤ ਕਰਦਾ ਹੈ ਤਾਂ ਕਿ ਇਹ ਰਿਸ਼ਤੇ ਆਪਹੁਦਰੇ ਹੋ ਕੇ ਸਮਾਜ ਦੀਆਂ ਤੰਦਾਂ ਨੂੰ ਉਲਝਾ ਨਾ ਦੇਣ।

ਸਭ ਤੋਂ ਪਹਿਲਾਂ ਜੇ ਪਿਆਰ ਦੇ ਜੁੱਟ ਦੀ ਭਾਸ਼ਾ ਦੀ ਗੱਲ ਕਰੀਏ ਤਾਂ ਇਹ ਸਮੁੱਚੇ ਨਾਵਲ ਵਿੱਚ ਫੈਲਿਆ ਹੋਇਆ ਹੈ। ਇੰਜ ਜਾਪਦਾ ਹੈ ਕਿ ਸਮੁੱਚਾ ਨਾਵਲੀ ਪਾਠ ਪਿਆਰ ਦੀ ਪਰਿਭਾਸ਼ਾ ਘੜਨ ਤੇ ਇਸਨੂੰ ਨਵੇਂ ਅਰਥ ਦੇਣ ਦੇ ਆਹਰ ਵਿਚ ਹੈ। ਕੀ ਪਿਆਰ ਦੋ ਰੂਹਾਂ ਦਾ ਮੇਲ ਹੈ? ਕੀ ਪਿਆਰ ਦੋ ਜਿਸਮਾਂ ਦਾ ਮੇਲ ਹੈ? ਕੀ ਪਿਆਰ ਰਿਸ਼ਤਿਆਂ ਦੇ ਬੰਧਨ ਵਿੱਚ ਪਿਆਰ ਵਿੱਚ ਪਿਆ ਹੈ? ਕੀ ਪਿਆਰ ਸਿਰਫ ਇੱਕ ਵਾਸ਼ਨਾ ਹੈ? ਕੀ ਪਿਆਰ ਵਿਆਹ ਸੰਸਥਾ ਵਿਚ ਸਥਾਪਤ ਹੁੰਦਾ ਹੈ? ਵਿਆਹ ਬਾਰੇ ਪਿਆਰ ਦਾ ਕੀ ਸਟੇਟਸ ਹੈ? ਰੂਹ ਤੇ ਜਿਸਮ ਵਿਚਲੀ ਵੰਡ ਇਕਾਈ ਦਾ ਕੀ ਆਧਾਰ ਹੈ? ਅਜਿਹੇ ਅਨੇਕਾਂ ਸੁਆਲ ਇਸ ਨਾਵਲ ਵਿਚ ਪੈਰ-ਪੈਰ 'ਤੇ ਖੜੇ ਹਨ।

ਇਸ ਨਾਵਲ ਦੇ ਮੂਲ ਧਰਾਤਲ 'ਤੇ ਤਿੰਨ ਪਿਆਰ ਕਥਾਵਾਂ ਟਿਕੀਆਂ ਹੋਈਆਂ ਹਨ। ਤਿੰਨਾਂ ਦੇ ਆਪਣੇ ਆਪਣੇ ਪੈਟਰਨ ਹਨ। ਇਕ ਕਥਾ ਮਨਰਾਜ ਅਤੇ ਬਲਦੇਵ ਦੀ ਹੈ, ਜਿਹੜੀ ਇਸਦੀ ਆਧਾਰ ਕਥਾ ਵਜੋਂ ਪੇਸ਼ ਹੁੰਦੀ ਹੈ। ਦੂਸਰੀ ਜੱਗੇ ਅਤੇ ਬੱਲੀ ਦੀ ਪਿਆਰ ਕਥਾ ਹੈ। ਤੀਸਰੀ ਬਲਦੇਵ ਅਤੇ ਹੇਮਾ ਦੀ ਪਿਆਰ ਕਥਾ ਹੈ। ਇਨ੍ਹਾਂ ਵਿੱਚ ਬਲਦੇਵ ਦੋ ਕਥਾਵਾਂ ਵਿੱਚ ਸਾਝਾਂ ਹੈ, ਜੋ ਮਹਾਂ-ਤਨਾਓ ਸਿਰਜਦਾ ਹੈ। ਉਸਦਾ ਇਹ ਮਹਾਂ-ਤਨਾਓ ਰਿਸ਼ਤਿਆਂ ਦੀਆਂ ਸੀਮਾਵਾਂ ਦੇ ਉਲੰਘਣ ਅਤੇ ਉਨ੍ਹਾਂ ਦੇ ਭੰਜਕ ਹੋਣ ਦੇ ਪੈਟਰਨ ਵਿਚ ਪਿਆ ਹੈ। ਤਿੰਨੇ ਕਥਾਵਾਂ ਦੇ ਰਿਸ਼ਤੇ ਮਾਤ ਲੋਕ ਵਿਚ ਆਪਸ ਵਿਚ ਬੜੀਆਂ ਮਹੀਨ ਤੰਦਾਂ ਵਿਚ ਜੁੜੇ ਹੋਏ ਹਨ। ਰਿਸ਼ਤਿਆਂ ਦੀ ਭੰਜਕਤਾ ਇਨ੍ਹਾਂ ਮਹੀਨ ਤੰਦਾਂ ਨੂੰ ਬਾਰ ਬਾਰ ਝਟਕੇ ਦਿੰਦੀ ਹੈ, ਜਿਸ ਤੋਂ ਪਿਆਰ, ਨਫ਼ਰਤ ਤੇ ਹਿੰਸਾ ਦੀ ਭਾਸ਼ਾ ਉਜਾਗਰ ਹੁੰਦੀ ਹੈ।

ਬਲਦੇਵ ਤੇ ਮਨਰਾਜ ਦੇ ਪਿਆਰ ਦਾ ਪਹਿਲਾ ਸੂਤਰ ਹੈ ਕਿ ਇਹ ਅੱਲੜ੍ਹ ਉਮਰ ਦਾ ਪਿਆਰ ਹੈ। ਇਸ ਪਿਆਰ ਅੱਥਰਾ, ਅਮੋੜ ਤੇ ਵੇਗਵਾਨ ਹੁੰਦਾ ਹੈ, ਜਿਹੜਾ ਸਾਰੇ ਹੱਦਾਂ ਬੰਨੇ ਤੋੜ ਕੇ ਸਭ ਕੁੱਝ ਨੂੰ ਤਬਾਹ ਅਤੇ ਵਿਨਾਸ਼ ਕਰ ਸਕਦਾ ਹੈ। ਦੋਵੇਂ ਇਸ ਪਿਆਰ ਵਿਆਹ ਨੂੰ ਸਿਰੇ ਲਾਉਣਾ ਚਾਹੁੰਦੇ ਹਨ ਪਰ ਸਮਾਜ ਦੇ ਜਾਤ-ਪਾਤ, ਬਿਰਾਦਰੀ ਦੇ ਪ੍ਰਤੀਮਾਨ ਉਨ੍ਹਾਂ ਦਾ ਰਾਹ ਵਿੱਚ ਰੋੜਾ ਅਟਕਾਉਂਦੇ ਹਨ। ਮਨਰਾਜ ਦੀਆਂ ਆਪਣੀਆਂ ਸੀਮਾਵਾਂ ਹਨ, ਉਨ੍ਹਾਂ ਨੂੰ ਉਹ

ਉਲੰਘ ਨਹੀਂ ਸਕਦੀ। ਹੈਡਮਾਸਟਰ ਤੇ ਆਸਾ ਸਿੰਘ ਦੀ ਆਪਸੀ ਗੱਲਬਾਤ ਤੋਂ ਜ਼ਾਹਰ ਹੁੰਦਾ ਹੈ ਕਿ ਆਸਾ ਸਿੰਘ ਆਪਣੀ ਧੀ ਦਾ ਰਿਸ਼ਤਾ ਬਲਦੇਵ ਨੂੰ ਦੇਣ ਲਈ ਤਿਆਰ ਨਹੀਂ। ਜਦੋਂ ਹੈਡਮਾਸਟਰ ਨੇ ਰਿਸ਼ਤੇ ਦੀ ਗੱਲ ਸ਼ੁਰੂ ਕੀਤੀ ਤਾ ਆਸਾ ਸਿੰਘ ਭੜਕ ਉਠਿਆ ਤੇ ਆਮ ਮੁਹਾਰੇ ਗੁੱਸੇ ਵਿਚ ਬੋਲਣ ਲੱਗ ਪਿਆ,

> "ਤੂੰ ਸਹੁਰਾ ਲੱਗਦੈਂ ਰਾਜ ਦਾ! ਬਲਦੇਵ ਦੇ ਬਾਪ ਮੂੰਹੋਂ ਰਾਜ ਦਾ ਨਾ ਸੁਣਦੇ ਸਾਰ ਆਸਾ ਸਿੰਘ ਚਾਰੇ ਖੁਰ ਚੱਕ ਕੇ ਪਿਆ।"[12]

ਬਾਹਰੋਂ ਉਹ ਅਕਲਮੰਦ ਹੋਣ ਦੀ ਗੱਲ ਕਰਦਾ ਹੈ ਪਰ ਤਪੇ ਚਿਹਰੇ ਤੋਂ ਉਹਦੇ ਅੰਦਰਲੇ ਉਬਾਲ ਦਾ ਸਾਫ ਪਤਾ ਲਗਦਾ ਹੈ। ਇਸ ਤੋਂ ਉਲਟ ਆਸਾ ਸਿੰਘ ਨੂੰ ਆਪਣੇ ਪੁੱਤਾਂ ਵਰਗੀ ਧੀ ਉੱਤੇ ਬਹੁਤ ਮਾਣ ਹੈ। ਉਹ ਉਸ ਦੀ ਬਹਾਦਰੀ ਵਾਲੀ ਉਸ ਗੱਲ ਨੂੰ ਯਾਦ ਕਰਦਾ ਹੈ ਜਦੋਂ ਜੱਟਾਂ ਦੇ ਮੁੰਡੇ ਜੈਬੇ ਵੱਲੋਂ ਦਿਨ ਦਿਹਾੜੇ ਸਕੂਲੋਂ ਆਉਂਦੀ ਮਨਰਾਜ ਦੀ ਇੱਜ਼ਤ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਮਨਰਾਜ ਉਸ ਦਾ ਸ਼ੇਰਨੀ ਵਾਗ ਮੁਕਾਬਲਾ ਕਰਦੀ ਹੈ ਅਤੇ ਉਸ ਦੀ ਪੱਗ ਉਤਾਰ ਘਰ ਲੈ ਆਉਂਦੀ ਹੈ। ਪਿੰਡ ਦਾ ਚੌਧਰੀ ਆਸਾ ਸਿੰਘ ਨੂੰ ਪੰਚਾਇਤ ਵਿਚ ਪੱਗ ਵਾਪਿਸ ਕਰਨ ਲਈ ਕਹਿੰਦਾ ਹੈ,

> "ਮਿੱਟੀ ਪਾ ਖਾਂ ਆਸਾ ਸਿੰਆਂ! ਤੈਂ ਕੱਲ੍ਹ ਨੂੰ ਕੁੜੀਆਂ ਵਿਔਣੀਆਂ ਵੀ ਨੇ...! ਊਂ ਤੈ ਪੱਗ ਕੀ ਕਰਨੀ ਆ ? ਮਾਰ ਮੱਥੇ ਬਿਸ਼ਨ ਸੂੰ ਦੇ।"[13]

ਆਸਾ ਦਾ ਮਨਰਾਜ 'ਤੇ ਵਿਸ਼ਵਾਸ ਹੀ ਉਸ ਨੂੰ ਚੁਪਚਾਪ ਪਿੰਡ ਛੱਡ ਕੇ ਸ਼ਹਿਰ ਲੈ ਆਇਆ। ਉਹ ਬਾਰ ਬਾਰ ਆਪਣੀ ਇੱਜ਼ਤ ਉਹਦੇ ਹੱਥ ਹੋਣ ਦੀ ਗੱਲ ਕਰਦਾ ਹੈ। ਉਹਨੂੰ ਲੱਗਦਾ ਹੈ ਕਿ ਉਹਦੀ ਪੱਗ ਦੀ ਲਾਜ ਮਨਰਾਜ ਰੱਖੇਗੀ ਤੇ ਓਧਰ ਪੰਚਾਇਤ ਦਾ ਫੈਸਲਾ ਕਿ ਤੂੰ ਪੱਗ ਕੀ ਕਰਨੀ ਹੈ ਮਾਰ ਮੱਥੇ 'ਤੇ ਓਧਰ ਅਗਲੀ ਸਥਿਤੀ ਵਿਚ ਮਨਰਾਜ ਦਾ ਉਹਦੀ ਪੱਗ ਰੋਲਣ ਦਾ ਕਥਨ ਬੜੇ ਮਹੱਤਵਪੂਰਨ ਰਿਸ਼ਤਿਆਂ ਦੇ ਤਣਾਓ ਨੂੰ ਪੇਸ਼ ਕਰਦੇ ਹਨ।

ਦੂਜਾ ਪਿਆਰ ਸੂਤਰ ਹੈ ਕਿ 'ਮਨਰਾਜ ਬਲਦੇਵ ਦਾ ਪਿਆਰ ਅੱਧਵਾਟੇ ਸਹਿਕ ਰਿਹਾ ਹੈ' ਮਾਣ ਕਰਨ ਵਾਲਾ ਪਿਓ 'ਆਕੜਿਆ-ਹਰਖਿਆ' ਪਿਆ ਹੈ। ਆਸਾ ਸਿੰਘ ਦੇ ਬੋਲ ਆਪਣੀ ਇੱਜ਼ਤ ਲਈ ਰਾਖਵੇਂ ਹਨ, ਉਹਦੇ ਇਹ ਬੋਲ ਪਿਆਰ ਦੀ ਇਸ ਖੇਡ ਪ੍ਰਤੀ ਨਫ਼ਰਤ ਜ਼ਾਹਰ ਕਰਦੇ ਹੋਏ ਵਿਆਹ ਸੰਸਥਾ ਦੀ ਪੁਰਾਣੀ ਆਪਣੀ ਜਾਤ ਬਿਰਾਦਰੀ ਵਿੱਚ ਸਿਰੇ ਲਾਉਣ ਦੇ ਅਰਥ ਦਿੰਦੇ ਹਨ:

> " ਵੇਖ ਪੁੱਤ! ਤੂੰ ਹੀਰਾ ਏਂ! ਮੈਂ ਕਦੇ ਮੋੜੀ ਨੀ ਤੇਰੀ। ਤੂੰ ਜ਼ਿੱਦਨਾ ਕਰ। ਗਧੇ ਗਲ਼ ਹੀਰਾ ਸੋਭਦਾ ਨ੍ਹੀ। ਬੇਕਦਰੀ ਹੋਊ। ਤੈਨੂੰ ਏਦੂੰ ਸੌ ਗੁਣਾਂ ਚੰਗਾ ਮੁੰਡਾ ਲੱਭ ਕੇ ਦਊਂ।"[14]

ਆਸਾ ਸਿੰਘ ਆਪਣੇ ਜੀਂਦੇ ਜੀਅ ਇਹ ਮੇਲ ਹੋਣ ਨਹੀਂ ਦੇਣਾ ਚਾਹੁੰਦਾ। ਉਹਨੂੰ ਲਗਦਾ ਹੈ ਉਹਦੀ 'ਪੱਗ' ਰੁੱਲ ਜੁਗੀ ਉਹ ਲੋਕਾਂ ਨੂੰ ਕੀ ਮੂੰਹ ਦਿਖਾਊ'। ਆਸਾ ਸਿੰਘ ਦੀਆਂ ਅੱਖਾਂ ਵਿਚਲੀ ਕੋੜ ਭਰੀ ਸਿੱਲ ਬਦਲੇਖੋਰੀ

ਘੂਰੀ, ਲਾਲ ਟਮਾਟਰ ਚਿਹਰਾ, ਸਖਤ ਕੁਰੱਖਤ ਮੱਥੇ ਤੋਂ ਫੁੱਟ ਰਹੀਆਂ ਤ੍ਰੇਲੀਆਂ, ਕਹਿਰਵੀਂ ਖਾਮੋਸ਼ ਤੱਕਣੀ, ਅੰਨ੍ਹੇ ਗੁੱਸੇ ਭਰੀ ਵੰਗਾਰ, ਚੜ੍ਹੀ ਚੰਡੀ ਸਾਰੇ ਉਹ ਚਿਹਨ ਹਨ, ਜਿਹੜੇ ਇਸ ਪਿਆਰ ਦੇ ਵਿਰੋਧ ਵਿਚ ਖੜੇ ਹਨ।

ਓਧਰ ਮਨਰਾਜ ਦੀ ਵਿਸ਼ਵਾਸ ਪ੍ਰਪਕਤਾ ਨੂੰ ਪਰਖਣ ਅਥਵਾ ਵੰਗਾਰਨ ਲਈ ਬਲਦੇਵ ਮੱਧਕਾਲੀ ਜੁਗਤ ਵਰਤਦਾ ਹੈ। ਉਹਦਾ 'ਲੀਕ ਵਾਹੁਣਾ' ਇਕ ਅਜਿਹਾ ਸਮਾਂ ਹੈ ਕਿ ਫੈਸਲਾ ਹੁਣ ਮਨਰਾਜ ਨੇ ਕਰਨਾ ਹੈ ਉਹ ਕਹਿਦਾ ਹੈ,

> "ਰਾਜ! ਮੈਂ ਤੈਨੂੰ ਇਕ ਮੌਕਾ ਦਿੰਨਾਂ। ਫੈਸਲਾ ਤੈਂ ਕਰਨੈਂ। ਕਰਨਾ ਹੁਣੇ ਪੈਣਾਂ। ਜੇ ਘਰੇ ਮੁੜਨਾ, ਤਾਂ ਆਹ ਲੀਕ ਹੁਣੇ ਟੱਪ ਜਾਹ, ਹੁਣੇ! ਪਹਿਲਾਘਰੇ ਤੇ ਪਿਛੋ ਹੁਣੇ ਤੇ ਵਾਹਵਾ ਜ਼ੋਰ ਦਿੰਦਾ, ਉਹ ਉਬਲਿਆ ਪਿਆ ਸੀ।"[15]

ਇਸ ਬੜੀ ਸੰਕਟ ਦੀ ਘੜੀ ਹੈ। ਉਹਦੇ ਸਾਹਮਣੇ ਪਿਓ ਦੀ ਪੱਗ, ਪਰਿਵਾਰ ਦੀ ਇੱਜ਼ਤ, ਸਮਾਜ ਭਾਈਚਾਰਾ, ਲੋਕਾਚਾਰ ਉਹਦੀਆਂ ਸੀਮਾਵਾਂ ਮਿਥਦੇ ਨਜ਼ਰ ਆਉਂਦੇ ਹਨ। ਦੂਸਰੇ ਪਾਸੇ 'ਕੱਲਾ ਕਾਰਾ ਪਿਆਰ ਹੈ' ਇਸ ਦੀ ਪ੍ਰਾਪਤੀ ਲਈ ਬਾਕੀਆਂ ਸਾਰਿਆਂ ਨੂੰ ਤੱਕ ਕੇ ਲੀਕ ਦੇ ਪਾਰ ਜਾਣਾ ਪੈਣਾ ਹੈ। ਉਹ ਧੁੰਦਲੀ ਪਰ ਖ਼ੌਫਨਾਕ ਲਕੀਰ ਵੰਨੀ ਟਿਕਟਿਕੀ ਲਗਾਈ ਖੜ੍ਹੀ ਰਹੀ। ਮਨਰਾਜ ਨੇ ਬਲਦੇਵ ਨੂੰ ਸਿਰ ਤੋਂ ਪੈਰਾਂ ਤੀਕ ਬੇਹੱਦ ਅੱਚਵੀਂ ਨਾਲ ਨਿਹਾਰਿਆ। ਉਹ ਸੁੰਨ ਥਾਂਏ ਖੜ੍ਹੀ ਰਹੀ, ਪਤਾ ਨਹੀਂ ਕਿਉਂ? ਲੀਕ ਦੇ ਉਸ ਪਾਸੇ ਜਿਧਰ ਉਸ ਦਾ ਦੇਵ ਸੀ। ਨਾ ਹਿਲੀ, ਨਾ ਕੂਈ। ਕਿਸੇ ਦੇਵੀ ਮੂਰਤ ਵਾਂਗ।

ਦੂਜੀ ਕਥਾ ਜੱਗੇ ਤੇ ਬੱਲੀ ਦੇ ਪਿਆਰ ਦੀ ਹੈ। ਇਹ ਪਿਆਰ ਪਹਿਲਾਂ ਜਿੰਨਾ ਸੰਘਣਾਂ ਨਹੀਂ। ਇਸ ਪੜਾਅ ਤੱਕ ਘਰ ਵਿੱਚ ਮਰਦ ਦੀ ਅਣਹੋਂਦ ਹੈ। ਆਸਾ ਸਿੰਘ ਆਪਣੀ ਅਣਖ ਖ਼ਾਤਰ ਬਲੀ ਦੇ ਕੇ ਕਥਾ ਵਿਚੋਂ ਖਾਰਜ ਹੋ ਚੁੱਕਾ ਹੈ। ਹੁਣ ਹਰ ਕੌਰ ਘਰ ਦੀ ਵਡੇਰੀ ਹੈ। ਘਰ ਦਾ ਚੰਗਾ ਬੁਰਾ ਸੋਚਣਾ/ਵਿਚਰਨਾ ਉਹਦੀ ਮਰਜ਼ੀ 'ਤੇ ਨਿਰਭਰ ਹੈ। ਜਦੋਂ ਮਨਰਾਜ ਹਰ ਕੌਰ ਨੂੰ ਜੱਗੇ ਕੋਲੋਂ ਸਲਾਹ ਲੈਣ ਲਈ ਕਹਿੰਦੀ ਹੈ ਤਾਂ ਉਹ ਨਾ ਜੱਗੇ ਦਾ ਅਤੇ ਨਾ ਬਲਦੇਵ ਦਾ ਨਾਂ ਸੁਣਨ ਲਈ ਤਿਆਰ ਹੈ। ਜੱਗਾ ਜਦੋਂ ਘਰ ਆਉਂਦਾ ਹੈ ਤਾਂ ਨਾ ਚਾਹੁੰਦਿਆਂ ਹੋਇਆਂ ਵੀ ਹਰ ਕੌਰ ਨੂੰ ਉਹਨੂੰ ਪਿਆਰ ਦੇਣਾ ਪਿਆ। ਜੱਗੇ ਨੂੰ ਲੱਗਿਆ ਜਿਵੇਂ ਹਰ ਕੌਰ ਦੇ ਇਸ ਪਿਆਰ ਵਿੱਚ ਨਫ਼ਰਤ ਘੁਲੀ ਹੋਈ ਹੈ। ਉਹ ਪਿਆਰ ਦੇਂਦੀ ਹੋਈ ਵੀ ਉਸਨੂੰ ਪਰਾਂ ਨੂੰ ਧੱਕਦੀ ਮਹਿਸੂਸ ਹੋਈ। ਜੱਗੇ ਵੱਲ ਨਾ ਦੇਖਣ ਦੀ ਕੋਸ਼ਿਸ ਦੇ ਬਾਵਜੂਦ ਹਰ ਕੌਰ ਉਸ ਨੂੰ ਨਿਹਾਰਦੀ ਰਹੀ। ਉਹਨੂੰ ਜੱਗਾ ਠੀਕ ਲੱਗਾ ਰੰਗ-ਰੂਪ, ਵੇਖਣ ਪਾਖਣ ਪੱਖੋਂ। ਉਹਦੇ ਘਰ ਬਾਰੇ ਜਾਣਕੇ ਵੀ ਠੀਕ ਮਹਿਸੂਸ ਹੁੰਦਾ ਹੈ। ਚੰਗਾ ਚੰਗਾ ਭਲਾ ਭਲਾ ਲੰਘਣ ਦੇ ਬਾਵਜੂਦ ਉਹਦੀ ਜਾਤ ਬਾਰੇ ਤੌਖਲਾ ਬਣਿਆ ਰਹਿੰਦਾ ਹੈ। ਇਸ਼ਕ ਜਾਤ ਨੂੰ ਨਹੀਂ ਮੰਨਦਾ ਪਰ ਵਿਆਹ ਦੇ ਸੰਬੰਧ ਵਿਚ ਜਾਤ ਦੀ ਬਹੁਤ ਮਹੱਤਤਾ ਹੈ।

ਬਲਦੇਵ-ਮਨਰਾਜ ਦੀ ਪਿਆਰ ਕਥਾ ਵਿਚ ਜਿਥੇ ਉਨ੍ਹਾਂ ਦਾ ਪਿਆਰ ਅੱਧਵਾਟੇ ਸਹਿਕ ਰਿਹਾ ਸੀ, ਉਥੇ ਜੱਗੇ ਦੇ ਬੱਲੀ ਘਰ ਜਾਣ ਨਾਲ ਅੱਧਵਾਟੇ ਰੁੱਕੇ ਪਏ ਪਿਆਰ ਨੇ ਇਉਂ ਚੰਗਾ ਮੋੜ ਕੱਟ ਲਿਆ ਹੈ। ਪਰ ਇਹ ਇਕ

ਇਤਫਾਕ ਹੈ ਕਿ ਜਿਥੇ ਮਨਰਾਜ ਦਾ ਪਿਓ ਪਿਆਰ ਵਿਚ ਰੁਕਾਵਟ ਬਣ ਬਲੀ ਚੜ੍ਹ ਗਿਆ ਉਥੇ ਆਸਾ ਸਿੰਘ ਵਾਂਗ ਭਗਤ ਸਿੰਘ ਵੀ ਪੂਰੀ ਮੜ੍ਹਕ ਵਿਚ ਜਿਊਣ ਵਾਲਾ ਬੰਦਾ ਹੈ। ਪਰ ਹਿੰਸਾ ਅੱਗੇ ਇਕ ਫੌਜੀ ਦਾ ਹਾਰ ਜਾਣਾ ਬੜਾ ਖਤਰਨਾਕ ਸੰਕੇਤ ਹੈ, ਕਿਉਂਕਿ ਅੱਤਵਾਦੀ ਹਿੰਸਾ ਤਾਂ ਉਸ ਅਗਨ ਵਰਗੀ ਹੈ, ਜਿਸ ਨੇ ਸਭ ਕੁਝ ਨੂੰ ਭਸਮ ਕਰ ਦੇਣਾ ਹੈ। ਜਦੋਂ ਦਿਨ ਦਿਹਾੜੇ ਜੱਗੇ ਦੇ ਬਾਪ ਦਾ ਕਤਲ ਹੋ ਜਾਂਦਾ ਹੈ ਤੇ ਸਾਰੇ ਘਰ ਦੀ ਜਿੰਮੇਵਾਰੀ ਉਸ ਦੇ ਸਿਰ ਆ ਜਾਂਦੀ ਹੈ। ਇਸ ਮਾਹੌਲ ਵਿਚ ਜੱਗੇ ਅਤੇ ਬੱਲੀ ਦੇ ਪਿਆਰ ਵਿਚ ਤਣਾਓ ਪੈਦਾ ਹੋ ਜਾਂਦਾ ਹੈ। ਬਾਪ ਦੇ ਅੰਨ੍ਹੇ ਕਤਲ ਨੇ ਉਸ ਦੇ ਸਾਰੇ ਰਾਹ ਸਰਾਪ ਦਿੱਤੇ ਹਨ। ਉਹ ਤਾਂ ਸੱਚੇ ਦਿਲੋਂ ਸਿਰਫ਼ ਇਹ ਚਾਹੁੰਦਾ ਹੈ ਕਿ ਉਹਦੇ ਬਰਬਾਦ ਪਰਿਵਾਰ ਪਿਛੇ ਬੱਲੀ ਆਪਣੀ ਬਲੀ ਨਾ ਦੇਵੇ। ਪਰ ਇਹਦੇ ਉਲਟ ਬੱਲੀ ਦਾ ਪਿਆਰ ਪ੍ਰਤੀ ਅਟੁੱਟ ਵਿਸ਼ਵਾਸ ਉਸ ਨੂੰ ਨਿਡਰ ਬਣਾ ਦਿੰਦਾ ਹੈ। ਜੱਗੇ ਦਾ ਡਰ ਤੇ ਬੱਲੀ ਦੀ ਨਿਡਰਤਾ ਪਿਆਰ ਦੀ ਜਿੱਤ ਹੈ। ਉਸ ਦੀ ਇਸ ਨਿਡਰਤਾ ਪਿੱਛੇ 'ਹੀਰ ਦੀ ਵੀਰਾਂਗਣਾ' ਛੁਪੀ ਨਜ਼ਰ ਆਉਂਦੀ ਹੈ, ਉਹ ਜੱਗੇ ਨੂੰ ਕਹਿੰਦੀ ਹੈ,

> "ਮੈਂ ਤੈਨੂੰ ਮੁਹੱਬਤ ਕੀਤੀ ਆ! ਤੈਨੂੰ ਤੇ ਸਿਰਫ ਤੈਨੂੰ! ਮੈਨੂੰ ਮੁਹੱਬਤ ਤੇ ਰੱਬ ਤੋਂ ਵੱਡਾ ਵਿਸ਼ਵਾਸ ਆ... ਹੁਣ ਵੀ...। ਮੌਤ ਤੋਂ ਆਰ ਨਾ ਪਾਰ, ਮੈਨੂੰ ਕੋਈ ਚੀਜ਼ ਡਰਾ ਨਈਂ ਸਕਦੀ, ਨਾ ਹਰਾ ਸਕਦੀ ਹੈ ! ਮੇਰੀ ਮੁਹੱਬਤ ਤੇਰੇ ਪੈਰਾਂ ਦੀ ਜੰਜ਼ੀਰ ਨਹੀਂ ਬਣੇਗੀ ਜੱਗੇ! ਯਾਦ ਰੱਖੀਂ ਤੂੰ ਮੈਨੂੰ ਡਰਾ ਨਾ...ਮੁਹੱਬਤ ਕਦੇ ਵੀ ਬੰਦੇ ਨੂੰ ਉਸ ਦੇ ਅਸਲ ਰਾਹ ਤੋਂ, ਉਸ ਦੀ ਮੰਜ਼ਿਲ ਸਰ ਕਰਨ ਤੋਂ ਰੋਕਦੀ ਨਈਂ! ਲੋਕ ਗਰਜ਼ਾਂ ਨੂੰ, ਚੁੰਮ ਖੁਸ਼ੀਆਂ ਨੂੰ, ਸੁਖ ਸਹੂਲਤਾਂ ਨੂੰ, ਲੈਣ ਦੈਣ ਨੂੰ ਪਿਆਰ ਸਮਝੀ ਬੈਠੇ ਨੇ...ਇਹ ਚੀਜ਼ਾਂ ਨਾ ਮਿਲਣ ਤੇ ਚੀਕਦੇ ਨੇ!...।"[16]

ਇੰਜ ਉਹ ਪਿਆਰ ਦੇ ਆਦਰਸ਼ਮੁੱਖ ਸਰੂਪ ਨੂੰ ਇਕ ਨਵੀਂ ਦਿਸ਼ਾ ਦਿੰਦੀ ਹੈ। ਉਹ ਆਪਣੇ ਪਿਆਰ ਵਿਚ ਆਏ ਤਣਾਓ ਨੂੰ ਬੜੀ ਸੋਝੀ ਨਾਲ ਹੱਲ ਕਰਦੀ ਹੈ ਅਤੇ ਦੋਵੇਂ ਇਕ ਸਫ਼ਲ ਪਿਆਰ ਵਿਆਹ ਕਰਵਾਉਂਦੇ ਹਨ।

ਤੀਜੀ ਪਿਆਰ ਕਥਾ ਬਲਦੇਵ ਆਪਣੇ ਪਹਿਲੇ ਪਿਆਰ ਦੀ ਜਿੱਤ 'ਤੇ ਜਿੰਨਾ ਖ਼ੁਸ਼ ਸੀ, ਉਸਨੂੰ ਉਹ ਅਸਲ ਵਿਚ ਆਪਣਾ ਅਧਿਕਾਰ ਸਮਝਦਾ ਸੀ। 'ਮਰਵਾਦੀ ਹਓ' ਦਾ ਸ਼ਿਕਾਰ ਉਹ ਬਾਕੀ ਸਭ ਕੁੱਝ ਨੂੰ ਟਿੱਚ ਜਾਣਦਾ ਹੈ। ਮਨਚਾਹੀ ਵਸਤ ਪ੍ਰਾਪਤ ਕਰਕੇ ਵੀ ਉਹ ਅਸੰਤੁਸ਼ਟ ਹੈ। ਉਹਦੀਆਂ ਅਮੋੜ ਕਾਮਨਾਵਾਂ ਲਾਲਸਾਵਾਂ ਵਿੱਚ ਬਦਲ ਜਾਂਦੀਆਂ ਹਨ। ਇਸੇ ਕਰਕੇ ਉਹ ਬਾਹਰਲੇ ਸੰਬੰਧ ਬਣਾਉਂਦਾ ਹੈ। ਬਲਦੇਵ ਵਿਆਹ ਕਰਵਾ ਕੇ ਵੀ ਛੜਿਆਂ ਵਾਲੀਆਂ ਖੁੱਲ੍ਹਾਂ ਮਾਣ ਰਿਹਾ ਸੀ। ਆਪਣੇ ਸਾਹਿਤ ਪੜ੍ਹਨ ਅਤੇ ਨਾਟਕ ਕਰਨ ਦੇ ਸ਼ੌਂਕ ਤੇ ਹੋਰ 'ਅਵਾਰਗੀਆਂ' ਉਵੇਂ ਕਿਵੇਂ ਪੂਰੀਆਂ ਕਰ ਰਿਹਾ ਸੀ। ਉਹ ਆਪਣੇ ਮੰਤਵਾਂ ਬਾਰੇ ਸਾਫ਼ ਸੀ ਕਿ ਉਸਨੇ ਪਿਆਰ ਤੇ ਫਿਰ ਪਿਆਰ ਵਿਆਹ ਪਰਵਾਜ਼ ਭਰਨ ਲਈ ਕੀਤਾ ਸੀ। ਜੀਵਨ ਦੀ ਲੁਤਫ ਲੈਣ ਲਈ ਕੀਤਾ ਸੀ। ਕਲਾਕਾਰ ਬਣਨਾ ਉਸਦੀ ਤਾਂਘ ਸੀ। ਉਸ ਦੇ ਕਲਾਕਾਰ ਮਨ ਨੂੰ ਆਸ ਪਾਸ ਦੇ 'ਮਾਤ ਲੋਕ' ਵਾਸੀ ਕੀੜੇ ਮਕੌੜੇ ਜਾਪਦੇ ਹਨ ਅਤੇ ਉਹ ਕਹਿੰਦਾ ਹੈ,

> " ਓ ਪਲ ਸਾਡੇ ਖ਼ੂਨ 'ਚੋਂ ਜਾਗਦੇ ਰਹਿੰਦੇ ਨੇ, ਜੋ ਅਸੀਂ ਰੂਹ ਨਾਲ ਭਿੱਜ ਕੇ ਜੀਵੇ ਹੋਣ। ਜੋ ਪਲ ਅਸੀਂ ਮਨ, ਚਿੱਤ, ਸਰੀਰ ਨਾਲ ਪੂਰੇ ਦੇ ਪੂਰੇ ਸੁਰ ਵਿਚ ਜੀਉਂਦੇ ਆਂ, ਉਹੀ ਸਾਡਾ ਹਾਸਲ ਹੁੰਦੇ ਨੇ। ਥੋੜ੍ਹੇ ਹੁੰਦੇ ਨੇ। ਹੋਰ ਤਾਂ ਦੁਨੀਆਂਦਾਰੀਆ। ਬਕਵਾਸ ਆ... ਤੂੰ ਮਾਰ ਝਾੜੂ...।"[17]

ਹੇਮਾ ਨਾਲ ਉਹਦੀ ਮੁਲਾਕਾਤ ਇੱਕ ਪਾਰਟੀ ਵਿੱਚ ਹੁੰਦੀ ਹੈ ਜੋ ਹੌਲੀ-ਹੌਲੀ ਪਿਆਰ ਦੇ ਸਫ਼ਰ ਵੱਲ ਤੁਰਦੀ ਹੈ। ਬਲਦੇਵ ਵਿਆਹਿਆ ਵਰ੍ਹਿਆ ਇੱਕ ਬੱਚੇ ਦਾ ਬਾਪ ਹੈ। ਉਹਦੀ ਤੇ ਹੇਮਾ ਦੀ ਉਮਰ ਵਿੱਚ ਵੀ ਅੰਤਰ ਹੈ ਪਰ ਇਕ ਸ਼ਾਤਰ ਸ਼ਿਕਾਰੀ ਵਾਂਗ ਉਹ ਪਹਿਲਾਂ ਹੇਮਾ ਨੂੰ ਤੇ ਫਿਰ ਉਹਦੇ ਪਰਿਵਾਰ ਨੂੰ ਜਾਲ ਵਿੱਚ ਫਸਾਉਂਦਾ ਹੈ। ਮਨਰਾਜ ਉਸਨੂੰ ਉਂਜ ਹੀ ਪਿਆਰ ਕਰਦੀ ਰਹੀ ਪਰ ਉਹ ਹੁੰਗਾਰਾਹੀਂ ਹੁੰਦਾ ਗਿਆ। ਇੱਕ ਦਿਨ ਉਹਨੇ ਸਿਖਰ ਕਰ ਦਿੱਤੀ-

> "ਮਨਰਾਜ ਮੈਨੂੰ ਤਲਾਕ ਚਾਹੀਦੈ! ਮੈਂ ਹੇਮਾ ਨਾਲ ਵਿਆਹ ਕਰਵੌਣੈ।"[18]

ਹਾਲਾਂਕਿ ਉਹ ਵਿਆਹਿਆ ਤਾਂ ਪਹਿਲਾਂ ਹੀ ਹੋਇਆ ਹੈ। ਇਕ ਪਿਆਰ ਵਿਆਹ ਦਾ ਅੰਤ ਹੋ ਰਿਹਾ ਹੈ ਤੇ ਦੂਜਾ ਪਿਆਰ ਵਿਆਹ ਸਿਰੇ ਚੜ੍ਹ ਰਿਹਾ ਹੈ। ਰਿਸ਼ਤਿਆਂ ਦੀ ਅਜਿਹੀ ਭੰਨ ਤੋੜ ਤੋਂ ਹੀ ਉਹ ਕਲੇਸ਼ ਉਪਜਦੇ ਹਨ ਜੋ ਇਸ ਮਾਤ ਲੋਕ ਨੂੰ ਬਰਬਾਦ ਕਰਦੇ ਹਨ। ਮਾਤ ਲੋਕ ਦੀ ਸਾਰੀ ਲੀਲ੍ਹਾ ਨਿੱਕੀਆਂ ਨਿੱਕੀਆਂ ਚੀਜ਼ਾਂ, ਛੋਟੇ ਛੋਟੇ ਨਾਤਿਆਂ ਤੇ ਸੂਖਮ ਭਾਵਨਾਵਾਂ 'ਤੇ ਉਸਰੀ ਖੜੀ ਹੈ। ਪਰ ਜਦੋਂ ਇਹ ਸਾਰੇ ਭ੍ਰਿਸ਼ਟ ਹੋ ਜਾਂਦੇ ਹਨ ਤਾਂ ਮਾਤ ਲੋਕੀ ਪ੍ਰਤੀਮਾਨ, ਆਦਰਸ਼, ਨੇਮ ਢਹਿ ਢੇਰੀ ਹੋ ਜਾਂਦੇ ਹਨ। ਤਲਾਕ ਅਜਿਹਾ ਬਜਰਪਾਤ ਹੈ, ਜਿਸ ਤੋਂ ਭਾਰਤੀ ਔਰਤ ਤ੍ਰਹਿੰਦੀ ਹੈ ਫਿਰ ਜਿਸ ਨਾਲ ਉਹਨੇ ਪਿਆਰ-ਵਿਆਹ ਕਰਵਾਇਆ ਹੋਵੇ ਤੇ ਜਿਸ ਖਾਤਰ ਉਸਨੇ ਇੱਕ ਪੂਰੇ ਸੰਸਾਰ ਤੇ ਆਪਣੀਆਂ ਜੜ੍ਹਾਂ ਤੱਕ ਦਾ ਤਿਆਗ ਕਰ ਦਿੱਤਾ ਹੋਵੇ, ਉਹਦੇ ਲਈ ਅਜਿਹੀ ਸਥਿਤੀ ਅਸਹਿ ਹੈ। ਉਹਦੇ ਸਾਹਮਣੇ ਸਵਾਲ ਇਹ ਹੈ ਕਿ ਆਖਰ ਕੀ ਸਨ ਬਲਦੇਵ ਦੀਆਂ ਲੋੜਾਂ, ਕਾਮਨਾਵਾਂ, ਜੋ ਉਹ ਪੂਰੀਆਂ ਨਾ ਕਰ ਸਕੀ। ਤਿੰਨਾਂ ਜੀਆਂ ਦਾ ਇਕ ਛੋਟਾ ਜਿਹਾ ਪਰਿਵਾਰ, ਮਾਣ ਮਨਮਾਣਾਂ, ਮੁਹੱਬਤਾਂ ਤੇ ਦੁਨਿਆਦਾਰੀਆਂ ਦੇ ਚੱਕਰਾਂ ਵਿਚ ਛਟਪਟਾਂਦਾ, ਭਵਸਾਗਰ ਤੋਂ ਪਾਰ ਲੰਘਣ ਦੀਆਂ ਕੋਸ਼ਿਸਾਂ ਵਿਚ ਜੁਟਿਆ ਰਿਹਾ ਪਰ ਅਮੋੜ ਕਾਮਨਾਵਾਂ ਉਨ੍ਹਾਂ ਨੂੰ ਹੋਰ ਡੂੰਘੇ ਪਾਣੀਆਂ ਵਲ ਧੱਕ ਰਹੀਆਂ ਸਨ। ਬਲਦੇਵ ਦਾ ਭਟਕ ਜਾਣਾ ਪੂਰੇ ਘਰ ਲਈ ਆਫਤ ਸੀ। ਜਿਹੜਾ ਘਰ ਪਿਆਰ ਦੇ ਪਵਿੱਤਰ ਜਜ਼ਬੇ 'ਤੇ ਉਸਰਿਆ ਸੀ, ਉਹੀ ਹੁਣ ਨਫ਼ਰਤ ਤੇ ਹਿੰਸਾ ਵੱਲ ਵੱਧ ਰਿਹਾ ਸੀ। ਬਲਦੇਵ ਦਾ ਮਨਰਾਜ ਨੂੰ ਤਲਾਕ ਦੇਣ ਦਾ ਪੱਕਾ ਫੈਸਲਾ ਹੈ ਉਹ ਕਹਿੰਦਾ ਹੈ,

> " ਇਹ ਤਲਾਕ ਦੇਵੇ ਨਾ ਦੇਵੇ ਮੈਂ ਹੇਮਾ ਨਾਲ ਵਿਆਹ ਕਰੌਣਾ ਹੀ ਕਰੌਣਾ...ਕੋਈ ਮਾਈ ਦਾ ਲਾਲ ਰੋਕ ਨਹੀਂ ਸਕਦਾ, ਮੈਨੂੰ ਮੇਰੇ ਸੱਚੇ ਪਿਆਰ ਤੋਂ...।"[19]

ਇਥੇ ਕਥਾ ਦੋ ਧਿਰਾਂ ਵਿਚ ਵੰਡੀ ਜਾਂਦੀ ਹੈ। ਇਕ ਧਿਰ ਆਪਣੇ ਆਪ ਨੂੰ ਪਿਆਰ ਦੀ ਸੱਚੀ ਧਿਰ ਸਾਬਤ ਕਰ ਰਹੀ ਹੈ ਤੇ ਉਹਦੀਆਂ ਨਜ਼ਰਾਂ ਵਿਚ ਦੂਜੀ ਧਿਰ ਪਿਆਰ ਦੋਖੀ ਹੈ। ਪਹਿਲੀ ਕਥਾ ਵਿਚ ਪਰਿਵਾਰ, ਮਾਪੇ,

ਸਮਾਜ, ਭਾਈਚਾਰਾ, ਲੋਕਾਚਾਰ ਸਾਰੇ ਇਕੱਠੇ ਹੋ ਕੇ ਇਕ ਧਿਰ ਸਨ, ਤੇ ਬਲਦੇਵ ਤੇ ਮਨਰਾਜ ਦੂਜੀ ਧਿਰ। ਬਿਲਕੁਲ ਇੰਜ ਹੀ ਹੁਣ ਮਨਰਾਜ ਉਹਦੇ ਅੰਗ ਸਾਕ, ਸਨੇਹੀ ਇਕ ਧਿਰ ਹਨ ਤੇ ਦੂਜੀ ਧਿਰ ਵਿਚ ਬਲਦੇਵ ਤੇ ਹੇਮਾ ਇਕੱਠੇ ਹਨ। ਇਥੋਂ ਤੱਕ ਕਿ ਹੇਮਾ ਦਾ ਪਰਿਵਾਰ ਵੀ ਉਨ੍ਹਾਂ ਦੀ ਵਿਰੋਧੀ ਧਿਰ ਵਿਚ ਸ਼ਾਮਲ ਹੈ। ਦੋਵੇਂ ਧਿਰਾਂ ਆਪਣੇ ਸੱਚ 'ਤੇ ਬਜਿੱਦ ਹਨ। ਦੁਸ਼ਮਨ ਤਾਕਤਾਂ ਤੇ ਮਿੱਤਰ ਤਾਕਤਾਂ ਦੇ ਇਸ ਭੇੜ ਵਿਚ ਮਾਤ ਲੋਕ ਘਾਣ ਹੋ ਰਿਹਾ ਹੈ। ਆਦਰਸ਼ਾਂ ਦੇ ਮਾਪਦੰਡ ਟੁੱਟ ਰਹੇ ਹਨ। ਪਰਿਵਾਰ ਤਬਾਹ ਹੋ ਰਹੇ ਹਨ। ਪਰਿਵਾਰਾਂ ਵਿਚ ਆਪਸੀ ਤਣਾਓ ਪ੍ਰਤੀ ਦਿਨ ਵੱਧਦਾ ਜਾਂ ਰਿਹਾ ਹੈ। ਅੰਨ੍ਹੀਆਂ ਕਾਮਨਾਵਾਂ ਕਿੰਨੀਆਂ ਜ਼ਿੰਦਗੀਆਂ ਦਾ ਜੀਣਾ ਨਰਕ ਬਣਾ ਧਰਦੀਆਂ ਹਨ। ਨਾ ਆਪ ਚੈਨ ਨਾਲ ਜੀਂਦੇ ਨੇ ਐਹੋ ਜਿਹੇ ਨਾ ਦੂਜੇ ਨੂੰ ਜੀਣ ਦਿੰਦੇ ਨੇ। ਸਭ ਸਾੜਦੇ ਨੇ। ਜੇ ਕੋਈ ਲਾਲਸਾ ਨਾ ਵੀ ਪਾਲੇ ਤਾਂ ਉਹ ਦੂਜੇ ਦੀ ਲਾਲਸਾ ਦਾ ਸ਼ਿਕਾਰ। ਬਚੇ ਤਾਂ ਕਿਵੇਂ ਬਚੇ?

ਅੰਤ ਬਲਦੇਵ ਤਲਾਕ ਲਈ ਹਿੰਸਾ 'ਤੇ ਉਤਾਰੂ ਹੋ ਜਾਂਦਾ ਹੈ ਤੇ ਮਨਰਾਜ ਨਫ਼ਰਤ ਦੇ ਘੋਰ ਹਨੇਰੇ ਵਿਚ ਧਸਦੀ ਜਾਂਦੀ ਹੈ। ਬਲਦੇਵ ਨੂੰ ਸਿਰਫ਼ ਜਿਸਮਾਂ ਦੀ ਭੁੱਖ ਏ। ਉਹਦੇ ਲਈ ਪਿਆਰ ਦੀ ਸਰਬ ਉਚਿਤ ਪਰਿਭਾਸ਼ਾ ਇਹੀ ਹੈ। ਮਾਤ ਲੋਕ ਦੇ ਅਜਿਹੇ ਰਿਸ਼ਤਿਆਂ ਦੇ ਦਵੰਦ ਨੇ, ਅਮੋੜ ਕਾਮਨਾਵਾਂ ਤੇ ਪਿਆਰ ਦੇ ਬਦਲਦੇ ਸਰੂਪਾਂ ਨੇ ਇਸ ਨਾਵਲੀ ਪਾਠ ਵਿਚ ਇਕ ਨਵਾਂ ਮਾਤ ਲੋਕ ਸਿਰਜ ਦਿਤਾ ਹੈ।

## 3.3 ਮਾਤ ਲੋਕ : ਪੰਜਾਬੀ ਸੱਭਿਆਚਾਰ ਵਿਚ ਪਰਿਵਰਤਨ ਦੀ ਪੇਸ਼ਕਾਰੀ

ਸੱਭਿਆਚਾਰ ਦੇ ਸੰਬੰਧ ਵਿਚ ਇਹ ਸੱਚਾਈ ਹੈ ਕਿ ਇਹ ਬਦਲਦਾ ਰਹਿੰਦਾ ਹੈ। ਜਦੋਂ ਅਸੀਂ ਖੜੋਤ ਦਾ ਸ਼ਿਕਾਰ ਹੋਏ ਸੱਭਿਆਚਾਰ ਦੀ ਗੱਲ ਕਰਦੇ ਹਾਂ ਤਾਂ ਅਸੀਂ ਉਹਨਾਂ ਸੱਭਿਆਚਾਰਾਂ ਦੇ ਸੰਬੰਧ ਵਿਚ ਇਕ ਸਾਪੇਖਕ ਸੱਚ ਕਹਿ ਰਹੇ ਹੁੰਦੇ ਹਾਂ। ਉਹਨਾਂ ਦੀ ਤਬਦੀਲੀ ਏਨੀ ਹੌਲੀ ਅਤੇ ਲੰਮੇ ਸਮੇਂ ਉਤੇ ਫੈਲੀ ਹੈ ਕਿ ਇਹ ਮਹਿਸੂਸ ਨਹੀਂ ਹੁੰਦੀ, ਜਦ ਕਿ ਕਿਸੇ ਦੂਜੇ ਸੱਭਿਆਚਾਰ ਏਨੀ ਤੇਜ਼ੀ ਨਾਲ ਬਦਲ ਰਹੇ ਹੁੰਦੇ ਹਨ ਕਿ ਪਹਿਲੇ ਸੱਭਿਆਚਾਰ ਖੜੋਤ ਦੀ ਅਵਸਥਾ ਵਿਚ ਲੱਗਦੇ ਹਨ। ਪਰ ਇਹ ਖੜੋਤ ਵਿਚ ਲੱਗਦੇ ਸੱਭਿਆਚਾਰ ਵੀ ਨਿਰੰਤਰਨ ਵਿਚੋਂ ਲੰਘ ਰਹੇ ਹੁੰਦੇ ਹਨ, ਜਿਸ ਦਾ ਸਾਨੂੰ ਪਤਾ ਓਦੋਂ ਲੱਗਦਾ ਹੈ, ਜਦੋਂ ਇਹਨਾਂ ਦੀ ਹੋਂਦ ਦੇ ਲੰਮੇ ਸਮੇਂ ਨੂੰ ਅਸੀਂ ਨਿਰੀਖਣ ਹੇਠ ਲਿਆਈਏ।

"ਇਹ ਤਬਦੀਲੀ ਵਿਅਕਤੀ ਜਾਂ ਸਮਾਜ ਦੀ ਇੱਛਾ ਉਪਰ ਨਿਰਭਰ ਨਹੀਂ ਕਰਦੀ। ਇਹ ਪ੍ਰਕਿਰਤੀ ਦਾ ਨਿਯਮ ਹੈ ਅਤੇ ਪ੍ਰਕਿਰਤੀ ਮਨੁੱਖੀ ਸਮਾਜ ਦਾ ਹੋਂਦ-ਚੌਖਟਾ ਹੈ। ਪ੍ਰਕਿਰਤੀ ਵਿਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ ਜੋ ਮਨੁੱਖੀ ਸਮਾਜ ਲਈ ਅਨੁਕੂਲਣ ਦੀਆਂ ਸਮੱਸਿਆਵਾਂ ਪੈਦਾ ਕਰਦੀਆਂ ਰਹਿੰਦੀਆਂ ਹਨ। ਮਨੁੱਖ ਇਹਨਾਂ ਦਾ ਹੱਲ ਲੱਭਦਾ ਹੈ। ਇਹ ਹੱਲ ਮਨੁੱਖ ਨੂੰ ਵੀ ਬਦਲਦੇ, ਪ੍ਰਕਿਰਤੀ ਨੂੰ ਵੀ, ਪਰ ਆਪਣੀ ਥਾਂ ਨਵੀਆਂ ਸਮੱਸਿਆ ਵੀ ਪੈਦਾ ਕਰਦੇ ਰਹਿੰਦੇ ਹਨ।"[20]

ਇਥੇ 'ਮਾਤ ਲੋਕ' ਨਾਵਲ ਵਿਚ ਵਾਪਰੇ ਸੱਭਿਆਚਾਰ ਤਣਾਓ ਦੀ ਗੱਲ ਹੈ। ਪੰਜਾਬੀ ਨਾਵਲ ਧਰਮ ਸੁਧਾਰਵਾਦੀ, ਪ੍ਰਗਤੀਵਾਦੀ, ਯਥਾਰਥਵਾਦੀ ਆਦਿ ਚਿੰਤਨ ਧਾਰਾਵਾਂ ਵਿਚੋਂ ਗੁਜਰ ਕੇ ਅਜੋਕੇ ਵਿਸ਼ਵੀਕਰਨ ਦੇ ਦੌਰ

ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਕਿਸੇ ਦੇਸ਼ ਦੀ ਅਰਥ ਵਿਵਸਥਾ, ਉੱਥੋਂ ਦੀ ਸੰਸਕ੍ਰਿਤੀ, ਭਾਸ਼ਾ, ਰਿਸ਼ਤਾ ਨਾਤਾ ਪ੍ਰਣਾਲੀ, ਨੈਤਿਕ ਕਦਰਾਂ ਕੀਮਤਾਂ, ਸਮਾਜ ਅਤੇ ਸੱਭਿਆਚਾਰ ਦੀਆਂ ਹੋਰ ਪ੍ਰਥਮ ਇਕਾਈਆਂ ਦਾ ਅਰਥ ਨਿਰਧਾਰਨ ਅਤੇ ਦਿਸ਼ਾ ਨਿਰਦੇਸ਼ ਕਰਦੀ ਹੈ। ਸਾਹਿਤ ਸਿਰਜਨਾ ਅਤੇ ਸਾਹਿਤ ਚਿੰਤਨ ਦੀ ਦੁਨੀਆ ਵਿੱਚ ਬੁੱਧੀਜੀਵੀ ਇਸ ਅਵਸਥਾ ਨੂੰ ਨਵ-ਪੂੰਜੀਵਾਦ, ਉੱਤਰ ਬਸਤੀਵਾਦ, ਉੱਤਰ ਆਧੁਨਿਕਤਾਵਾਦ ਆਦਿ ਸੰਕਲਪਾਂ ਨਾਲ ਚਿਤਰਦੇ ਹਨ। ਇਸ ਨੁਕਤੇ ਨਿਗਾਹ ਤੋਂ ਅਜੋਕੇ ਪੰਜਾਬੀ ਨਾਵਲ ਦੇ ਸੰਦਰਭ ਵਿੱਚ ਸਮਾਜਕ ਯਥਾਰਥ ਅਤੇ ਸਿਰਜਿਤ ਯਥਾਰਥ ਵਿੱਚ ਪੇਸ਼ ਸੱਭਿਆਚਾਰ/ਸੰਸਕ੍ਰਿਤਕ ਵੇਰਵੇ ਨਵ-ਪੂੰਜੀਵਾਦ ਅਤੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਸੱਭਿਆਚਾਰਕ ਪਰਿਵਰਤਨ ਦਾ ਸਬੂਤ ਦਿੰਦੇ ਹਨ। ਉਂਞ ਸੱਭਿਆਚਾਰ ਦੇ ਸਬੰਧ ਵਿੱਚ ਇੱਕ ਨਿਰਪੇਖ ਸੱਚਾਈ ਇਹ ਹੈ ਕਿ ਇਹ ਬਦਲਦਾ ਰਹਿੰਦਾ ਹੈ। ਪਰ ਅਜੋਕੇ ਪੰਜਾਬੀ ਨਾਵਲ ਵਿਚ ਇਹ ਸੰਸਕ੍ਰਿਤਿਕ ਪਰਿਵਰਤਨ ਸ਼ਿਖਰ ਨੂੰ ਛੋਹ ਗਿਆ ਹੈ।

ਜਸਵਿੰਦਰ ਸਿੰਘ ਰਚਿਤ 'ਮਾਤ ਲੋਕ' ਇਕ ਵੱਡ ਅਕਾਰੀ ਨਾਵਲ ਹੈ। ਇਹ ਨਾਵਲ ਮੂਲ ਰੂਪ ਵਿੱਚ ਸਮਾਜ ਵਿਚਲੇ ਸੱਭਿਆਚਾਰ ਪਰਿਵਰਤਨ ਅਤੇ ਉਸ ਪਰਿਵਰਤਨ ਲਈ ਜ਼ਿੰਮੇਵਾਰ ਕਾਰਨਾਂ ਨੂੰ ਨਾਵਲ ਦੇ ਵਿਸ਼ਾਲ ਕੈਨਵਸ ਤੇ ਫੈਲਾਅ ਦਿੰਦਾ ਹੈ। ਨਾਵਲ ਦਾ ਸਮੁੱਚਾ ਪੈਟਰਨ ਮਨੁੱਖ ਨੇ ਸਮਾਜ ਦੀ ਸਵੈ-ਇਛਿਤ ਉਸਾਰੀ ਕੀਤੀ ਹੈ।

ਓਮ ਪ੍ਰਕਾਸ਼ ਗਾਸੋ ਦਾ ਕਥਨ ਹੈ "ਸੱਭਿਆਚਾਰਕ ਵਿਕਾਸ ਦੀ ਪਿਰਤ ਵਿੱਚ ਪ੍ਰਮੁੱਖ ਤੌਰ 'ਤੇ ਭਾਵਨਾ, ਕਰਮ ਅਤੇ ਜਾਣਕਾਰੀ ਦਾ ਕ੍ਰਮ ਬਣਿਆ ਹੋਇਆ ਹੁੰਦਾ ਹੈ।"[21] ਭਾਵ ਇਹਨਾਂ ਪ੍ਰਤੀ ਮਨੁੱਖੀ ਭਾਵੁਕਤਾ ਉਸ ਨੂੰ ਸਮਾਜਿਕ/ਸੱਭਿਆਚਾਰਕ ਪਰਿਵਰਤਨ ਵਿੱਚ ਰੁਚਿਤ ਕਰਦੀ ਹੋਈ ਨਵੀਆਂ ਸੰਭਾਵਨਾਵਾਂ ਲਈ ਜਗਿਆਸੂ ਬਣਾਉਂਦੀ ਹੈ। ਇਸ ਨਾਵਲ ਦਾ ਪ੍ਰਮੁੱਖ ਪਾਤਰ ਬਲਦੇਵ ਕੁਮਾਰ ਸ਼ਰਮਾ ਵੀ ਆਪਣੀਆਂ ਕਿਰਦਾਰੀ ਕਾਮਨਾਵਾਂ ਦੀ ਪੂਰਤੀ ਲਈ ਸੱਭਿਆਚਾਰਕ ਬਣਤਰ ਨੂੰ ਸਵੈ-ਕੇਂਦਰਿਤ ਕਰਦਾ ਹੋਇਆ ਅਨੋਖੇ ਪਾਤਰ ਦਾ ਕਾਰਜ ਨਿਭਾਉਂਦਾ ਹੈ। ਇਸ ਨਾਵਲ ਵਿਚ ਇਕ ਕਥਨ ਹੈ,

"ਕਾਮਨਾ ਪੈਦਾ ਬੰਦੇ ਅੰਦਰ ਹੁੰਦੀ ਹੈ, ਪਰ ਪੂਰੀ ਸਮਾਜ ਵਿਚੋਂ।"[22]

ਇਸ ਤਰ੍ਹਾਂ ਮਨੁੱਖੀ ਕਾਮਨਾ ਨੇ ਤਾਂ ਪੂਰਾ ਹੋਣਾ ਹੀ ਹੈ। ਇਹ ਖਤਮ ਨਹੀਂ ਹੋ ਸਕਦੀ ਜਾਂ ਇਸਨੂੰ ਦਬਾ ਕੇ ਨਹੀਂ ਰੱਖਿਆ ਜਾ ਸਕਦਾ ਪਰ ਵਿਪਰੀਤ ਸਥਿਤੀਆਂ ਵਿੱਚ ਮਨੁੱਖੀ ਕਾਮਨਾ ਸਵੈ-ਕੇਂਦਰਿਤ ਸਥਿਤੀ ਪਰਿਵਰਤਨ ਵੱਲ ਰੁਚਿਤ ਹੋ ਜਾਂਦੀ ਹੈ। ਮਾਤ ਲੋਕ ਨਾਵਲ ਦਾ ਇਹ ਕੇਂਦਰੀ ਨੁਕਤਾ ਹੈ। ਮਾਤ ਲੋਕ ਨਾਵਲ ਮੂਲ ਰੂਪ ਵਿਚ ਵਰਤਮਾਨ ਰਾਜਨੀਤਿਕ, ਸੰਸਕ੍ਰਿਤਕ, ਆਰਥਿਕ ਅਤੇ ਸਮਾਜਕ ਪਰਿਵਰਤਨ ਨੂੰ ਸਮਕਾਲੀ ਸੰਦਰਭਾਂ ਵਿੱਚ ਆਪਣਾ ਥੀਮਕ ਆਧਾਰ ਬਣਾਉਂਦਾ ਹੈ। ਤਿੰਨ ਪੀੜ੍ਹੀਆਂ ਦੇ ਬਹੁਤ ਵੱਡੇ ਸਮਕਾਲ ਨੂੰ ਇਸ ਨਾਵਲ ਦਾ ਗਲਪੀ ਕਥਾਨਕ ਬਣਾਇਆ ਹੈ।

ਮਾਤ ਲੋਕ ਨਾਵਲ ਦਾ ਪਾਤਰ ਬਲਦੇਵ ਆਪਣੇ ਪ੍ਰੇਮ ਨੂੰ ਸਮਾਜਕ ਸਵੀਕ੍ਰਿਤੀ ਦਿਵਾਉਣ ਲਈ ਵਿਦਰੋਹੀ ਰੁਖ਼ ਅਖ਼ਤਿਆਰ ਕਰਦਾ ਹੈ। ਉਹ ਪਿਆਰ ਅਜ਼ਾਦੀ ਦੀ ਪ੍ਰਾਪਤੀ ਲਈ ਆਪਣੀ ਪ੍ਰੇਮਕਾ ਮਨਰਾਜ ਦੇ ਪਰਿਵਾਰ

ਨਾਲ ਖਹਿਬਾਜ਼ੀ 'ਤੇ ਉਤਰ ਆਉਂਦਾ ਹੈ। ਉਹ ਮਨਰਾਜ ਦੇ ਪਿਤਾ ਪੁਰਖੀ ਸਮਾਜਕ ਸੰਸਕਾਰਾਂ ਨੂੰ ਚੁਣੌਤੀ ਦਿੰਦਾ ਹੋਇਆ ਅੰਤ ਵਿੱਚ ਕੁਰਲਾ ਉੱਠਦਾ ਹੈ।

> "ਮਹਿੰਗਾ ਪਊ ਥੋਨੂੰ ਯਾਦ ਰੱਖਿਓ!ਮੈਂ ਵੀ ਆਪਣੇ ਪੇ......।"[23]

ਇਸ ਉਸ ਦਾ ਅਟੱਲ ਫੈਸਲਾ ਹੈ, ਜਿਸ ਦੇ ਅੰਤਰਗਤ ਉਹ ਮਨਰਾਜ ਨੂੰ ਸੰਪੂਰਨ ਰੂਪ ਵਿੱਚ ਪ੍ਰਾਪਤ ਕਰਨ ਹਿੱਤ ਵਿਆਹ ਦੀ ਸੰਸਥਾ ਦਾ ਸਹਾਰਾ ਲੈਂਦਾ ਹੈ। ਉਹ ਇਸ ਕਾਮਨਾ ਨੂੰ ਪੂਰਾ ਤਾਂ ਕਰ ਲੈਂਦਾ ਹੈ ਪ੍ਰੰਤੂ ਸਮਾਜਕ ਵਿਕਾਸ ਦੀ ਤੇਜ਼ ਗਤੀ ਕਾਰਨ ਆਪਣੀਆਂ ਕਾਮਨਾਵਾਂ 'ਤੇ ਕਾਬੂ ਨਹੀਂ ਪਾ ਸਕਦਾ। ਅਗਲੇ ਪੜਾਅ 'ਤੇ ਉਹ ਮਨਰਾਜ ਪ੍ਰਤੀ ਆਪਣੇ ਵਿਚਾਰਾਂ ਦੀ ਪੁਨਰ ਪੇਸ਼ਕਾਰੀ ਕਰਦਾ ਹੈ। ਨਾਵਲ ਵਿਚੋਂ ਉਦਾਹਰਣ ਪੇਸ਼ ਹੈ:

> "ਬਲਦੇਵ ਇਹ ਭੈੜੀ ਤਰ੍ਹਾਂ ਮਹਿਸੂਸਦਾ ਹੈ ਕਿ ਮਨਰਾਜ ਦੇ ਪਿਆਰ ਨੂੰ ਫੋਕੀ ਤੇ ਫਜ਼ੂਲ ਦੁਨੀਆਦਾਰੀ ਨਾਲ ਨੱਥੀ ਕਰ ਰੱਖਿਆ ਹੈ।"[24]

ਇਥੇ ਉਹ ਸਮਾਜਿਕ ਸੰਸਥਾਵਾਂ ਨੂੰ ਖਾਰਜ ਕਰਦਾ ਹੈ ਅਤੇ ਨਾਲ ਹੀ ਨਵੀਂ ਕਾਮਨਾ ਦੀ ਪੂਰਤੀ ਲਈ ਤਤਪਰ ਹੈ। ਇਹ ਕਥਨ ਬਲਦੇਵ ਦੇ ਮਨਰਾਜ ਪ੍ਰਤੀ ਅਕੇਵੇਂ ਨੂੰ ਪੇਸ਼ ਕਰਦਾ ਹੈ। ਇਕ ਹੋਰ ਉਦਾਹਰਣ ਪੇਸ਼ ਹੈ:

> "ਬਲਦੇਵ ਹੇਮਾ ਨਾਲ ਇਸ ਨਵੇਂ ਪਿਆਰ ਨੂੰ ਹੱਕੀ ਤੇ ਸਹੀ ਸਮਝਦਾ ਸੀ।"[25]

ਉਹ ਆਪਣੀਆਂ ਕਾਮਨਾਵਾਂ ਦੇ ਹੱਥੋਂ ਬੇਵੱਸ ਹੋ ਸਮਾਜ ਨੂੰ ਆਪਣੀ ਮਾਨਸਿਕਤਾ ਅਨੁਸਾਰ ਢਾਲਣ ਵੱਲ ਰੁਚਿਤ ਹੈ। ਨਾਵਲ ਦੇ ਦੂਸਰੇ ਪਾਤਰ ਜਿਵੇਂ ਕਿ ਮਨਰਾਜ ਵੀ ਆਪਣੀਆਂ ਕਾਮਨਾਵਾਂ ਨੂੰ ਪੂਰੇ ਕਰਨ ਦੇ ਹੱਕ ਵਿੱਚ ਖਾਮੋਸ਼ ਹੋ ਭੁਗਤਦੇ ਹਨ।

> "ਉਹ ਸੁੰਨ ਥਾਵੇਂ ਖੜ੍ਹੀ ਰਹੀ। ਪਤਾ ਨਹੀਂ ਕਿਉਂ? ਲੀਕ ਦੇ ਉਸ ਪਾਸੇ ਜਿੱਧਰ 'ਉਸ ਦਾ ਦੇਵ' ਨਾਂ ਹਿੱਲੀ, ਨਾ ਕੂਈ। ਕਿਸੇ ਦੈਵੀ ਮੂਰਤ ਵਾਂਗ"।[26]

ਇਸ ਕਥਨ ਤੋਂ ਸਾਬਿਤ ਹੁੰਦਾ ਹੈ ਕਿ ਮਨਰਾਜ ਭਾਵੇਂ ਆਪਣੇ ਪਿਤਰੀ ਕਰਤਵਾਂ ਦੀ ਪਾਲਣਾ ਕਰਦੀ ਹੋਈ ਬਲਦੇਵ ਨਾਲ ਪ੍ਰੇਮ ਵਿਆਹ ਲਈ ਕਦਮ ਨਹੀਂ ਚੁੱਕਦੀ। ਪਰ ਉਸ ਦੀ ਚੁੱਪ ਅਤੇ ਲੀਕ ਤੋਂ ਬਲਦੇਵ ਵਾਲੇ ਪਾਸੇ ਖੜ੍ਹੇ ਰਹਿਣਾ ਉਸ ਦੀਆਂ ਆਪਣੀਆਂ ਕਾਮਨਾਵਾਂ ਦੀ ਪੂਰਤੀ ਦੇ ਹੱਕ ਵਿੱਚ ਭੁਗਤਣਾ ਹੀ ਹੈ। ਅਗਲਾ ਪਾਤਰ ਬੱਲੀ (ਮਨਰਾਜ ਦੀ ਭੈਣ) ਹੈ ਜੋ ਮਨਰਾਜ ਬਲਦੇਵ ਦੇ ਵਿਆਹ ਨੂੰ ਆਪਣੇ ਪ੍ਰੇਮ ਵਿਆਹ ਲਈ ਰਾਹ ਪੱਧਰਾ ਹੋਣ ਵਜੋਂ ਲੈਂਦੀ ਹੈ ਉਦਾਹਰਣ ਪੇਸ਼ ਹੈ:

> "ਬੱਲੀ ਅੰਦਰੋਂ ਬਾਹਰੋਂ ਬਾਗੋ ਬਾਗ ਸੀ। ਵੱਡੀ ਭੈਣ ਦਾ ਪਿਆਰ ਸਿਰੇ ਚੜ੍ਹ ਗਿਆ ਤਾਂ ਉਸ ਨੂੰ ਆਪਣੇ ਪਿਆਰ ਨੂੰ ਵੀ ਬੂਰ ਪੈਣ ਦੀ ਆਸ ਬੂਹੇ ਆਣ ਢੁਕੀ ਜਾਪੀ।"[27]

ਨਾਵਲ ਵਿੱਚ ਪੇਸ਼ ਕਾਮਨਾ ਨੂੰ ਕਾਮ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਸਮਾਜਕ ਯਥਾਰਥ ਦੇ ਪੱਧਰ ’ਤੇ ਮਨੁੱਖ ਦਾ ਪਿਆਰ ਸਿਰਫ ਹਕੀਕੀ ਨਹੀਂ ਹੋ ਸਕਦਾ। ਨਾਵਲਕਾਰ ਕਾਮ ਨੂੰ ਸਮਾਜਕ ਰਿਸ਼ਤਿਆਂ ਅਤੇ ਅਸਮਾਜਿਕ ਰਿਸ਼ਤਿਆਂ ਦੀ ਪੱਧਰ ਤੋਂ ਪਰੇ ਹੋ ਕੇ ਵੇਖਦਾ ਹੈ। ਉਸ ਦੇ ਕਾਮ ਸੰਕਲਪ ਦਾ ਆਧਾਰ ਰਿਸ਼ਤਿਆਂ ਦੀਆਂ ਸਮੀਕਰਨਾਂ ਨਹੀਂ ਸਗੋਂ ਰੂਹ ਦੀ ਭੁੱਖ ਦੀਆਂ ਸਮੀਕਰਨਾਂ ਹਨ। ਉਸ ਅਨੁਸਾਰ ਰਿਸ਼ਤਾ ਸਮਾਜਕ ਹੈ ਜਾਂ ਨਹੀਂ ਕਾਮ ਸੰਬੰਧ ਪਵਿੱਤਰ ਹੋਣਾ ਚਾਹੀਦਾ ਹੈ। ਨਾਵਲ ਵਿੱਚ ਪ੍ਰਸੰਗ ਹੈ:

> “ਐਸੀ ਸੋਚ ਨਾਲ ਬੰਦਾ ਤੀਵੀਂ ਕੋਲੇ ਜਾਂਦਾ! ਸੈਕਸ ਕਰਦਾ-ਅੰਤਰਮਨ ਵਿੱਚ ਨਰਕ ਵੱਲ ਫਿਸਲਦਾ ਮਹਿਸੂਸ ਕਰਦੈ। ਤੀਵੀਂ ਗੁਨਾਹ ਕਰ ਰਹੀ ਮਹਿਸੂਸ ਕਰਦੀ ਆ। ਕਾਹਦਾ ਰਿਸ਼ਤਾ......।”[28]

ਨਾਵਲਕਾਰ ਨਾਵਲੀ ਮੈਟਾਫਰ ਰਾਹੀਂ ਕਾਮ ਦੀ ਪਵਿੱਤਰਤਾ ਦੇ ਹੱਕ ਵਿੱਚ ਭੁਗਤਦਾ ਹੈ। ਇਹ ਵੇਰਵੇ ਸੱਭਿਆਚਾਰ ਪਰਿਵਰਤਨ ਦੀ ਆਮਦ ਵਜੋਂ ਇਸ ਨਾਵਲ ਦਾ ਹਿੱਸਾ ਬਣਦੇ ਹਨ। ਇੱਕ ਹੋਰ ਨਾਵਲੀ ਕਥਨ ਰਾਹੀਂ ਉਹ ਕਾਮ ਨੂੰ ਤਨ ਦੀ ਨਹੀਂ ਰੂਹ ਦੀ ਲੋੜ ਕਹਿੰਦਾ ਹੈ: ਇਹ ਨਾਵਲਕਾਰ ਦੀ ਕਾਮ-ਪਰਿਭਾਸ਼ਾ ਦਾ ਦੂਸਰਾ ਪੱਧਰ ਹੈ,

> “ ਬਈ ਮੁਹੱਬਤ ਹੁਣ ਕਿੱਥੇ ਰਹਿਗੀ...ਆਹ ਸਾਲੀ ਮੁੰਡੀਰ...ਨਵੇਂ ਮਜਨੂੰ ...ਆਹ ਫਿਲਮਾਂ ਆਹ ਗਾਣੇ, ਜਮੀਂ ਸ਼ਰਮ ਲਾਹ ਛੱਡੀ ਆ...ਜਿਉਂ ਬੰਦੇ ਅੰਦਰ ਹੋਰ ਕੁੱਝ ਹੋਵੇ ਈ ਨਾਂ, ਬੱਸ ਕਾਮ ਹੀ ਕਾਮ।”[29]

ਨਾਵਲਕਾਰ ਕਾਮ ਨੂੰ ਦੂਸਰੇ ਪੱਧਰ ’ਤੇ ਪਰਿਭਾਸ਼ਿਤ ਕਰਦਾ ਹੋਇਆ ਵਿਸ਼ਾਲਤਾ ਨਾਲ ਜੋੜਤਾ ਹੈ ਜਿਥੇ ਕਾਮ ਦੇ ਘੇਰੇ ਵਿੱਚ ਜਬਰ-ਜਿਨਾਹ ਵੀ ਘੁਸਪੈਠ ਕਰਦਾ ਹੈ। ਉਪਰੋਕਤ ਉਦਾਹਰਣ ਅਜਿਹੇ ਕਾਮ ਨੂੰ ਪਰਿਭਾਸ਼ਿਤ ਕਰਦੀ ਹੈ। ਇਥੇ ਅਜਿਹੇ ਕਾਮੁਕ ਸੰਬੰਧ ਸੰਸਕ੍ਰਿਤਿਕ ਪਰਿਵਰਤਨ ਦੇ ਮੁਦਈ ਹੈ। ਭਾਵੇਂ ਬਲਦੇਵ ਮਨਰਾਜ ਤੋਂ ਬਾਅਦ ਹੇਮਾ ਦਾ ਪਿਆਰ ਨੂੰ ਪ੍ਰਾਪਤ ਕਰਨ ਲਈ ਤਤਪਰ ਹੈ, ਪਰ ਬਲਦੇਵ ਦੀ ਅਜਿਹੀ ਗਤੀਵਿਧੀ ਨੂੰ ਸਵੀਕਾਰ ਕਰਨਾ ਮਨਰਾਜ ਦੀ ਹੋਣੀ ਬਣ ਗਿਆ ਹੈ। ਜਿਸ ਤੋਂ ਬਚਣ ਦਾ ਰਾਹ ਕਿਤੇ ਨਜ਼ਰ ਨਹੀਂ ਆ ਰਿਹਾ। ਬਲਦੇਵ ਲਈ ਔਰਤ ਇਕ ਵਸਤੂ ਤੋਂ ਵੱਧਕੁੱਝ ਨਹੀਂ ਹੈ। ਬਲਦੇਵ ਕਹਿੰਦਾ ਹੈ,

> “ਇਹ ਤਲਾਕ ਦੇਵੇ ਨਾ ਦੇਵੇ, ਮੈਂ ਹੇਮਾ ਨਾਲ ਵਿਆਹ ਕਰੌਣਾ ਹੀ ਕਰੌਣਾ, ਕੋਈ ਮਾਈ ਦਾ ਲਾਲ ਰੋਕ ਨਹੀਂ ਸਕਦਾ, ਮੈਨੂੰ ਮੇਰੇ ਸੱਚੇ ਪਿਆਰ ਤੋਂ...।”[30]

ਜੋ ਕੁੱਝ ਸਮਾਂ ਪਹਿਲਾਂ ਬਲਦੇਵ ਲਈ ਮਨਰਾਜ ਸੀ, ਉਹੀ ਅੱਜ ਹੇਮਾ ਹੈ। ਇਸ ਬੇਵਫਾਈ ਨੂੰ ਮਨਰਾਜ ਮਨ ’ਤੇ ਭੋਗਦੀ ਹੋਈ ਕਹਿੰਦੀ ਹੈ,

" ਭਾਬੀ ਜੀ, ਹੋਰ ਪੰਦਰਾਂ ਸਾਲ ਮੈਂ ਕੀਤਾ ਕੀ ਆ। ਪਿਆਰ ਤੋਂ ਸਿਵਾ...ਏਸ ਨੂੰ ਪਿਆਰ ਨਹੀਂ...ਬਜਾਰੂ ਤੀਵੀਂਆਂ ਚਾਹੀਦੀਆਂ ਨੇ...ਇਹ ਜਿਸਮਾਂ ਦਾ ਭੁੱਖਾ ਏ...ਪਿਆਰ ਦਾ ਨਹੀਂ।"[31]

ਇਥੇ ਸੱਭਿਆਚਾਰ ਪਰਿਵਰਤਨ ਔਰਤ ਲਈ ਨਹੀਂ ਮਰਦ ਲਈ ਹੈ। ਇਹ ਕਥਨ ਜਿੱਥੇ ਬਲਦੇਵ ਦੀਆਂ ਕਾਮਨਾਵਾਂ ਵਿੱਚ ਕਾਮ ਦੀ ਪ੍ਰਬਲਤਾ ਨੂੰ ਬਿਆਨ ਕਰ ਰਿਹਾ ਹੈ ਉਥੇ ਮਨਰਾਜ ਦੀਆਂ ਕਾਮਨਾਵਾਂ ਵਿੱਚ ਕਾਮ ਦੀ ਥਾਂ ਭਾਵਨਾ ਦੀ ਪ੍ਰਤੀਨਿਧਤਾ ਨੂੰ ਪੇਸ਼ ਕਰ ਰਿਹਾ ਹੈ। ਇਸ ਕਥਨ ਦੀ ਪ੍ਰੋੜਤਾ ਅਤੇ ਪ੍ਰਪੱਖਤਾ ਅਗਲਾ ਕਥਨ ਕਰ ਦਿੰਦਾ ਹੈ, ਜਿੱਥੇ ਬਲਦੇਵ ਮਨਰਾਜ ਦੀਆਂ ਭਾਵਨਾਵਾਂ 'ਤੇ ਜ਼ਿੰਦਗੀ ਦਾ ਖਿਲਵਾੜ ਕਰਦਾ ਹੈ। ਉਥੇ ਨਾਵਲ ਵਿਚਲੇ "ਪਿਆਰ ਦੇ ਦੋਜਖੀਆਂ" ਤੋਂ ਬਲਦੇਵ ਨੂੰ ਖਤਰਾ ਮਹਿਸੂਸ ਹੁੰਦਾ ਵੇਖ ਭੜਕ ਉੱਠਦੀ ਹੈ। ਉਹ ਕਹਿੰਦੀ ਹੈ,

" ਕੰਨ ਖੋਲ੍ਹ ਕੇ ਸੁਣ ਲੋ... ਇੱਕੋ ਵਾਰ ਖ਼ਬਰਦਾਰ ! ਜੇ ਸ਼ਰਮਾ ਜੀ ਦੀ ਵਾਅ ਵੱਲ ਵੀ ਕਿਸੇ ਵੇਖਿਆ...।"[32]

ਦੂਸਰੇ ਪਾਸੇ ਹੇਮਾ ਵੀ ਆਪਣੇ ਵਜੂਦ ਨੂੰ ਮਾਨਤਾ ਦੁਆਉਣ ਲਈ ਸਮੇਂ-ਸਮੇਂ ਬਲਦੇਵ ਦੀਆਂ ਚਾਲਾਂ ਅਨੁਸਾਰ ਆਪਣੇ ਆਪ ਨੂੰ ਬਲਦੇਵ ਦੇ ਸਿਰਜੇ ਸਮਾਜ ਵਿੱਚ ਫਿੱਟ ਹੋਣ ਲਈ ਢਾਲਦੀ ਹੈ। ਹੇਮਾ ਦੇ ਹੇਠਲੇ ਤਿੰਨ ਕਥਨ ਇਸਦੀ ਮਿਸਾਲ ਹਨ:

1. " ਹਾਂ ਸਰ! ਵਿਆਹ ਵਿਊਹ ਦੁਨੀਆਦਾਰੀ ਦੀਆਂ ਦੀਵਾਰਾਂ ਨੇ ਪਿੰਜਰੇ ਨੇਂ! ਮੁਹੱਬਤ ਨਹੀਂ ਮੰਨਦੀ ਏਹਨਾਂ ਨੂੰ...।"[33]

2. "ਡਾਰਲਿੰਗ! ਤੰਗ ਆ ਗਈ ਆਂ ਮੈਂ...ਉੱਤੋਂ ਆਹ! ਪਲੀਜ਼...ਬਰਦਾਸ਼ਤ ਨਹੀਂ ਹੁੰਦਾ! ਲੈ ਚੱਲੋ ਮੈਨੂੰ ਕਿੱਧਰੇ...ਪਲੀਜ਼! ਹਰੀ ਅੱਪ...।"[34]

3. " ਮੈਂ ਉਸੇ ਦਿਨ ਛੱਡ ਕੇ ਆ ਜੂੰ, ਜਿੱਦੇਂ ਤੁਸਾਂ ਤਲਾਕ ਲੈ ਲਿਆ... ਮੇਰੀ ਪਿਆਰ ਪਰਵਾਜ਼ ਮੁੱਕੀ ਨਹੀਂ ਸਰ! ਮੈਂ ਤੁਹਾਡੀ ਆਂ। ਯਕੀਨ ਕਰੋ, ਮੈਂ ਬੇਵਫ਼ਾ ਨਹੀਂ ਮਜਬੂਰ ਆਂ...।"[35]

ਇਹ ਤਿੰਨੇ ਕਥਨ ਹੇਮਾ ਦੀਆਂ ਵੱਖ-ਵੱਖ ਸਥਿਤੀਆਂ ਵਿੱਚ ਵੱਖ-ਵੱਖ ਮਾਨਸਿਕ ਪਰਤਾਂ ਨੂੰ ਪੇਸ਼ ਕਰ ਰਹੇ ਹਨ। ਇਹਨਾਂ ਆਰਥਿਕ ਅਤੇ ਇਤਿਹਾਸਕ ਕਾਰਨਾਂ ਕਰਕੇ ਪੰਜਾਬੀ ਕਿਸਾਨ ਆਪਣੀ ਜੀਵਨ ਦੀ ਦਸ਼ਾ ਨੂੰ ਦਿਨੋ ਦਿਨ ਗਿਰਾਵਟ ਵੱਲ ਜਾਂਦਾ ਵੇਖ ਰਹੇ ਹਨ। ਨਾਵਲ ਵਿੱਚ ਕਿਸਾਨਾਂ ਦੀਆਂ ਦੋ ਸਥਿਤੀਆਂ ਨੂੰ ਇੱਕੋ ਸੰਦਰਭ ਵਿੱਚ ਵਿਖਾਇਆ ਗਿਆ ਹੈ। ਇਹ ਸੰਦਰਭ ਹੈ ਬਟਵਾਰਾ ਕਥਨ ਵੇਖੋ,

"ਘਰੇ ਬੈਠੇ ਪੂਰੀ ਸਮਝਦਾਰੀ ਅਤੇ ਸਾਂਠਦਾਰੀ ਨਾਲ ਦੋਵਾਂ ਭਰਾਵਾਂ ਨੇ ਸਭ ਕੁੱਝ ਵੰਡ ਲਿਆ। ਕਿਸੇ ਨੂੰ ਕੰਨੋ ਕੰਨੀ ਸ਼ੋਅ ਨਾ ਹੋਣ ਦਿੱਤੀ।"[36]

"ਨਾ ਸਾਨੂੰ ਗੰਗਾ ਰੋੜ ਆਉ। ਅਖੇ ਹਿੱਸਾ ਨਹੀਂ ਦੇਣਾ, ਨਾਂਅ ਅਸੀਂ ਮੰਗਤੇ ਆਂ। ਉਮਰ ਲੰਘਾਤੀ ਕਮਾਉਂਦਿਆਂ...ਨਵੇਂ ਕਨੂੰਨ ਲੈ ਕੇ ਜੰਮੇ ਆ...।"[37]

ਪਹਿਲੇ ਕਥਨ ਵਿੱਚ ਇੱਕ ਕਿਸਾਨ ਦੀ ਪਹਿਲੀ ਪੀੜ੍ਹੀ ਦਾ ਬਿਆਨ ਹੈ ਜਿਥੇ ਮਨੁੱਖ ਵਿਰਸੇ 'ਚ ਮਿਲੇ ਸਾਕਾਦਾਰੀ ਪ੍ਰਬੰਧ ਅਨੁਸਾਰ ਸੱਭਿਆਚਾਰਕ ਸਦਾਚਾਰ ਨੂੰ ਅਹਿਮੀਅਤ ਦਿੰਦੇ ਹੋਏ ਘਰੇਲੂ ਸਮੱਸਿਆ ਦਾ ਸੁਹਿਰਦ ਤਰੀਕੇ ਨਾਲ ਸਮਾਧਾਨ ਕਰਦਾ ਹੈ। ਦੂਸਰੇ ਕਥਨ ਵਿੱਚ ਦੂਸਰੀ ਪੀੜ੍ਹੀ ਦੇ ਪੜ੍ਹ ਲਿਖ ਕੇ ਨੌਕਰੀ ਪੇਸ਼ਾ ਹੋਣ ਅਤੇ ਫਿਰ ਸ਼ਹਿਰੀਕਰਨ ਦੇ ਕਾਰਨ ਵਜੋਂ ਪੀੜ੍ਹੀ ਪਾੜੇ ਨੂੰ ਬਿਆਨ ਕੀਤਾ ਗਿਆ ਹੈ।

## 3.4 ਮਾਤ ਲੋਕ : ਨਵੇਂ ਯਥਾਰਥ ਅਤੇ ਨਵੇਂ ਪ੍ਰਤੀਮਾਨਾਂ ਦੀ ਪੇਸ਼ਕਾਰੀ

ਜਸਵਿੰਦਰ ਸਿੰਘ ਦਾ ਇਹ ਪਲੇਠਾ ਨਾਵਲ ਹੈ। ਪੰਜਾਬੀ ਸੱਭਿਆਚਾਰ ਦੀ ਪਹਿਚਾਣ ਦੀ ਰੂਪ-ਰੇਖਾ ਤਲਾਸ਼ਣ ਤੋਂ ਲੈ ਕੇ ਕਿੱਸਾ-ਕਾਵਿ ਤੇ ਗਲਪੀ ਬਿਰਤਾਂਤ ਦਾ ਮੁਲਾਂਕਣ ਕਰਨ ਦੇ ਨਾਲ ਨਾਲ ਦੋ ਮੌਲਿਕ ਕਹਾਣੀ-ਸੰਗ੍ਰਹਿਆਂ ਦੀ ਰਚਨਾ ਕਰਕੇ, ਉਸਨੇ ਸੱਭਿਆਚਾਰਕ ਅਧਿਐਨ ਦੇ ਸਿਧਾਂਤ-ਚਿੰਤਨ ਅਤੇ ਮੌਲਿਕ ਬਿਰਤਾਂਤ-ਸਿਰਜਣ ਵਿੱਚ ਤਾਲਮੇਲ ਸਥਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਸਦਾ ਨਾਵਲ 'ਮਾਤ ਲੋਕ' ਸਮਕਾਲੀ ਪੰਜਾਬੀ ਨਾਵਲ ਦੀਆਂ ਯਥਾਰਥ ਦੀ ਰੂਪ-ਵਿਧੀ ਨੂੰ ਸਮਝਣ ਤੇ ਪੇਸ਼ ਕਰਨ ਦੀਆਂ ਜੁਗਤਾਂ ਵਿੱਚ ਵਿਚਾਰਨਯੋਗ ਤਬਦੀਲੀਆਂ ਕਰਨ ਅਤੇ ਉਸ ਨੂੰ 'ਅੱਜ ਦੇ ਪੰਜਾਬੀ ਬੰਦੇ' ਦੀਆਂ ਮਨੋ-ਸਮਾਜਕ ਸੰਕਲਪਨਾਵਾਂ ਅਤੇ ਸਰਗਰਮੀਆਂ ਦੇ ਹਾਣ ਦਾ ਬਣਾਉਣ ਵਿੱਚ ਸਰਗਰਮ ਦਿਖਾਈ ਦਿੰਦੀ ਹੈ।

ਇਸ ਨੂੰ ਪੰਜਾਬੀ ਨਾਵਲ ਦੇ ਨਵੇਂ ਪ੍ਰਤਿਮਾਨ ਸਥਾਪਤ ਕਰਨ ਵਾਲੀ ਅਤੇ ਆਪਣੇ ਸਮੇਂ ਦੇ ਰਾਜਨੀਤਿਕ-ਸੰਸਕ੍ਰਿਤਕ ਖਿਲਾਰੇ ਨੂੰ ਨਾਵਲੀ ਬਿਰਤਾਂਤ ਵਿੱਚ ਬੰਨ੍ਹਣ ਵਾਲੀ ਰਚਨਾ ਤਸਲੀਮ ਕਰਦਾ ਹੈ। ਪਰ, ਇਹ ਖਿਲਾਰਾ 'ਅੱਜ ਦੇ ਬੰਦੇ' ਨੇ ਆਪਣੀ ਮਰਜ਼ੀ ਜਾਂ ਕਾਮਨਾ ਜਾਂ ਆਜ਼ਾਦੀ ਅਤੇ ਨਿੱਜੀ ਜਾਇਦਾਦ ਦੀ ਪ੍ਰਾਪਤੀਆਂ 'ਤੇ ਆਪਣੇ ਆਪ ਨੂੰ ਸਹੀ ਸਿੱਧ ਕਰਨ' ਦੇ ਤੰਤਰ ਨੂੰ ਉਸਾਰਨ ਦਾ ਹੈ। ਇਸੇ ਕਰਕੇ ਨਾਵਲ ਦੇ ਕਥਾ-ਸੰਦਰਭ ਵਿੱਚ 'ਅੱਜ ਦਾ ਸਮਾਂ' ਅਤੇ 'ਅੱਜ ਦਾ ਬੰਦਾ' ਬਰਾਬਰ ਦੀਆਂ ਧਿਰਾਂ ਬਣਕੇ ਪੇਸ਼ ਹੁੰਦੇ ਹਨ। ਇਸ ਕਥਾ ਦਾ ਕਥਾ-ਸੰਦਰਭ ਆਦਮ ਤੇ ਹਵਾ ਦੀ ਵਰਜਿਤ ਫ਼ਲ ਖਾਣ ਦੀ ਅਵੱਲੀ ਕਾਮਨਾ ਤੋਂ ਲੈ ਕੇ ਦੇਵ ਲੋਕ ਵਿੱਚ ਕਾਮਨਾ ਕਰਨ ਨਾਲ ਛੱਤੀ ਪਦਾਰਥਾਂ ਦੀ ਪ੍ਰਾਪਤੀ ਦੇ ਵਰ ਨਾਲ ਜੁੜਿਆ ਹੋਇਆ ਹੈ। । ਮਾਤ ਲੋਕ ਦਾ ਨਾਵਲੀ-ਪੇਸ਼ਕਾਰੀ 'ਅੱਜ ਦੇ ਬੰਦੇ' ਦੇ ਸੁੱਚ ਦੇ ਇਹਨਾਂ ਦਾਇਰਿਆਂ ਅਤੇ ਪਾਸਾਰ-ਖੇਤਰਾਂ ਵਿੱਚ ਸੰਜੋਏ ਹੋਏ ਰਿਸ਼ਤਿਆਂ ਨੂੰ ਪਰਤ-ਦਰ-ਪਰਤ ਉਲੀਕਣ ਅਤੇ ਉਘਾੜਨ ਦੀ ਵਿਉਂਤ ਦੇ ਦੁਆਲੇ ਹੀ ਉਸਾਰਿਆ ਹੋਇਆ ਹੈ। ਇਹ ਇਕਾਲਕ ਸੱਚ ਦੀ ਕਾਮਨਾ-ਪ੍ਰਸਤੀ, ਨਿੱਜ-ਕੇਂਦਰਤ ਅਤੇ ਤ੍ਰਿਸ਼ਨਾਵੀ-ਪ੍ਰਬਲਤਾ ਦੇ ਅਮੋੜ ਵਹਿਣ ਨੂੰ ਠੱਲ ਪਾ ਸਕਣ ਦੀ ਕਰਾਮਾਤੀ ਜੁੰਬਸ ਨੂੰ ਧਾਰਨ ਨਹੀਂ ਕਰਦੇ। ਜਿਸ ਕਰਕੇ ਨਾਵਲ ਦੇ ਅੰਤ ਵਿੱਚ ਨਾਇਕ ਬਲਦੇਵ ਅਤੇ ਨਾਇਕਾ ਮਨਰਾਜ ਇੱਕੋ ਰਾਹ ਦੇ ਹਮਸਫ਼ਰ ਹੋਣ ਦੀ ਥਾਂ, ਦੋ ਰਾਹਾਂ ਦੇ ਰਾਹਗੀਰ ਬਣ ਜਾਂਦੇ ਹਨ।

ਇਹ ਦੋ ਰਾਹ ਹਨ, ਪਹਿਲਾ ਕਾਮਨਾ-ਪ੍ਰਸਤੀ ਦੇ ਸੰਜਮ ਦਾ ਅਤੇ ਦੂਜਾ ਕਾਮਨਾ-ਪ੍ਰਸਤੀ ਦੇ ਤ੍ਰਿਸ਼ਨਾ ਭਰਪੂਰ ਮੰਡਲਾਂ ਦਾ ਹੈ। ਮਨਰਾਜ ਪਹਿਲਾ ਰਸਤਾ ਅਖ਼ਤਿਆਰ ਕਰਦੀ ਹੈ ਜਦ ਕਿ ਬਲਦੇਵ ਦੂਜਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੋਵਾਂ ਦਾ ਆਪਣੇ ਨਿੱਜ ਨਾਲ ਅਤੇ ਇੱਕ-ਦੂਜੇ ਨਾਲ ਕਾਮਨਾ ਦੀ ਤ੍ਰਿਪਤੀ ਅਤੇ ਸਵੈ-ਵਿਸਤਾਰ ਦੀ ਪ੍ਰਤਿਬੱਧਤਾ ਦਾ ਰਿਸ਼ਤਾ ਹੈ। ਪਰ, ਜਿੱਥੇ ਮਨਰਾਜ ਇਹਨਾਂ ਦੋਹਾਂ ਪ੍ਰਵਿਰਤੀਆਂ ਵਿੱਚ ਸੰਜਮ ਕਾਇਮ ਕਰਨ ਵਿੱਚ ਸਫ਼ਲਤਾ ਹਾਸਲ ਕਰਦੀ ਹੈ, ਉਥੇ ਬਲਦੇਵ ਆਪਣੇ ਉਤਪੰਨ ਕਾਮਨਾਮਈ ਵਿਵਹਾਰ ਅਤੇ ਤ੍ਰਿਸ਼ਨਾਵਾਂ ਦੇ ਮੰਡਲ ਨੂੰ ਨਿਆਂਇਸ਼ੀਲ ਬਣਾਉਣ ਲਈ ਹੀ ਸਰਗਰਮ ਰਹਿੰਦਾ ਹੈ। ਇਸੇ ਗੱਲ ਨੂੰ ਹੋਰ ਸਪਸ਼ਟ ਸ਼ਬਦਾਂ ਵਿੱਚ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਬਲਦੇਵ ਕਲਾ, ਦਾਨਿਸ਼ਵਾਰੀ ਅਤੇ ਸੰਵੇਦਨਸ਼ੀਲ ਵਿਵਹਾਰ ਨੂੰ 'ਕਾਮਮੁਕਤ' ਅਤੇ 'ਉਤੇਜਿਤ-ਮਨੋਕਾਮਨਾਵਾਂ' ਨਾਲ ਗ੍ਰਸੇ ਹੋਏ ਵਿਵਹਾਰ ਨੂੰ ਸਹੀ ਸਾਬਤ ਕਰਨ ਲਈ ਜ਼ਿਆਦਾ ਵਰਤਦਾ ਹੈ। ਸਵੈ-ਵਿਕਾਸ ਲਈ ਘੱਟ। ਇਸੇ ਕਰਕੇ ਕਾਮਨਾ ਦਾ ਸੰਜਮ ਉਸ ਨੂੰ 'ਦੁਨੀਆਦਾਰੀ', ਰਸਹੀਣ ਜੀਵਨ-ਵਿਧੀ' ਅਤੇ ਸਧਾਰਨ ਬੰਦੇ ਦੀ 'ਉਮਰ-ਕਟੀ' ਦਿਖਾਈ ਦਿੰਦੀ ਹੈ। ਉਸਦੀ ਤ੍ਰਿਸ਼ਨਾ ਤਾਂ 'ਕਲਾਕਾਰਾਂ' ਵਾਂਗ ਕਲਾਮਈ ਜ਼ਿੰਦਗੀ ਬਤੀਤ ਕਰਨ ਦੀ ਅਭਲਾਸ਼ੀ ਹੈ।

> "ਏਹਨਾਂ ਬੰਦਿਆਂ (ਕਲਾਕਾਰਾਂ) ਨੇ ਜ਼ਿੰਦਗੀ ਜੀਵੀ ਆ। ਖ਼ੂਨ ਸਾੜ ਕੇ...ਪਲ ਪਲ ਜੀ ਕੇ...ਗਹਿਰਾਈ ਤੋਂ ਪਕੜਿਆ...ਕਲਾ ਦੀ ਸਾਧਨਾਂ ਦੇ ਸਫ਼ਰ...। ਏਹ ਸਾਲੀ ਘਸੀ ਪਿਟੀ ਦੁਨੀਆਂਦਾਰੀ ਨਿਪੁੰਸਕ ਕਰ ਮਾਰਦੀ ਆ ਬੰਦੇ ਨੂੰ। ਕਦੇ ਸੋਚਿਆ ਅਸੀਂ ਕੀ ਦਿੱਤੇ ਦੁਨੀਆਂ ਨੂੰ? ਕਾਹਦੇ ਲਈ ਜੀਨੇ ਆਂ? ਕਾਹਦੇ ਲਈ ਮਰਦੇ-ਮਾਰਦੇ ਆਂ। ਬਸ ਬਕਵਾਸ, ਵਾਹਯਾਤ...।"[38]

ਜ਼ਾਹਿਰ ਹੈ ਕਿ ਬਲਦੇਵ ਨੂੰ 'ਕਲਾਕਾਰੀ' ਅਤੇ 'ਦੁਨੀਆਂਦਾਰੀ' ਦੇ ਸੰਜਮ ਦੀ ਜੁਗਤ-ਜੂ ਹੀ ਨਹੀਂ। ਉਹ ਤਾਂ ਸਗੋਂ 'ਕਲਾਕਾਰੀ' ਨੂੰ ਦੁਨੀਆਦਾਰੀ ਤੋਂ ਬਚਣ ਲਈ ਅਤੇ ਉਤੇਜਿਤ ਮਨੋ-ਕਾਮਨਾਵਾਂ ਦੀ ਪੂਰਤੀ ਦਾ ਵਸੀਲਾ ਬਣਾਉਂਦਾ ਹੈ। ਇਸੇ ਕਰਕੇ ਉਹ ਮਨਰਾਜ ਦੀ ਹਰ ਪ੍ਰਾਪਤੀ ਨਾਲ ਰਸਾਈ ਕਾਇਮ ਕਰਨ ਦੀ ਥਾਂ ਇਹ ਉਸਨੂੰ ਉਸਦੇ 'ਵੰਝ' ਉੱਤੇ 'ਹੋਰ ਚੜ੍ਹ' ਜਾਣ ਦਾ ਕਾਰਜ ਪ੍ਰਤੀਤ ਹੁੰਦੀ ਹੈ। ਜੱਗਾ ਸਿੰਘ ਵੀ ਵਾਰ-ਵਾਰ ਉਸ ਨੂੰ 'ਸ਼ੁੱਧ ਸੋਨਾ' ਬਣ ਕੇ ਰਹਿਣ ਦੀ ਥਾਂ ਥੋੜ੍ਹਾ ਬਹੁਤ 'ਦੁਨੀਆਦਾਰੀ' ਦਾ ਖੋਟ ਜਾਂ ਰਲਾ ਪਾਉਣ ਦੀ ਸਲਾਹ ਦਿੰਦਾ ਹੈ। ਪਰ ਬਲਦੇਵ ਦੇ ਉਦੀਪਤ ਕਾਮਨਾਮਈ ਵਿਵਹਾਰ ਨੂੰ ਇਹ ਮਨਜ਼ੂਰ ਨਹੀਂ। ਉਸਨੂੰ ਤਾਂ ਸਗੋਂ ਮਨਰਾਜ ਦਾ ਆਦਰਸ਼ਾਂ ਤੇ ਸੰਜਮ ਨਾਲ ਸੰਜੋਇਆ ਹੋਇਆ ਅਤੇ ਜੱਗਾ ਸਿੰਘ ਤੇ ਬਲਰਾਜ ਦਾ ਜ਼ਿੰਮੇਵਾਰੀਆਂ ਤੇ ਕਾਮਨਾ ਦੇ ਸੰਜਮ ਨਾਲ ਸਰਸ਼ਾਰ ਜੀਵਨ ਵੀ ਅਰਥਹੀਣ ਅਤੇ ਰਸਹੀਣ ਪ੍ਰਤੀਤ ਹੁੰਦਾ ਹੈ। ਉਸ ਲਈ ਤਾਂ ਜ਼ਿੰਦਗੀ ਦੇ ਅਰਥ ਹੇਮਾ ਨਾਲ ਗੁਜ਼ਾਰੇ ਜਾ ਰਹੇ ਉਤੇਜਨਾ ਭਰਪੂਰ ਅਤੇ ਰੋਮਾਨੀ ਦਿਨ ਹੀ ਹਨ। ਹਾਲਾਂਕਿ ਬਲਦੇਵ ਅਤੇ ਹੇਮਾ ਦਾ ਦੁਵੱਲਾ ਰਿਸ਼ਤਾ ਉਹਨਾਂ ਲਈ ਪਰਿਵਾਰਿਕ, ਸਮਾਜਿਕ ਅਤੇ ਮਾਨਸਿਕ ਸੰਕਟ ਸਿਰਜਦਾ ਹੈ ਪਰ ਉਹ ਇਸ ਨੂੰ ਇੱਕ ਦੂਜੇ ਨੂੰ ਸਮਰਪਿਤ ਹੁਸੀਨ ਪ੍ਰਾਪਤੀ ਹੀ ਸਮਝਦੇ ਹਨ,

> "ਹਾਂ ਸਰ! ਵਿਆਹ-ਵਿਉਹ ਦੁਨੀਆਂਦਾਰੀ ਦੀਆਂ ਦੀਵਾਰਾਂ ਨੇ। ਪਿੰਜਰੇ ਨੇ। ਮੁਹੱਬਤ ਨਈਂ ਮੰਨਦੀ ਏਹਨਾਂ ਨੂੰ... ਮੁਹੱਬਤ ਰੂਹਾਂ ਦਾਸਾਕ ਏ, "ਸੱਜਰੇ ਮਾਣੇ ਇਸ਼ਕ ਦੇ ਹੁਸੀਨ ਪਲ ਹੇਮਾ ਨੂੰ ਉਡਾਈ ਫਿਰ ਰਹੇ ਸਨ। "ਮੱਥਾ ਟੇਕਦੀ ਹੇਮਾ ਸੱਚਿਓਂ ਆਪਣੇ-ਆਪ ਨੂੰ ਰਾਧਾ ਤੋਂ ਘੱਟ ਨਹੀਂ ਸੀ ਸਮਝ ਰਹੀ।"[39]

ਪਰ ਨਾਵਲੀ ਬਿਰਤਾਂਤ ਦਾ ਮਕਸਦ ਸਿਰਫ਼ ਹੇਮਾ ਤੇ ਬਲਦੇਵ ਦੇ ਰਿਸ਼ਤੇ ਵਿੱਚ ਵਿਦਮਾਨ ਭਾਵੁਕ ਅਤੇ ਕਾਮਨਾਮਈ ਮੰਜਰਾਂ ਦੀ ਤਸਵੀਰਕਸ਼ੀ ਨਹੀਂ ਅਤੇ ਨਾ ਹੀ ਇਹ ਕੇਵਲ ਬਲਦੇਵ ਅਤੇ ਮਨਰਾਜ ਦੇ ਰਿਸ਼ਤੇ ਵਿੱਚ ਪੈਦਾ ਹੋਈ ਦਰਾੜ ਨੂੰ ਪੇਸ਼ ਕਰਨ ਜਾਂ ਸੁਲਝਾਉਣ ਤੱਕ ਸੀਮਤ। ਇਹ ਤਾਂ ਮਨੁੱਖੀ ਮਨ ਦਾ ਅਤੇ ਖ਼ਾਸ ਕਰਕੇ ਕਾਮਨਾ-ਪ੍ਰਸਤੀ ਵਿੱਚ ਉਲਝੇ ਹੋਏ ਮਾਤ ਲੋਕ ਦੇ ਬਾਸ਼ਿੰਦਿਆਂ ਦੇ ਮਨ ਦਾ ਸਿਰਫ਼ ਇੱਕ ਘੇਰਾ ਹੀ ਹੈ। ਨਾਵਲ ਵਿੱਚ ਮੌਜੂਦ ਇਸ ਵੱਖਰਤਾ ਤੇ ਸਾਂਝ ਦੇ ਸੂਤਰ ਦਾ ਹੀ ਨਤੀਜਾ ਹੈ ਕਿ ਇਹ ਨਾਵਲ ਸਿਰਫ਼ ਇੱਕ ਸੁਰ ਦੀ ਪੇਸ਼ਕਾਰੀ ਅਤੇ ਨਿਆਂਸ਼ੀਲਤਾ ਦੀ ਰਵਾਇਤੀ ਮਿੱਥ ਤੋਂ ਪਾਰ ਜਾਣ ਵਿੱਚ ਸਫਲ ਹੁੰਦਾ ਹੈ। ਇਸ ਦੇ ਉਲਟ ਇਸ ਵਿੱਚ ਪੰਜਾਬੀ ਸਮਾਜਕ ਯਥਾਰਥ ਵਿੱਚ ਮੌਜੂਦ ਭਿੰਨ-ਭਿੰਨ ਸੁਰਾਂ ਆਪਣੀ ਆਪਣੀ ਇਤਿਹਾਸਕਤਾ ਅਤੇ ਰਵਾਇਤਾਂ ਸਮੇਤ ਪੇਸ਼ ਹੁੰਦੀਆਂ ਹਨ। ਨਾਵਲ ਦੇ ਪਹਿਲੇ ਕਾਂਡ 'ਪ੍ਰਵੇਸ਼' ਵਿਚਲੀ ਮਾਤ ਲੋਕ ਦੀ ਇਹ ਪਰਿਭਾਸ਼ਾ ਵੀ ਇਸੇ ਗੱਲ ਵੱਲ ਸੰਕੇਤ ਕਰਦੀ ਹੈ,

> "ਵੰਨ-ਸੁਵੰਨੀਆਂ ਕਾਮਨਾਵਾਂ ਦੀ ਜਨਮ-ਭੂਮੀ,ਕਰਮ-ਭੂਮੀ,ਰਣਭੂਮੀ ਇਹ ਮਾਤ ਲੋਕ। ਕਾਮਨਾਵਾਂ ਦਾ ਭੇੜ, ਪੂਰਤੀ-ਅਪੂਰਤੀ 'ਚੋਂ ਪੈਦਾ ਹੋਇਆ ਨਿਆਰਾ ਪ੍ਰਪੰਚ। ਚੰਗਾ ਜਾਂ ਮਾੜਾ...ਬੰਦਾ ਹੀ ਘੜਨਹਾਰਾ ਕੁਝ ਵੀ ਹੋਵੇ, ਲੀਲ੍ਹਾ ਅਜਬ। ਹਰ ਬਸ਼ਰ ਏਸੇ ਲੀਲਾ ਦਾ ਜਾਣੇ ਅਣਜਾਣੇ ਅਦਾਕਾਰ ਏ।"[40]

ਜ਼ਾਹਿਰ ਹੈ ਨਾਵਲ ਨੂੰ ਪੜ੍ਹਨ ਸਮੇਂ 'ਵੰਨ ਸਵੰਨੀਆਂ ਕਾਮਨਾਵਾਂ' ਜਨਮ-ਭੂਮੀ, ਕਰਮ-ਭੂਮੀ, ਰਣ-ਭੂਮੀ', 'ਬੰਦਾ ਘੜਨਹਾਰਾ', 'ਅਜਬ-ਲੀਲ੍ਹਾ' ਅਤੇ ਪਾਸਾਰ ਮੰਡਲ ਵਿੱਚ ਭਿੰਨ ਭਿੰਨ ਸੁਰਾਂ ਬਣਕੇ ਪੇਸ਼ ਹੁੰਦੇ ਹਨ।

ਪ੍ਰਵੇਸ਼ ਵਾਂਗ ਹੀ ਨਾਵਲ ਦਾ ਆਖ਼ਰੀ ਅਧਿਆਇ 'ਇਹ ਅੰਤ ਨਹੀਂ' ਵਿਚਲੀ ਨਾਟਕੀ ਪੇਸ਼ਕਾਰੀ ਦੇ ਪੰਜ ਦਿਨਾਂ' ਵਿਚ ਨਾਟਕੀ ਸਮੱਸਿਆ ਨੂੰ ਰੂਪ ਮਾਨ ਕਰਨ ਵਾਲੇ 'ਪੰਜ ਬੰਦੇ' ਵੀ ਪ੍ਰਤੀਕਾਤਮਕ ਸਰੂਪ ਵਿਚ ਪੰਜਾਬੀ ਸਮਾਜਕ ਯਥਾਰਥ ਅੰਦਰ 'ਪੰਜਾਂ ਪਾਣੀਆਂ' ਵਾਂਗ ਫੈਲਦੀਆਂ ਪੰਜ ਸੁਰਾਂ ਨੂੰ ਆਪਣੇ ਸਮੱਸਿਆਕਾਰ ਤੇ ਸੰਦਰਭਾਂ ਸਮੇਤ ਪੇਸ਼ ਕਰਦੇ ਹਨ। ਪਰ ਇੱਥੇ ਕੋਈ ਵੀ ਸੁਰ ਕਿਸੇ ਹੋਰ ਸੁਰ ਵਿਚ ਸ਼ਾਮਿਲ ਹੋਣ ਲਈ ਯਤਨਸ਼ੀਲ ਦਿਖਾਈ ਨਹੀਂ ਦਿੰਦੀ। ਇਥੋਂ ਤੱਕ ਕੀ ਨਾਵਲ ਦੇ ਆਖਰੀ ਦ੍ਰਿਸ਼ ਵਿਚ ਮਨਰਾਜ ਆਪਣੀ ਸਥਿਤੀ ਨੂੰ ਸਪਸ਼ਟ ਕਰਕੇ, ਬਿਨਾਂ ਬਲਦੇਵ ਵੱਲ ਵੇਖਿਆਂ ਆਪਣੇ 'ਸਾਬਤ ਕਦਮੀ' ਇਕੱਲੀ ਹੀ ਬਾਹਰ ਨਿਕਲ ਜਾਂਦੀ ਹੈ। ਪਰ ਨਾਵਲ ਦੇ ਆਖ਼ਰੀ ਅਧਿਆਇ ਦੇ ਸਿਰਲੇਖ ਮੁਤਾਬਕ 'ਇਹ ਅੰਤ ਨਹੀਂ, ਹੁਣ ਵੀ ਸ਼ਾਇਦ ਬਲਦੇਵ ਉਸ ਦੇ ਪਿਛੇ ਆ ਕੇ ਉਸ ਦਾ

ਹਮਸਫ਼ਰ ਬਣ ਜਾਏ... ਅਤੇ ਬਲਦੇਵ ਅਤੇ ਮਨਰਾਜ ਆਪਣੇ ਵੱਖਰੇ-ਵੱਖਰੇ ਰਾਹਾਂ ਦੇ ਰਾਹਗੀਰ ਵੀ ਬਣ ਸਕਦੇ ਹਨ। ਅੱਜ ਦੇ ਮਾਤ ਲੋਕ ਵਿਚ ਜ਼ਿੰਦਗੀ ਨੂੰ ਮਾਣ ਕੇ ਜੀਣ ਦੀ ਲੋਚਾ ਰੱਖਣ ਵਾਲੇ ਅੱਜ ਦੇ ਬੰਦੇ ਦੀ ਸ਼ਾਇਦ ਇਹ ਹੀ ਹੋਣੀ ਹੈ। ਮਾਤ ਲੋਕ ਦੇ ਕਥਾ ਸੰਦਰਭ ਵਿਚ ਪਹਿਲੀ ਵੇਰ ਪੇਂਡੂ ਪਿਛੋਕੜ ਵਾਲੇ ਨੌਕਰੀਸ਼ੁਦਾ ਪਰਿਵਾਰਾਂ ਦੀਆਂ ਦੁਬਿਧਾਵਾਂ ਅਤੇ ਵਖਰੇਵਿਆਂ ਭਰੀ ਜ਼ਿੰਦਗੀ ਦੇ ਵਿਸ਼ਾਲ ਦ੍ਰਿਸ਼ਾਂ ਦੀ ਤਸਵੀਰਕਸ਼ੀ ਹੋਈ ਹੈ। ਇਹ ਲੋਕ ਉਹ ਸਖ਼ਸ਼ ਹਨ ਜੋ ਪਿੰਡਾਂ ਵਿਚੋਂ ਨਿਕਲ ਕੇ ਸ਼ਹਿਰਾਂ ਵਿਚ ਆ ਤਾਂ ਗਏ ਹਨ ਪਰ ਵੱਸਦੇ ਅਜੇ ਵੀ ਉਥੇ ਹੀ ਹਨ। ਇਹ ਕਦੀ ਸ਼ਹਿਰੀ ਮਾਨਸਿਕਤਾ ਅਨੁਸਾਰ ਸੋਚਦੇ ਤੇ ਕਾਰਜ ਵਿਵਹਾਰ ਕਰਦੇ ਹਨ ਅਤੇ ਜਦੇ ਪੇਂਡੂ ਸੰਵੇਦਨਾ ਨਾਲ। ਇਸ ਕਰਕੇ ਇਹ ਨਾਵਲ ਅਜਿਹਾ ਬਿਰਤਾਂਤ ਸਿਰਜਦਾ ਹੈ, ਜਿਸ ਵਿਚ ਪਿੰਡਾਂ ਤੇ ਸ਼ਹਿਰਾਂ ਵਿਚਕਾਰ ਝੂਲਦੇ ਹੋਏ ਨੌਕਰੀਸ਼ੁਦਾ ਅਤੇ ਸੰਵੇਦਨਸ਼ੀਲ ਲੋਕਾਂ ਦੀਆਂ ਮੁਸ਼ਕਲਾਂ ਅਤੇ ਕਾਰਜ ਸ਼ੈਲੀਆਂ ਨੂੰ ਜ਼ੁਬਾਨ ਦਿੱਤੀ ਗਈ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਕਿ ਜਸਵਿੰਦਰ ਸਿੰਘ ਦਾ ਨਾਵਲ ਮਾਤ ਲੋਕ ਸਮਕਾਲੀ ਪੰਜਾਬੀ ਬੰਦੇ ਦੇ ਮਨੋ-ਸਮਾਜਕ ਵਿਵਹਾਰ ਅਤੇ ਉਸ ਦੇ ਵਸਤੂ ਯਥਾਰਥ ਨਾਲ ਰਿਸ਼ਤੇ ਨੂੰ ਸੰਜੋਅ ਕੇ ਵੱਖਰੇ ਢੰਗ ਨਾਲ ਪੇਸ਼ ਕੀਤਾ ਹੈ। ਇਹ ਇਕ ਪਾਸੇ ਅੱਜ ਦੇ ਬੰਦੇ ਦੀ ਕਾਮਨਾ ਪੂਰਤੀ ਦੀ ਪੇਸ਼ਕਾਰੀ ਕਰਦਾ ਹੈ, ਦੂਜੇ ਪਾਸੇ ਇਹ ਨਵੇਂ ਸਮੇਂ ਦੇ ਨਵੇਂ ਯਥਾਰਥ ਨੂੰ ਪੰਜਾਬੀ ਨਾਵਲ ਦੀ ਰੂਪਾਕਾਰਿਕ ਪੁਨਰ ਵਿਉਂਤ ਰਾਹੀਂ ਪੇਸ਼ ਕਰਨ ਵਿਚ ਸਫ਼ਲ ਹੁੰਦਾ ਹੈ। ਇਸ ਤਰ੍ਹਾਂ 'ਮਾਤ ਲੋਕ' ਨਾਵਲ ਸਮਕਾਲੀ ਪੰਜਾਬੀ ਯਥਾਰਥ ਨੂੰ ਨਿਵੇਕਲੇ ਢੰਗ ਨਾਲ ਸਮਝਣ ਅਤੇ ਸਧਾਰਨ ਵਿਧੀ ਰਾਹੀਂ ਨਵੇਂ ਪ੍ਰਤੀਮਾਨਾਂ ਨੂੰ ਪੇਸ਼ ਕਰਨ ਦੀਆਂ ਜੁਗਤਾਂ ਨਾਲ ਜਸਵਿੰਦਰ ਸਿੰਘ ਨਾਵਲੀ ਬਿਰਤਾਂਤ ਦੀ ਸਿਰਜਣਾ ਕਰਨ ਵਿਚ ਕਾਮਯਾਬ ਹੁੰਦਾ ਹੈ।

## 3.5 ਮਾਤ ਲੋਕ: ਪੰਜਾਬ ਸੰਕਟ ਦੀ ਪੇਸ਼ਕਾਰੀ

ਜਸਵਿੰਦਰ ਸਿੰਘ ਦੇ ਇਸ ਨਾਵਲ ਵਿਚ ਜਿਥੇ ਨਾਵਲ ਵਿਚ ਕਾਮਨਾ ਅਵੇਸ਼ ਤੋਂ ਉਪਜੇ ਸੰਕਟ ਨੂੰ ਪੇਸ਼ ਕੀਤਾ ਗਿਆ ਹੈ ਉਥੇ ਪੰਜਾਬ ਵਿਚ ਖਾੜਕੂ ਲਹਿਰ ਤੋਂ ਉਪਜੇ ਸੰਕਟ ਨੂੰ ਵੀ ਪੇਸ਼ ਕੀਤਾ ਗਿਆ ਹੈ। ਨਾਵਲ ਵਿਚ ਅਸੀਂ ਦੇਖਦੇ ਹਾਂ ਕਿ ਖਾੜਕੂਵਾਦ ਲਹਿਰ ਦੇ ਪ੍ਰਭਾਵ ਕਾਰਨ ਪੰਜਾਬ ਵਿਚ ਜੋ ਮਾਤਮ, ਖ਼ੌਫ਼, ਖ਼ੂਨ ਆਤੰਕ ਦਾ ਮਾਹੌਲ ਸੀ ਉਸ ਦੀ ਵੀ ਪੇਸ਼ਕਾਰੀ ਨਾਵਲ ਵਿਚ ਕੀਤੀ ਗਈ ਹੈ। । ਇਸ ਨਾਵਲ ਵਿਚ ਸਭ ਤੋਂ ਵੱਡੀ ਘਟਨਾਂ ਉਦੋਂ ਘਟਦੀ ਹੈ ਜਦੋਂ ਦਿਨ ਦਿਹਾੜੇ ਜੱਗੇ ਦੇ ਪਿਓ ਸੂਬੇਦਾਰ ਭਗਤ ਸਿੰਘ ਨੂੰ ਮਾਰ ਦਿੱਤਾ ਜਾਂਦਾ ਹੈ। ਨਾਵਲੀ ਬਿਰਤਾਂਤ ਵਿਚ ਇਹ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਸੂਬੇਦਾਰ ਭਗਤ ਸਿੰਘ ਫੌਜ ਦੀ ਛੁੱਟੀ ਤੋਂ ਆਇਆ ਸੀ। ਸੂਬੇਦਾਰ ਭਗਤ ਸਿੰਘ ਸਾਰਾ ਦਿਨ ਧੁੱਪੇ ਤੂੜੀ ਢੁਆਉਂਦਾ ਥੱਕਿਆ ਹੋਇਆ ਬਰਾਂਡੇ ਵਿਚ ਮੰਜੇ 'ਤੇ ਪੈਂਦੇ ਸਾਰ ਗੂੜ੍ਹੀ ਨੀਂਦੇ ਸੌਂ ਜਾਂਦਾ ਹੈ। ਜਿੰਦਰ ਆਪਣੇ ਕਮਰੇ ਵਿਚ ਟੇਪ 'ਤੇ ਗਾਣੇ ਲਗਾ, ਕਿਸੇ ਆਹਰੇ ਲੱਗ ਗਿਆ। ਪ੍ਰਕਾਸ਼ ਕੌਰ ਤੇ ਉਸ ਦੀ ਸੱਸ ਬਰਾਂਡੇ ਨੇੜੇ ਖੁਲ੍ਹੀ ਥਾਏਂ ਫਰਾਟਾ ਲਾ ਪੈ ਗਈਆਂ। ਜੱਗੇ ਨੂੰ ਉਡੀਕਦੀਆਂ ਗੱਲੀਂ ਬਾਤੀਂ ਲੱਗੀਆਂ ਰਹੀਆਂ।

ਤਦੇ ਮੋਟਰ ਵਾਲੇ ਪਾਸਿਉਂ ਕੁਝ ਸਾਰੇ ਬੰਦਿਆਂ ਦੀਆਂ ਭੱਜੇ ਆਉਣ ਦੀਆਂ ਬਿੜਕਾਂ ਆਇਆਂ। ਇਸ ਤੋਂ ਪਹਿਲਾਂ ਕਿ ਪ੍ਰਕਾਸ਼ ਕੌਰ ਉਠਦੀ ਤੇ ਰੌਲ਼ਾ ਪਾਉਂਦੀ, ਦੋ ਜਣਿਆਂ ਨੇ ਉਹਨਾਂ ਦੋਹਾਂ ਨੂੰ ਆ ਨੱਪਿਆ। ਉਹਨੇ ਹਨੇਰੇ ਵਿਚ ਵੇਖਿਆ ਕਿ ਦੋ ਬੰਦਿਆਂ ਨੇ ਸੂਬੇਦਾਰ ਨੂੰ ਜਾ ਦਬੋਚਿਆ। ਖੜਕਾ ਸੁਣ ਕਮਰੇ ’ਚੋਂ ਨਿਕਲਦੇ ਜਿੰਦਰ ਨੂੰ ਬੂਹੇ ਵਿਚ ਇਕ ਹੋਰ ਨੇ ਜਾ ਫੜਿਆ ਤੇ ਧੱਕਾ ਮਾਰ ਅੰਦਰ ਸੁੱਟ ਕੇ ਅਰਲ ਅੜਾ ਦਿੱਤਾ। ਇਕ ਸੰਢੇ ਵਾਂਗ ਪਲੇ ਆਦਮੀ ਨੇ ਹੁਕਮ ਚਾੜ੍ਹਿਆ,

“ਜੇ ਕਿਸੇ ਰੌਲ਼ਾਂ ਪਾਇਆ...ਆਪਣਾ ਪੜ੍ਹਿਆ ਵਿਚਾਰ ਲਵੇ!।”[41]

ਦੂਜੇ ਆਦਮੀਆਂ ਨੇ ਸੱਸ ਤੇ ਨੂੰਹ ਨੂੰ ਧੂਹ ਜਿੰਦਰ ਨਾਲ ਉਸੇ ਕਮਰੇ ਵਿਚ ਬੰਦ ਕਰ ਦਿੱਤਾ। ਇਕ ਬੰਦਾ ਗੇਟ ਨੇੜੇ, ਇਕ ਮੋਟਰ ਵੰਨੀ, ਤੇ ਇਕ ਉਹਨਾਂ ਦੇ ਕਮਰੇ ਮੂਹਰੇ ਡਿਊਟੀ ’ਤੇ ਤਾਇਨਾਤ ਹੋ ਗਿਆ। ਦੋ ਬੰਦੇ ਹਮਲਾਵਰ ਸੂਬੇਦਾਰ ਨੂੰ ਜਮਦੂਤਾਂ ਵਾਂਗ ਦਬੋਚੀ ਦਬਕਾਉਂਦੇ, ਧੂੰਹਦੇ ਪਿਛਲੇ ਵੱਡੇ ਬੈੱਡਰੂਮ ਲੈ ਵੜੇ। ਕਮਾਂਡਰ ਨੇ ਏ. ਖੇ. ਸੰਤਾਲੀ ਸੇਧਦਿਆਂ ਦਬਕਾ ਮਾਰਿਆ,

“ਫੌਜੀਆ! ਬੰਦਾ ਬਣ ਕੇ ਬੰਦੂਕ ਫੜਾ ਦੇ......ਨਈਂ ਸਾਥੋਂ ਬੁਰਾ ਕੋਈ ਨ੍ਹੀਂ ......।”[42]

ਦੋਨੋ ਨਾਲ ਦਿਆਂ ਨੇ ਸੂਬੇਦਾਰ ਨੂੰ ਪੇਟੀ ਵੰਨੀ ਜ਼ੋਰ ਦੀ ਧੱਕਾ ਮਾਰਿਆ। ਭਗਤ ਸਿੰਘ ਦਾ ਉਲਰਦੇ-ਉਖੜਦੇ ਦਾ ਮੱਥਾ ਪੇਟੀ ਦੀ ਕੰਨੀ ’ਤੇ ਵੱਜਾ। ਲੜਖੜਾਉਂਦੇ, ਸੰਭਲਦੇ ਸੂਬੇਦਾਰ ਨੇ ਹੌਸਲੇ ਪਰ ਹਲੀਮੀ ਨਾਲ ਜਵਾਬ ਦਿੱਤਾ ਕੇ ਖਾਲਸਾ ਜੀ ਬੰਦੂਕ ਠਾਣੇ ਜਮ੍ਹਾਂ ਕਰਾਤੀ ਸੀ, ਚਾਰ ਪੰਜ ਮਹੀਨੇ ਹੋ ਗਏ ਨੇ। ਪਰ ਉਹ ਹਰਖੇ ਹੋਏ ਜ਼ਾਲਮ ਕਿਸੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਸਨ। ਇਕ ਆਦਮੀ ਬੜੇ ਗੁੱਸੇ ਵਿਚ ਸੂਬੇਦਾਰ ਨੂੰ ਕਹਿੰਦਾ,

“ਮੂਰਖ ਨਾ ਬਣਾ ਫੌਜੀਆ...ਬੁਰੀ ਕਰਾਂ ਗੇ...ਸਿੱਧੀ ਤਰ੍ਹਾਂ ਫੜਾ ਦੇ...।”[43]

ਇਸ ਤਰ੍ਹਾਂ ਹਰਖੇ ਹੋਏ ਜ਼ਾਲਮਾਂ ਨੇ ਸੂਬੇਦਾਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਇਕ ਮਧਰੇ ਜਹੇ ਤੇਜ਼ ਮੁੰਡੇ ਨੇ ਖਿੱਚ ਕੇ ਲੱਤ ਸੂਬੇਦਾਰ ਦੇ ਚੱਡਿਆਂ ਦੇ ਵਿਚ ਮਾਰੀ। ਉਹ ਪੁੱਛਦਾ ਬੰਦੂਕ ਪੇਟੀ ’ਚ ਆ ਕਿ ਸੰਦੂਕ ’ਚ, ਦੂਸਰੇ ਸਿੰਘ ਨੇ ਸੰਦੂਕ ਦੀ ਕੁੰਢੀ ’ਚ ਅੜਾਈ ਇੰਜਨ ਦੀ ਟੱਸ ਕੱਢ ਕੇ ਵਗਾਹ ਮਾਰੀ, ਕੁੰਢੀ ਖੋਲ੍ਹੀ ਤੇ ਸੰਦੂਕ ਦੀ ਤਾਕੀ ਦੇ ਪਲੜੇ ਚੁਪੱਟ ਖੋਲ੍ਹਦਿਆਂ, ਬੰਦੂਕ ਫੜਾਉਣ ਦਾ ਇਸ਼ਾਰਾ ਕੀਤਾ। ਪਰ ਬੰਦੂਕ ਸੱਚ ਵਿਚ ਉਸ ਨੇ ਥਾਣੇ ਵਿਚ ਜਮਾਂ ਕਰਵਾਈ ਹੋਈ ਸੀ। ਪਰ ਭੂਤਰੀ ਹੋਈ ਮੰਡੀਰ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਸੀ। ਉਹ ਫਿਰ ਸੂਬੇਦਾਰ ਨੂੰ ਧਮਕੀ ਦਿੰਦੇ ਹੋਏ ਕਹਿੰਦੇ ਹਨ ਕਿ ਸਾਡੇ ਪੰਜ ਗਿਣਦੀਆਂ-ਗਿਣਦੀਆਂ ਬੰਦੂਕ ਫੜਾਤੀ ਫੜਾਤੀ! ਨਈਂ ਤਾਂ ਸਾ ਸਰੀ ਕਾਲ ਏਕੇ ਸੰਤਾਲੀ ਦੀ ਨਾਲ਼ੀ ਸੇਧਦਿਆਂ ਕਮਾਂਡਰ ਨੇ ਫ਼ੈਸਲਾ ਸੁਣਾਇਆ। ਪਰ ਸੂਬੇਦਾਰ ਕਰੇ ਤਾਂ ਕਰੇ ਕੀ ? ਇਸ ਤਰ੍ਹਾਂ ਗੁੱਸੇ ’ਚ ਆਏ ਇਕ ਬੰਦੇ ਨੇ ਫੌਜੀ ਨੂੰ ਕਿਹਾ,

> "ਫੌਜੀਆ! ਤੂੰ ਮੰਨਣ ਵਾਲੀ ਜਿਣਸ ਨੀ ਜਾਪਦਾ! ਤੈਨੂੰ ਜਾਨ ਤੋਂ ਬੰਦੂਕ ਪਿਆਰੀ ਹੋ ਗਈ! ਆਹ ਲੈ ਪੱਕੀ ਰਸੀਦ! ਸਣੇ ਬੰਦੂਕ ਸਾਂਭ ਰੱਖੀਂ।"[44]

ਸ਼ਾਤ ਰਾਤ ਦਾ ਸੀਨਾ ਚੀਰਦੀ ਇਕ ਦਰਿੰਦਾ ਦਹਿਲਵੀਂ ਗੂੰਜ ਫਿਜ਼ਾ ਵਿਚ ਕੁਰਲਾਹਟ ਮਚਾਉਂਦੀ ਫੈਲ ਗਈ... ਫੈਲਦੀ ਗਈ। ਇਸ ਤਰ੍ਹਾਂ ਦਿਨ ਦਿਹਾੜੇ ਸੂਬੇਦਾਰ ਭਗਤ ਸਿੰਘ ਦਾ ਕਤਲ ਹੋ ਜਾਂਦਾ ਹੈ। ਦਗੜ ਦਗੜ ਕਰਦੇ ਉਹ ਜਿਧਰੋਂ ਆਏ ਸੀ ਉਸੇ ਪਾਸੇ ਛਿਪਨ ਹੋ ਗਏ। ਬੈਠਕ ਵਿਚ ਤਾੜੇ ਜੀਅ, ਲੰਮਾ ਸਮਾਂ ਚੀਕਾਂ ਕੂਕਾਂ ਮਾਰਦੇ ਰਹੇ। ਉੱਚੀ-ਉੱਚੀ ਸੰਘ ਪਾੜ-ਪਾੜ ਰੋਂਦੇ ਕੁਰਲਾਉਂਦੇ ਰਹੇ। ਦਰਵਾਜ਼ਾ ਭੰਨਦੇ ਤੇ ਬਾਰੀ ਦੀਆਂ ਤਾਕੀਆਂ ਖੜਕਾਉਂਦੇ ਰਹੇ।

ਇਸ ਤਰ੍ਹਾਂ ਧਰਮੀ ਜੰਗ ਦੀ ਆੜ ਵਿਚ ਏ.ਕੇ. ਸੰਤਾਲੀ ਦੀ ਭਾਸ਼ਾ ਨਾਲ ਆਮ ਬੰਦੇ ਧਰਮ ਤੇ ਕੌਮ ਨਾਲਜੋੜਨ ਵਾਲੇ ਇਹ ਜਾਣਦੇ ਹੀ ਨਹੀਂ ਕਿ ਉਹਨਾਂ ਨੇ ਆਪਣੀ ਬੰਦੂਕ ਨਾਲ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਬਲਕਿ ਦੇਸ਼ ਪਿਆਰ ਦਾ ਜਜ਼ਬਾ ਅਤੇ ਹੱਕ ਹਲਾਲ ਦੀ ਕਮਾਈ ਕਰਨ ਵਾਲੇ ਇਕ ਮਿਹਨਤਕਸ਼ ਅਤੇ ਭਰੇ ਜੀਆਂ ਵਾਲੇ ਇਕ ਪਰਿਵਾਰ ਦੇ ਮੁਖੀ ਨੂੰ ਮਾਰ ਦਿੱਤਾ ਹੈ। ਨਾਵਲਕਾਰ ਨੇ ਸੂਬੇਦਾਰ ਭਗਤ ਸਿੰਘ ਦੀ ਮੌਤ ਨਾਲ ਨਾਵਲ ਵਿਚ ਇਕ ਨਵੇਂ ਪ੍ਰਸ਼ਨ ਨੂੰ ਪ੍ਰਸਤੁਤ ਕੀਤਾ ਹੈ,

> "ਛੁੱਟੀ ਆਇਆ ਸੂਬੇਦਾਰ ਭਗਤ ਸਿੰਘ ਆਪਣੀ ਕੋਠੀ ਦੇ ਸੱਜੇ ਭਰੇ ਬੈਡਰੂਮ ਵਿਚ, ਮੁਲਕ ਦੀ ਸਰਹੱਦ 'ਤੇ ਨਹੀਂ, ਘਰ ਦੀ ਜੱਦ ਵਿਚ, ਦੁਸ਼ਮਣਾਂ ਦੀਆਂ ਗੋਲੀਆਂ ਨਾਲ ਨਹੀਂ, ਆਪਣੇ ਧਰਮ ਦੇ ਮੁਜ਼ਾਹਿਦਾਂ ਦੀਆਂ ਧਰਮੀ ਗੋਲੀਆਂ ਖਾ ਕੇ ਚਾਵਾਂ ਨਾਲ ਲਾਏ ਸੰਗ ਮਰਮਰੀ ਫ਼ਰਸ਼ 'ਤੇ ਖ਼ੂਨ ਵਿਚ ਲੱਥ-ਪੱਥ ਚੌਫ਼ਾਲ ਪਿਆ, ਠੰਡਾ ਹੁੰਦਾ ਰਿਹਾ।"[45]

ਨਾਵਲ ਵਿਚ ਅਸੀਂ ਦੇਖਦੇ ਹਾਂ ਕਿ ਸੂਬੇਦਾਰ ਭਗਤ ਸਿੰਘ ਦੀ ਅਚਨਚੇਤੀ ਆਤੰਕਵਾਦੀ ਕਾਰਵਾਈ ਵਿਚ ਹੋਈ ਮੌਤ ਦੇ ਕਾਰਨ ਉਸ ਦਾ ਸਾਰਾ ਪਰਿਵਾਰ ਦਹਿਲ ਜਾਂਦਾ ਹੈ ਪਰ ਇਸ ਮੌਤ ਦਾ ਸਭ ਤੋਂ ਵਧੇਰੇ ਮਾਰੂ ਅਸਰ ਸੂਬੇਦਾਰ ਭਗਤ ਸਿੰਘ ਦੇ ਛੋਟੇ ਪੁੱਤਰ ਜਿੰਦਰ 'ਤੇ ਪੈਂਦਾ ਹੈ। ਜਵਾਨੀ ਦੀ ਦਹਿਲੀਜ਼ 'ਤੇ ਖੜ੍ਹੇ ਜਿੰਦਰ ਦਾ ਕੋਮਲ ਮਨ ਆਪਣੇ ਨਿਰਦੋਸ਼ ਪਿਉ ਦੀ ਮੌਤ ਦੇ ਦੁੱਖ ਨੂੰ ਸਹਿ ਨਹੀਂ ਕਰ ਪਾਉਂਦਾ। ਦੁੱਖ ਅਤੇ ਗੁੱਸੇ ਦੇ ਭਾਵਾਂ ਨਾਲ ਰਲੇ ਮਿਲੇ ਉਸ ਦੇ ਹੇਠਲੇ ਬੋਲ ਇਸ ਗੱਲ ਦੇ ਸਬੂਤ ਹਨ,

> " ਭਾਅ! ਉਹਨਾਂ ਕੁੱਤਿਆ ਮਿੱਥ ਕੇ...ਮੈਨੂੰ ਰੋਕਿਉ ਨਾ, ਜੇਹੜਾ ਰੋਕੂ ਮੇਰਾ ਜਾਨੀ ਦੁਸ਼ਮਨ ਹੋਊ ਬੰਦੇ ਦਾ ਪੁੱਤ ਤਾਂ ਇਜ ਚੋਰਾਂ ਵਾਂਗ...... ਭਾਅ ਉਹੀ ਸੀ...।"[46]

ਪਿਉ ਦੀ ਦਰਦਨਾਕ ਮੌਤ ਜਿੰਦਰ ਦੀ ਪਹਿਲਾ ਤੋਂ ਹੀ ਬੇਮਕਸਦ ਜਵਾਨੀ ਅਤੇ ਜ਼ਿੰਦਗੀ ਨੂੰ ਕੁਰਾਹੇ ਪਾ ਦਿੰਦੀ ਹੈ। ਉਹ ਆਪਣੇ ਪਿਉ ਦੇ ਕਾਤਲਾਂ ਨੂੰ ਸੋਧਣ ਵਾਸਤੇ ਆਤੰਕਵਾਦੀ ਮੂਵਮੈਂਟ ਦਾ ਹਿੱਸਾ ਬਣ ਜਾਂਦਾ ਹੈ।

ਗੁਰਬਾਜ਼ ਕਾਂਡ ਅਤੇ, ਪੰਜ ਲੱਖ ਦੀ ਚੋਰੀ ਦਾ ਪੈਸਾ ਪੁਲਿਸ ਜਿੰਦਰ ਕੋਲ ਹੋਣ ਦਾ ਸ਼ੱਕ ਕਰਦੀ ਹੈ ਪਰ ਜਿੰਦਰ ਆਤੰਕਵਾਦੀ ਲਹਿਰ ਨਾਲ ਆਪਣੇ ਰਿਸ਼ਤੇ ਤੋਂ ਇਨਕਾਰੀ ਹੀ ਰਹਿੰਦਾ ਹੈ। ਪੁਲਿਸ, ਆਤੰਕਵਾਦੀ ਅਤੇ ਗੁਰਬਾਜ਼ ਕਾਂਡ ਤੋਂ ਉਸਦੀ ਜਾਨ ਨੂੰ ਖਤਰਾ ਬਣਿਆ ਰਹਿੰਦਾ ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੇ ਕਾਰਨ ਉਹ ਗੁੰਮ ਗੁਆਚ ਜਾਂਦਾ ਹੈ ਅਤੇ ਪੂਰੇ ਨਾਵਲ ਵਿਚ ਉਸ ਦਾ ਕੋਈ ਥਹੁ ਪਤਾ ਨਹੀਂ ਚਲਦਾ।

'ਮਾਤ ਲੋਕ' ਨਾਵਲ ਵਿਚ ਨਿੱਤ ਦੀਆਂ ਆਤੰਕਵਾਦੀ ਕਾਰਵਾਈਆਂ ਨੂੰ ਪੰਜਾਬੀ ਬੰਦੇ ਮੂਰਖਪੁਣਾ ਦੱਸਦਾ ਹੋਇਆ ਇਕ ਪਾਤਰ ਹੇਠ ਲਿਖੇ ਬੋਲ ਬੋਲਦਾ ਹੈ ਜਿਹੜੇ ਕਿਤੇ ਨਾ ਕਿਤੇ ਪ੍ਰਾਸੰਗਿਕ ਵੀ ਜਾਪਦੇ ਹਨ,

> "ਊਂ ਬਾਈ ਮੱਖਣ ਸਿਆਂ, ਹੈਨ ਪੰਜਾਬੀ ਊਤ ਈ!....ਜਿਸ ਪਿੱਛੇ ਪੈਣ ਗੇ ਸਿਰੇ ਲਾ ਕੇ ਛੱਡਣਗੇ... ਸੰਤਾਲੀ ਵਿਚ ਬੰਦੇ ਮਾਰਨ ਡਹਿ ਪੇ, ਡੰਝਾਂ ਲਾਹ ਤੀਆਂ... ਦਾਰੂ ਪਿਛੇ ਪੈਣ ਗੇ ਤਾਂ... ਅੱਜ ਕਲ੍ਹ ਮਾਰਨ ਪਿਛੇ... ਹੈਂ ਤਾਂ ਜਾਣੀਦਾ ਕੰਵਲ਼ੇ ਈ...।"[47]

ਇਸ ਤਰ੍ਹਾਂ ਨਾਵਲ 'ਮਾਤ ਲੋਕ' ਵਿਚ ਪੰਜਾਬ ਸੰਕਟ ਦੀ ਦੂਜੀ ਘਟਨਾ ਦਿੱਲੀ ਵਿਚ ਉਠੀ ਜਮਹੂਰੀ ਅੱਗ ਨਾਲ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਜੀਵਨ ਨੂੰ ਤਹਿਸ ਨਹਿਸ ਕਰਕੇ ਰੱਖ ਦਿੰਦੀ ਹੈ, ਜਿਸ ਵਿਚ ਜੱਗੇ ਦੀ ਭੈਣ ਸੁਰਿੰਦਰ ਕੌਰ ਦਾ ਪਤੀ ਧਰਮ ਸਿੰਘ ਤੇ ਸਹੁਰਾ ਪੂਰਨ ਸਿੰਘ ਮੌਤ ਦੀ ਭੇਂਟ ਚੜ੍ਹ ਜਾਂਦੇ ਹਨ। ਬੇਵਕਤ ਪਤੀ ਤੇ ਸਹੁਰੇ ਦੀ ਮੌਤ ਅਤੇ ਘਰ ਕਾਰੋਬਾਰ ਗਵਾਉਣ ਦਾ ਸੰਕਟ ਨਾ ਕੇਵਲ ਸੁਰਿੰਦਰ ਬਲਕਿ ਜੱਗੇ ਦੇ ਪਰਿਵਾਰ ਨੂੰ ਧੁਰ ਤੱਕ ਹਿਲਾ ਦਿੰਦਾ ਹੈ। ਜੱਗੇ ਦਾ ਪਰਿਵਾਰ ਆਤੰਕਵਾਦ, ਪੁਲਿਸ ਵੱਲੋਂ ਕੀਤੀਆਂ ਧੱਕੇਸ਼ਾਹੀਆਂ ਦੀਆਂ ਮੁਸੀਬਤਾਂ ਨੂੰ ਸਮਝ ਨਹੀਂ ਪਾ ਰਿਹਾ ਸੀ ਕਿ ਅੰਨ੍ਹੀਆਂ ਮੁਸੀਬਤਾਂ ਅਤੇ ਬੇਓੜਕ ਖਤਰਿਆਂ ਦੀ ਹਨ੍ਹੇਰੀ ਵਿਚ ਹੋਰ ਕਿਹੜੀ ਅਣਹੋਣੀ ਉਹਨਾਂ 'ਤੇ ਝੁੱਲਣ ਵਾਲੀ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਪੰਜਾਬ ਸੰਕਟ ਵਿਚ ਹੋਈਆਂ ਵਾਰਦਾਤਾਂ ਕਿੰਨੇ ਘਰਾਂ ਨੂੰ ਤਬਾਹ ਕਰ ਗਈਆਂ ਹਨ। ਜੱਗਾ ਸਿੰਘ ਦੇ ਬੇਕਸੂਰ ਨੇਕ ਬਾਪ ਸੂਬੇਦਾਰ ਭਗਤ ਸਿੰਘ ਦਾ ਕਤਲ, ਦਿੱਲੀ ਵਿਚ ਉਸ ਦੇ ਭਣਵਈਏ ਧਰਮ ਸਿੰਘ ਨੂੰ ਬੇਰਹਿਮੀ ਨਾਲ ਸਾੜ ਦਿੱਤੇ ਜਾਣ ਦੀ ਵਾਰਦਾਤ ਤੇ ਛੋਟੇ ਭਰਾ ਜਿੰਦਰ ਦੇ ਗ਼ਾਇਬ ਜੋ ਜਾਣ ਦਾ ਸੰਤਾਪ ਵੱਡੇ ਸਵਾਲ ਬਣ ਕੇ ਉਭਰਦੇ ਹਨ।

ਉਪਰੋਕਤ ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਜਸਵਿੰਦਰ ਸਿੰਘ ਦੇ ਨਾਵਲ 'ਮਾਤ ਲੋਕ' ਵਿਚਲੇ ਵਿਸ਼ੇ ਬਹੁਤ ਮਹੱਤਤਾ ਰੱਖਦੇ ਹਨ। ਨਾਵਲਕਾਰ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਮਨੋਵਿਗਿਆਨਿਕ ਜੁਗਤਾਂ ਨਾਲ ਫਰੋਲਣ ਦਾ ਯਤਨ ਵੀ ਕਰਦਾ ਹੈ, ਪਰੰਤੂ ਉਹ ਮਨੋਵਿਗਿਆਨ ਉਪਰ ਪੱਕੀ ਟੇਕ ਨਹੀਂ ਰੱਖਦਾ, ਨਾਵਲ 'ਚ ਪ੍ਰਸ਼ਨ ਪੇਸ਼ ਹੈ ਕਿ ਔਰਤ ਆਖ਼ਰ ਚਾਹੁੰਦੀ ਕੀ ਹੈ, ਇਸ ਦਾ ਜਵਾਬ ਮਿਲਦਾ ਹੈ ਕਿ ਇਹ ਤਾਂ ਫਰਾਇਡ ਨੂੰ ਵੀ ਪਤਾ ਨਹੀਂ ਲੱਗਾ। ਦਰਅਸਲ, ਇਸ ਨਾਵਲ ਰਾਹੀਂ ਨਾਵਲਕਾਰ ਅਨੇਕਾਂ ਅੰਤਰ-ਦ੍ਰਿਸ਼ਟੀਆਂ ਰਾਹੀਂ ਵਿਆਪਕ ਪੱਧਰ 'ਤੇ ਪਸਰੇ ਹੋਏ ਪੰਜਾਬ ਦੇ ਸਮਕਾਲੀ ਯਥਾਰਥ ਦੀ ਅਨੇਕਾਂ ਪ੍ਰਕਾਰ ਦੀ ਉੱਥਲ-ਪੁੱਥਲ ਤੇ ਗਤੀਸ਼ੀਲਤਾ ਨੂੰ

ਪਕੜਨ ਦਾ ਯਤਨ ਕਰਦਾ ਹੈ। 'ਮਾਤ ਲੋਕ' ਦੇ ਪ੍ਰਮੁੱਖ ਪਾਤਰ ਜਿਥੇ ਨਾਵਲਕਾਰ ਦੀਆਂ ਕਠਪੁਤਲੀਆਂ ਬਣਨ ਤੋਂ ਨਾਬਰ ਹਨ, ਉਥੇ ਨਾਵਲਕਾਰ ਖ਼ੁਦ ਵੀ ਉਨ੍ਹਾਂ ਨੂੰ ਨਿਖੇਧਾਤਮਕ ਸਾਹਿਤਕ, ਸਮਾਜਿਕ ਤੇ ਸਾਂਸਕ੍ਰਿਤਕ ਵਤੀਰੇ ਤੋਂ ਬਚਾਉਣ ਦਾ ਯਤਨ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ:-**

1. ਸਤਿੰਦਰ ਸਿੰਘ ਨੂਰ, ਪੰਜਾਬੀ ਗਲਪ ਚਿੰਤਨ, ਪੰਨਾ 17
2. ਰਣਨੀਸ਼ ਬਹਾਦਰ ਸਿੰਘ, ਸਾਹਿਤ ਚਿੰਤਨ: ਆਧਾਰ ਤੇ ਉਸਾਰ, ਪੰਨਾ 132
3. ਜਸਵਿੰਦਰ ਸਿੰਘ, ਮਾਤ ਲੋਕ, ਪੰਨਾ 197
4. ਉਹੀ, ਪੰਨਾ 313
5. ਉਹੀ, ਪੰਨਾ 186
6. ਉਹੀ, ਪੰਨਾ 186
7. ਉਹੀ, ਪੰਨਾ 220
8. ਉਹੀ, ਪੰਨਾ 325
9. ਉਹੀ, ਪੰਨਾ 122
10. ਉਹੀ, ਪੰਨਾ 239
11. ਉਹੀ, ਪੰਨਾ 96
12. ਜਸਵਿੰਦਰ ਸਿੰਘ, ਮਾਤ ਲੋਕ, ਪੰਨਾ 53
13. ਉਹੀ, ਪੰਨਾ 64
14. ਉਹੀ, ਪੰਨਾ 54
15. ਉਹੀ, ਪੰਨਾ 61
16. ਉਹੀ, ਪੰਨਾ 110
17. ਉਹੀ, ਪੰਨਾ 178
18. ਉਹੀ, ਪੰਨਾ 257
19. ਉਹੀ, ਪੰਨਾ 312

20. ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਨਾ 55-56

21. ਓਮ ਪ੍ਰਕਾਸ਼ ਗਾਸੋ, ਮਲਵਈ ਸੱਭਿਆਚਾਰ, ਪੰਨਾ 32

22. ਜਸਵਿੰਦਰ ਸਿੰਘ, ਮਾਤ ਲੋਕ, ਪੰਨਾ 380

23. ਉਹੀ, ਪੰਨਾ 57

24. ਉਹੀ, ਪੰਨਾ 257

25. ਉਹੀ, ਪੰਨਾ 257

26. ਉਹੀ, ਪੰਨਾ 61

27. ਉਹੀ, ਪੰਨਾ 113

28. ਉਹੀ, ਪੰਨਾ 149

29. ਉਹੀ, ਪੰਨਾ 212

30. ਉਹੀ, ਪੰਨਾ 281

31. ਉਹੀ, ਪੰਨਾ 308

32. ਉਹੀ, ਪੰਨਾ 288

33. ਉਹੀ, ਪੰਨਾ 220

34. ਉਹੀ, ਪੰਨਾ 286

35. ਉਹੀ, ਪੰਨਾ 302

36. ਉਹੀ, ਪੰਨਾ 90

37. ਉਹੀ, ਪੰਨਾ 240

38. ਉਹੀ, ਪੰਨਾ 210

39. ਉਹੀ, ਪੰਨਾ 220

40. ਉਹੀ, ਪੰਨਾ 16

41. ਉਹੀ, ਪੰਨਾ 95

42. ਉਹੀ, ਪੰਨਾ 95

43. ਉਹੀ, ਪੰਨਾ 95

44. ਉਹੀ, ਪੰਨਾ 95

45. ਉਹੀ, ਪੰਨਾ 96

46. ਉਹੀ, ਪੰਨਾ 97

47. ਉਹੀ, ਪੰਨਾ 102

# ਅਧਿਆਇ ਚੌਥਾ

# ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ “ਖੂਹ ਖਾਤੇ” ਦਾ ਵਿਸ਼ਾ ਪੱਖ

4.1 ਸ਼ਹਿਰੀ ਪੱਖ

4.2 ਦੂਜੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ

4.3 ਪਰਿਵਾਰਿਕ ਰਿਸ਼ਤਿਆਂ ’ਚੋਂ ਤਣਾਅ ਦੀ ਪੇਸ਼ਕਾਰੀ

4.4 ਕਿਸਾਨੀ ਪੱਖ

4.5 ਪੰਜਾਬ ਸੰਕਟ ਦੀ ਪੇਸ਼ਕਾਰੀ

ਜਸਵਿੰਦਰ ਸਿੰਘ ਦਾ ਨਾਂ ਇਕ ਸਮੀਖਿਅਕਾਰ ਅਤੇ ਸੱਭਿਆਚਾਰ ਵਿਗਿਆਨੀ ਦੇ ਤੌਰ ਤੇ ਸਥਾਪਿਤ ਹੋਣ ਉਪਰੰਤ ਸਿਰਜਣਾ ਵਿਚ ਉਹਨਾਂ ਦੀਆਂ ਕਹਾਣੀਆਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ। ਉਹਨਾਂ ਨੇ 1999 ਵਿਚ ਸਭ ਤੋਂ ਪਹਿਲਾ ਕਹਾਣੀ ਸੰਗ੍ਰਹਿ “ਖੂਹ ਖਾਤੇ” ਲਿਖਿਆ। ਜਸਵਿੰਦਰ ਸਿੰਘ ਪਲੇਠੇ ਕਹਾਣੀ ਸੰਗ੍ਰਹਿ ‘ਖੂਹ ਖਾਤੇ’ ਨਾਲ ਪੰਜਾਬੀ ਕਹਾਣੀ ਸਾਹਿਤ ਵਿਚ ਆਮਦ ਇਕ ਸ਼ੁਭ ਸ਼ਗਨ ਸੀ। ਜਦੋਂ ਤੋਂ ਉਹਨਾਂ ਦੀਆਂ ਕਹਾਣੀਆਂ ਛਪਣੀਆਂ ਸ਼ੁਰੂ ਹੋਈਆਂ ਤਾਂ ਪੰਜਾਬੀ ਦੇ ਸਿਰ ਮੌਰ ਚਿੰਤਕਾਂ ਤੇ ਸੂਝਵਾਨ ਪਾਠਕਾਂ ਨੂੰ ਉਸ ਦੀ ਕਹਾਣੀ ਵਿਚ ਪੰਜਾਬੀ ਕਹਾਣੀ ਦੀਆਂ ਭਵਿਖ ਮਈ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ। ਕਹਾਣੀਆਂ ਪੜ੍ਹਦਿਆਂ ਹੀ ਕਈ ਪਾਠਕਾਂ ਨੇ ਪੁਛਿਆ ਕਿ ਇਹ ਨਵਾਂ ਕਹਾਣੀਕਾਰ ਜਸਵਿੰਦਰ ਸਿੰਘ ਕੌਣ ਹੈ? ਉਹ ਇਸ ਪ੍ਰਸ਼ਨ ਨਾਲ ਹੀ ਪਛਾਣਿਆ ਗਿਆ ਤੇ ਇਉਂ ਸਮੀਖਿਆਕਾਰ, ਸਭਿਆਚਾਰ-ਵਿਗਿਆਨੀ ਦੇ ਨਾਲ-ਨਾਲ ਜਸਵਿੰਦਰ ਸਿੰਘ ਕੁਝ ਕਹਾਣੀਆਂ ਦੇ ਬਾਅਦ ਹੀ ਜਾਣੇ ਪਹਿਚਾਣੇ ਨਵੇਂ ਕਹਾਣੀਕਾਰਾਂ ਵਿਚ ਸਥਾਪਿਤ ਹੋ ਗਿਆ। ਕੁਝ ਪਾਠਕਾਂ ਅਤੇ ਆਲੋਚਕਾਂ ਨੇ ਵਰਿਆਮ ਸਿੰਘ ਸੰਧੂ ਤੋਂ ਅਗਲੇ ਕਹਾਣੀਕਾਰ ਦੇ ਤੌਰ ’ਤੇ ਉਸ ਦੀ ਭਰਪੂਰ ਚਰਚਾ ਕੀਤੀ ਹੈ ਤੇ ਕੁਝ ਨੇ ਉਸ ਦੀ ਵੱਖਰੀ ਪਹਿਚਾਣ ਦੀਆਂ ਗੱਲਾਂ ਕੀਤੀਆਂ ਹਨ। ਉਸ ਦੀ ਛਪੀ ਹਰ ਨਵੀਂ ਕਹਾਣੀ ਨੇ ਪਾਠਕਾਂ ਨੂੰ ਪੰਜਾਬੀ ਕਹਾਣੀ ਸਾਹਿਤ ਵਿਚ ਨਵੀਂ ਪ੍ਰਵਿਤੀ ਕਾਰਨ ਅਚੰਭਿਤ ਕੀਤਾ। ਉਸ ਦੀ ਨਵੀਂ ਨਿਆਰੀ ਸਿਰਜਨ ਸਮਰੱਥਾ ਨੇ ਸਹਿਜੇ ਹੀ ਉਸ ਨੂੰ ਕਹਾਣੀਕਾਰਾਂ ਦੀ ਮੂਹਰਲੀ ਕਤਾਰ ਵਿਚ ਲਿਆ ਖੜਾ ਕੀਤਾ। ਉਹਨਾਂ ਦੀ ਕਹਾਣੀ ‘ਖੂਹ ਖਾਤੇ’ ਇੰਨੀ ਚਰਚਿਤ ਹੋਈ ਕਿ ਇਕ ਸਾਲ ਦੇ ਚਾਰ ਚੋਣਵੇਂ ਕਹਾਣੀ ਸੰਗ੍ਰਹਿਆਂ ਵਿਚ ਸ਼ੁਮਾਰ ਕੀਤੀ ਗਈ। ਇਸ ਤਰ੍ਹਾਂ ਸਾਡਾ ਸੰਬੰਧ ਇਥੇ ਜਸਵਿੰਦਰ ਦੇ ਕਹਾਣੀ ਸੰਗ੍ਰਹਿ ‘ਖੂਹ ਖਾਤੇ’ ਵਿਚੋਂ ਚੁਣੇ ਗਏ ਵਿਸ਼ਿਆਂ ਨਾਲ ਹੈ ਜਿੰਨਾਂ ਦਾ ਵਰਨਣ ਇਸ ਤਰ੍ਹਾਂ ਹੈ:

## 4.1 ਸ਼ਹਿਰੀ ਪੱਖ:

ਇੱਕ ਪਾਸੇ ਜੇਕਰ ਪੇਂਡੂ ਵਰਗ ਸ਼ਹਿਰੀ ਵਰਗ ਦੀਆਂ ਮੌਜਾਂ ਨੂੰ ਵੇਖ ਝੂਰਦਾ ਹੈ ਤਾਂ ਦੂਜੇ ਪਾਸੇ ਸ਼ਹਿਰੀ ਮੱਧ ਸ਼੍ਰੇਣੀ ਦੀ ਮੂੰਹ ਬੋਲਦੀ ਤਸਵੀਰ ਨੂੰ ਜਸਵਿੰਦਰ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਸ ਦੀ ਸਭ ਤੋਂ ਵਧੀਆਂ ਉਦਾਹਰਣ 'ਖੂਹ-ਖਾਤੇ' ਕਹਾਣੀ ਵਿਚ ਦੇਖੀ ਜਾ ਸਕਦੀ ਹੈ। ਇਸ ਕਹਾਣੀ ਵਿਚ ਨੌਕਰੀ ਪੇਸ਼ਾ ਵਰਗ ਦੀ ਹਕੀਕਤ ਦਰਸਾਈ ਗਈ ਹੈ। ਇਸ ਵਿਚ ਸ਼ਹਿਰੀ ਲੋਕਾਂ ਵਿਚ ਸ਼ਹਿਰ ਜਾ ਕੇ ਰਹਿਣ ਨਾਲ ਕੀ ਪਰਿਵਰਤਨ ਆਇਆਂ ਹੈ ਇਸ ਸਭ ਨੂੰ ਉਨ੍ਹਾਂ ਨੇ ਫੋਕੀ ਸ਼ਾਨ ਦਾ ਦਿਖਾਵਾ ਕਰਦੇ ਪਰਿਵਾਰ ਦੀ ਤਸਵੀਰ ਨੂੰ ਪੇਸ਼ ਕੀਤਾ ਹੈ। 'ਖੂਹ ਖਾਤੇ' ਕਹਾਣੀ ਵਿਚ ਜਿੱਥੇ ਇਕ ਧਿਰ ਆਪਣੇ ਪੁੱਤਰ ਦੀ ਰਿਹਾਈ ਲਈ ਭੁਪਿੰਦਰ ਸਿੰਘ ਗਰੇਵਾਲ ਕੋਲ ਫਰਿਆਦ ਲੈ ਕੇ ਜਾਂਦੀ ਹੈ, ਉਥੇ ਦੂਜੇ ਪਾਸੇ ਅਫ਼ਸਰ ਦੀ ਪਤਨੀ ਨੇ ਆਪਣੀ ਅਮੀਰੀ ਦੀ ਫੋਕੀ ਹੈਂਕਤ ਦਾ ਦਿਖਾਵਾ ਕਰਨ ਲਈ ਮੁਖੌਟਾ ਪਾਇਆ ਹੈ।

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਖੂਹ-ਖਾਤੇ" ਵਿਚਲੀ ਕਹਾਣੀ 'ਖੂਹ ਖਾਤੇ' ਵਿਚ ਭੁਪਿੰਦਰ ਸਿੰਘ ਗਰੇਵਾਲ ਇਸ ਕਹਾਣੀ ਦਾ ਮੁੱਖ ਪਾਤਰ ਹੈ। ਉਹ ਸ਼ਹਿਰ ਵਿਚ ਅਫ਼ਸਰ ਲੱਗਿਆ ਹੋਇਆ ਹੈ। ਉਸ ਦਾ ਵਿਆਹ ਰਾਜਵਿੰਦਰ ਨਾਲ ਹੁੰਦਾ ਹੈ ਜੋ ਕਿ ਸਰਦਾਰ ਹਰਬੰਸ ਸਿੰਘ ਗਿੱਲ ਸਾਬਕਾ ਮੰਤਰੀ ਦੀ ਭਤੀਜੀ ਹੈ ਅਤੇ ਨਸੀਬ ਸਿੰਘ ਰਿਟਾਇਰ ਨਾਇਬ ਤਹਿਸੀਲਦਾਰ ਦੀ ਕੁੜੀ ਹੈ। ਕਹਾਣੀ ਦੇ ਕਥਾਨਕ ਅਨੁਸਾਰ ਭੁਪਿੰਦਰ ਸਿੰਘ ਗਰੇਵਾਲ ਦੇ ਮਾਮੇ ਦਾ ਮੁੰਡਾ ਲਾਡੀ ਲਾਪਤਾ ਹੋ ਜਾਂਦਾ ਹੈ ਅਤੇ ਗਰੇਵਾਲ ਦਾ ਮਾਮਾ ਬਚਨ ਸਿੰਘ ਉਸ ਦੀ ਬਹੁਤ ਭਾਲ ਕਰਦਾ ਹੈ ਪਰ ਉਹ ਨਹੀਂ ਮਿਲਦਾ ਅਤੇ ਪੁਲਿਸ ਵੀ ਉਸ ਦੀ ਕੋਈ ਗੱਲ ਨਹੀਂ ਸੁਣਦੀ। ਇਸ ਲਈ ਮਾਮਾ ਬਚਨ ਸਿੰਘ ਸਹਾਇਤਾ ਲਈ ਗਰੇਵਾਲ ਕੋਲ ਆਉਂਦਾ ਹੈ। ਇਸ ਤੋਂ ਇਲਾਵਾ ਗਰੇਵਾਲ ਦਾ ਮਾਮਾ ਆਪਣੇ ਭਾਣਜੇ ਨੂੰ ਬਹੁਤ ਪਿਆਰ ਕਰਦਾ ਹੈ। ਜਦੋਂ ਛੋਟੇ ਹੁੰਦੇ ਗਰੇਵਾਲ ਦਾ ਪਿਤਾ ਉਸ ਨੂੰ ਦੱਸਵੀਂ ਤੋਂ ਅੱਗੇ ਦੀ ਪੜ੍ਹਾਈ ਨਹੀਂ ਕਰਾਵਾਉਣਾ ਚਾਹੁੰਦਾ ਸੀ ਅਤੇ ਆਪਣੇ ਨਾਲ ਖੇਤੀ ਦੇ ਕੰਮਾਂ ਵਿਚ ਲਾਉਣਾ ਚਾਹੁੰਦਾ ਸੀ ਤਾਂ ਉਸ ਸਮੇਂ ਗਰੇਵਾਲ ਦੀ ਸਭ ਤੋਂ ਵੱਧ ਮਦਦ ਉਸ ਦੇ ਮਾਮਾ ਜੀ ਨੇ ਕੀਤੀ ਸੀ। ਉਹ ਉਸ ਦੇ ਪਿਤਾ ਜੀ ਨੂੰ ਕਹਿੰਦਾ ਹੈ,

> "ਤੈਨੂੰ ਕਿਸੇ ਚੀਜ਼ ਦਾ ਘਾਟੈ ਨਾਜ਼ਰ ਸਿੰਆਂ...ਏਨੀ ਜ਼ਮੀਨ ਜਾਇਦਾਤ ਦਿੱਤੀ ਰੱਬ ਨੇ...ਐਵੇਂ ਮੁੰਡੇ ਦੀ ਜੂਨ ਖਰਾਬ ਕਰਨ 'ਤੇ ਤੁਲਿਐਂ...ਮੈਂ ਸੁਰਜੀਤ ਨੂੰ ਪੜ੍ਹਾਉਣਾ ਚਾਹੁੰਦਾ ਸਾਂ...ਸਹੁਰਾ ਸਕੂਲ ਵੰਨੀ ਪਿੰਠ ਕਰਕੇ ਸੌਂਦੈ ਭਿੰਦਰ ਪੜ੍ਹਨਾ ਚਾਹੁੰਦੈ ਤੁਸੀਂ ਲੱਤ ਨਹੀਂ ਲੌਂਦੇ... ਨਾਜ਼ਰ ਸਿੰਆਂ ਜੇ ਏਨਾ ਈਂ ਗਿਆ ਗੁਜਰਿਆਂ ਤਾਂ ਮੈ ਭਿੰਦਰ ਨੂੰ ਆਪਣੇ ਨਾਲ ਲੈ ਜਾਨੈ, ਸਮਝੂੰ ਇਕ ਨਈਂ ਦੋ ਪੁੱਤਰ ਨੇ ਮੇਰੇ...ਤੂੰ ਸਾਂਭ ਆਪਣੀਆਂ ਮਿਲਖਾਂ...।"[1]

ਅਜਿਹਾ ਕਹਿਣ 'ਤੇ ਭਿੰਦਰ ਦਾ ਪਿਤਾ ਉਸ ਨੂੰ ਅੱਗੇ ਪੜ੍ਹਾਉਣ ਲਈ ਮੰਨ ਜਾਂਦਾ ਹੈ। ਇਸ ਤਰ੍ਹਾਂ ਅੱਜ ਉਸ ਦਾ ਮਾਮਾ ਆਪਣੇ ਭਾਣਜੇ ਕੋਲ ਮੱਦਦ ਲਈ ਆਇਆ ਹੈ। ਪਰ ਉਹ ਉਸ ਦੀ ਕੋਈ ਮੱਦਦ ਨਹੀਂ ਕਰ ਸਕਦਾ

ਕਿਉਂਕਿ ਇਕ ਤਾਂ ਉਸ ਨੂੰ ਆਪਣੀ ਅਫ਼ਸਰੀ ਦਾ ਖ਼ਤਰਾ ਹੈ ਤੇ ਦੂਜਾ ਉਸ ਦੀ ਪਤਨੀ ਉਸ ਦੇ ਪੈਰ ਨਹੀਂ ਲੱਗਣ ਦਿੰਦੀ। ਜਦੋਂ ਹੀ ਗਰੇਵਾਲ ਦੀ ਪਤਨੀ ਮਾਮੇ ਨੂੰ ਘਰ ਆਇਆ ਦੇਖ ਲੈਂਦੀ ਹੈ ਤਾਂ ਉਸ ਦਾ ਗੁੱਸੇ ਨਾਲ ਪਾਰਾ ਹਾਈ ਹੋ ਜਾਂਦਾ ਹੈ। ਜਦੋਂ ਭੁਪਿੰਦਰ ਸਿੰਘ ਗਰੇਵਾਲ ਦੀ ਪਤਨੀ ਰੋਜ਼ੀ ਘਰ ਵੜਦੀ ਹੈ ਤਾਂ ਉਹ ਮਾਮੇ ਨੂੰ ਬਲਾਉਂਦੀ ਤੱਕ ਨਹੀਂ ਚੁਪ-ਚਾਪ ਕਮਰੇ ਵਿਚ ਵੜ ਜਾਂਦੀ ਹੈ। ਕੁਝ ਸਮੇਂ ਬਾਅਦ ਗਰੇਵਾਲ ਘਰ ਆਉਂਦਾ ਹੈ ਤਾਂ ਬਾਹਰ ਬੈਠੇ ਮਾਮੇ ਨੂੰ ਦੇਖ ਕੇ ਤ੍ਰਬਕ ਜਾਂਦਾ ਹੈ। ਉਹ ਉਸ ਕੋਲ ਆ ਕੇ ਕੁਰਸੀ 'ਤੇ ਬੈਠ ਜਾਂਦਾ ਹੈ ਅਤੇ ਘਰ ਦੀਆਂ ਗੱਲਾਂ ਤੁਰਦੀਆਂ ਹਨ। ਗਰੇਵਾਲ ਪੁਛਦਾ ਹੈ ਕਿ ਪਿੰਡ ਸਭ ਠੀਕ-ਠਾਕ ਤਾਂ ਹੈ? ਜਵਾਬ ਵਿਚ ਮਾਮਾ ਕਹਿੰਦਾ ਹੈ,

> "ਤੂੰ ਠੀਕ ਕਹਿਨੈ ਪੁੱਤ, ਠੀਕ ਠਾਕ ਹੁੰਦਿਆਂ ਨਿਕਲ ਕਿੱਥੇ ਹੁੰਦਾ ਹੈ...ਬੱਸ ਕੁਝ ਨਾ ਪੁੱਛ, ਸਾਰਾ ਟੱਬਰ ਰੁਲਿਐ ਪਿਆ... ਧੱਕੇ ਨਾਲ ਤੇਰੇ ਵੰਨੀਂ ਭੇਜਿਆਂ ਏ ਤੇਰੀ ਮਾਮੀ ਨੇ...ਧੀਰ ਈ ਨਹੀਂ ਬੰਨ੍ਹਦੀ...ਬੱਸ ਚੱਤੋ ਪੈਰ ਰੋਈ ਜਾਂਦੀ ਐ ਜਿੱਦਣ ਦਾ ਲਾਡੀ ਘਰੋਂ... ਮਾਮਾ ਜਾਣੇ ਆਪ ਫਿਸ ਪਿਆ... ਜਿੱਦਣ ਦਾ ਭਿੰਦਰ ਸਿੰਆਂ ਉਹ ਲਾਡੀ ਨੂੰ ਲੈ ਗਏ ...।"[2]

ਦੁੱਖ ਭਰੀ ਕਹਾਣੀ ਸੁਣਨ ਤੋਂ ਬਾਅਦ ਉਹ ਤ੍ਰਬਕ ਜਾਂਦਾ ਹੈ। ਪਰ ਫਿਰ ਵੀਂ ਉਹ ਮਾਮੇ ਨੂੰ ਹੌਸਲਾ ਦਿੰਦਾ ਹੋਇਆ ਕਹਿੰਦਾ ਹੈ,

> " ਕੋਈ ਨਾ ਮਾਮਾ ਜੀ! ਤੁਸੀਂ ਹੌਸਲਾ ਰੱਖੋ, 'ਆਈ ਵਿਲ ਸੀ' ਖ਼ੈਰ। ਮੈਂ ਕਰਦਾਂ ਆਂ ਕੋਈ ਹੀਲਾ...ਚੱਲੋ ਅੰਦਰ ਚੱਲੋ ਹਨੇਰਾ ਹੋ ਗਿਆ ਨਾਲੇ ਠੰਡ ਆ ਬਾਹਰ।"[3]

ਗਰੇਵਾਲ ਤਨ-ਮਨ ਨਾਲ ਆਪਣੇ ਮਾਮੇ ਦੀ ਮੱਦਦ ਕਰਨਾ ਚਾਹੁੰਦਾ ਹੈ। ਪਰ ਉਸ ਦੀ ਪਤਨੀ ਉਸ ਦੀ ਕੋਈ ਚੱਲਣ ਨਹੀਂ ਦਿੰਦੀ। ਅੰਦਰ ਡਾਈਨਿੰਗ ਟੇਬਲ 'ਤੇ ਬੈਠੀ ਰੋਜ਼ੀ ਈਵਿੰਨਗ ਟੀ (ਸ਼ਾਮ ਵੇਲੇ ਦੀ ਚਾਹ) ਪੀ ਰਹੀ ਹੈ ਪਰ ਕੰਨ ਉਸ ਦੇ ਦਰਵਾਜਿਉਂ ਬਾਹਰ ਲੱਗੇ ਹੋਏ ਸਨ। ਇਕ ਦੋ ਵਾਰ ਉਸ ਨੇ ਟੀ. ਵੀ. ਹੋਲੀ ਵੀ ਕੀਤਾ, ਬੱਚਿਆਂ ਨੂੰ ਡਾਂਟਿਆ ਵੀ। ਅੰਦਰ ਵੜਦੇ ਗਰੇਵਾਲ ਨੂੰ ਰੋਜ਼ੀ ਨੇ ਸ਼ਹਿ ਕੇ ਬੈਠੀ ਬਿੱਲੀ ਵਾਂਗ ਦਬੋਚਿਆਂ ਤੇ ਅੱਖ ਦੇ ਨਖ਼ਰੇ ਨਾਲ ਪੁੱਛਿਆ ਕਿ ਮਾਮਲਾ ਹੈ, ਪਰ ਨਾਲੋ ਨਾਲ ਫਿਰਕੀ ਵਾਂਗ ਘੁੰਮਦੀਆਂ ਚਾਤਰ ਅੱਖਾਂ ਇਹ ਵੀ ਕਹਿ ਰਹੀਆਂ ਸਨ, ਦੱਸ ਭਾਵੇਂ ਨਾ ਦੱਸ ਆਈ ਨੋ। ਮਾਮੇ ਨੂੰ ਆਇਆਂ ਦੇਖ ਕੇ ਉਸ ਦਾ ਮੱਥਾ ਠਣਕਿਆਂ ਸੀ ਉਹ ਕਹਿੰਦੀ ਹੈ,

> "ਖ਼ੈਰੀਂ ਸੁੱਖੀਂ ਕੋਈ ਪਿੰਡੋਂ ਆਉਂਦਾ ਥੋੜਾ ਹੈ...ਬੱਸ ਕੋਈ ਨਾ ਕੋਈ ਸਿੜ੍ਹੀ ਸਿਆਪਾ ਹੀ।"[4]

ਉਹ ਆਪਣੇ ਮਾਮੇ ਦੀ ਮੱਦਦ ਕਰਨਾ ਚਾਹੁੰਦਾ ਹੈ ਪਰ ਕਰੇ ਤਾਂ ਕਿ ਕਰੇ, ਉਹ ਲਾਡੀ ਦੇ ਲਾਪਤਾ ਹੋਣ ਦੀ ਗੱਲ ਆਪਣੇ ਇੱਕ ਹੋਰ ਮਿੱਤਰ ਕੋਲ ਕਰਦਾ ਹੈ। ਉਸ ਦਾ ਮਿੱਤਰ ਵੀ ਸਰਕਾਰੀ ਅਫ਼ਸਰ ਹੈ ਪਰ ਉਹ ਵੀ ਮੱਦਦ ਕਰਨ ਦੀ ਬਜਾਏ ਉਸ ਨੂੰ ਇਸ ਕੰਮ ਤੋਂ ਦੂਰ ਰਹਿਣ ਦੀ ਸਲਾਹ ਦਿੰਦਾ ਹੈ,

> "ਵੇਖ ਯਾਰ। ਮੇਰਾ ਫ਼ਰਜ਼ ਬਣਦਾ ਸੀ...ਮਾਈ ਡਿਊਟੀ...ਤੈਨੂੰ ਦੱਸ ਤਾ...ਇਹ ਮਾਮਲਾ ਤੇਰੇ ਦਖਲ ਦੇਣ ਵਾਲਾ ਨਹੀਂ...ਮਾਮਾ ਤੈਨੂੰ ਸੱਚ ਨਈਂ ਦੱਸ ਰਿਹਾ...ਸਾਰਾ ਕਿੱਸਾ...ਉਤੋਂ ਜ਼ਮਾਨਾ ਵੇਖ! ਮੰਨ ਲਾ ਸੋਧ ਤਾ ਅਗਲਿਆਂ... ਤੂੰ ਕਰੇਂ ਪਿੱਛਾ...ਅਗਲੇ ਬਖ਼ਸ਼ਣਗੇ! ਜੇ ਪੁਲਿਸ ਨੇ ਫੜਿਆ...ਤਾਂ ਆਪ ਸੋਚ ਐਵੇਂ ਫੜਲੂ ਕਿਤੇ ਪੁਲਿਸ...ਮੇਰੇ ਵੀਰ...ਤਾੜੀ ਤਾਂ...ਐਵੇਂ ਪੁਲਿਸ ਦੀਆਂ ਨਜ਼ਰਾਂ ਵਿਚ ਤੂੰ...ਸਰਕਾਰੀ ਬੰਦਾ ਏਂ...।"[5]

ਮਾਮੇ ਨੂੰ ਭੁਪਿੰਦਰ ਸਿੰਘ ਗਰੇਵਾਲ ਦੀ ਪਤਨੀ ਦੇ ਵਿਵਹਾਰ ਬਾਰੇ ਪਤਾ ਲੱਗ ਜਾਂਦਾ ਹੈ ਤੇ ਗਰੇਵਾਲ ਚਾਹੁੰਦੇ ਹੋਏ ਵੀ ਉਸ ਦੀ ਕੋਈ ਮਦਦ ਨਹੀਂ ਕਰ ਪਾਉਂਦਾ। ਇਸ ਤਰ੍ਹਾਂ ਅੱਡੋ ਅੱਡ ਕਮਰਿਆਂ ਵਿਚ ਮਾਮਾ-ਭਾਣਜਾ ਆਪੋ ਆਪਣੀ ਅੱਗ ਵਿਚ ਸੜਦੇ ਰਹੇ। ਮਾਮਾ ਜਾਗਦਾ ਬਿਪਤਾਵਾਂ ਵਿਚ ਘਿਰਿਆ ਰਿਹਾ ਤੇ ਭਾਣਜਾ ਸੁੱਤਾ ਪਿਆ ਸੁਪਨੇਹਾਰ ਨਮੋਸ਼ੀ ਦੇ ਸਾਗਰਾਂ ਵਿਚ ਗੋਤੇ ਖਾਂਦਾ ਰਿਹਾ। ਮਾਮਾ ਲਾਪਤਾ ਲਾਡੀ ਤੋਂ ਵਧੀਕ ਦਿਨ ਦੀਵੀਂ ਅੱਖਾਂ ਸਾਮਣੇ ਗੁੰਮ ਗਏ ਭਾਣਜੇ ਬਾਰੇ ਚਿੰਤਾਤੁਰ ਹੋ ਤੁਰਿਆ। ਉਸ ਨੂੰ ਜਾਪਿਆ ਜਿਵੇਂ ਲਾਡੀ ਹੀ ਨਹੀਂ, ਉਹਦਾ ਭਿੰਦਰ ਵੀ ਲਾਪਤਾ ਹੋਵੇ। ਉਹ ਗਲਤ ਘਰ ਆ ਵੜਿਆ ਹੋਵੇ ਤੇ ਉਧਰ ਗਰੇਵਾਲ ਬਚਪਨ ਦੀਆਂ ਧੁੰਦਲੀਆਂ ਪਗਡੰਡੀਆਂ ਅਤੇ ਖੋਈ ਹੋਂਦ ਨੂੰ ਕਲਪਦਾ ਤਲਾਸ਼ਦਾ ਰਿਹਾ। ਦੋਹਾਂ ਦਾ ਸੁਪਨ ਸੰਸਾਰ ਸਾਂਝਾ ਸੀ। ਫਰਕ ਤਾਂ ਕੇਵਲ ਟੁੱਟੇ ਮਾਣ ਤੇ ਮਰਨ ਹਾਰੀ ਨਮੋਸੀ ਜਿੰਨਾ ਕੁ ਹੀ ਸੀ। ਅਗਲੇ ਦਿਨ ਸਵੇਰੇ ਹੀ ਬਿਨ੍ਹਾਂ ਦੱਸੇ ਮਾਮਾ ਗਰੇਵਾਲ ਦੇ ਘਰ ਵਿਚੋਂ ਚਲਾ ਜਾਂਦਾ ਹੈ। ਜਦੋਂ ਉਹ ਸਵੇਰੇ ਮਾਮੇ ਨੂੰ ਉਸ ਦੇ ਕਮਰੇ ਵਿਚ ਨਹੀਂ ਦੇਖਦਾ ਤਾਂ ਉਹ ਪਾਗਲਾਂ ਹਾਰ ਬੇਮਤਲਬ ਘਰ ਦੀਆਂ ਛੱਤਾਂ ਵੱਲ ਨਿਗਾਹ ਘੁੰਮਾਈ, ਆਸ-ਪਾਸ ਖਿਲਰੇ ਸਮਾਨ ਵੱਲ ਹੋਰੂੰ-ਹੋਰੂੰ ਝਾਕਿਆ ਤੇ ਆਪਣੇ ਆਪ ਨੂੰ ਗਾਲ੍ਹ ਕੱਢੀ। ਲਾਡੀ ਹੀ ਨਹੀਂ ਉਸ ਨੂੰ ਜਾਪਿਆ ਦਿਨ ਦੀਵੀਂ ਸਭ ਦੇ ਸਾਮਣੇ ਉਸ ਨੂੰ ਵੀ ਉਥਾਲਿਆਂ ਗਿਆ। ਉਹ ਤੜਫਿਆ,

> "ਮੈਂ ਲਾਡੀ ਨੂੰ ਕਿਵੇਂ ਲੱਭ ਸਕਦਾ ਮਾਮਾ। ਮੈਂ ਤਾਂ ਆਪ...ਮੈਂ ਤਾਂ...ਜੇ ਹੋ ਸਕੇ ਤਾਂ ਮੈਨੂੰ ਵੀਂ ਲਭੀਂ...ਮਾਮਾ।"[6]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਸਵਿੰਦਰ ਸਿੰਘ ਨੇ ਕਹਾਣੀ ਸੰਗ੍ਰਹਿ 'ਖੂਹ-ਖਾਤੇ' ਵਿਚ ਸ਼ਹਿਰੀ ਪੱਖ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪੇਸ਼ ਕੀਤਾ ਹੈ। ਉਸ ਨੇ ਆਧੁਨਿਕ ਸਮਾਜ ਵਿਚਲੀ ਘਟਨਾ ਨੂੰ ਆਧਾਰ ਬਣਾ ਕੇ ਸ਼ਹਿਰ ਵਿਚ ਰਹਿ ਰਹੇ ਲੋਕਾਂ ਦੀ ਮਾੜੀ ਸੋਚ ਨੂੰ ਬਿਆਨ ਕੀਤਾ ਹੈ ਜੋ ਆਪਣੀਆਂ ਨੌਕਰੀਆਂ ਲਈ ਸਭ ਪਰਿਵਾਰਕ ਰਿਸ਼ਤੇ ਭੁੱਲ ਜਾਂਦੇ ਹਨ।

## 4.2 ਦੂਜੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ:

ਸਾਡੇ ਭਾਰਤ ਦੇਸ਼ ਵਿਚ ਆਮ ਤੌਰ ਤੇ ਸ਼ੁਰੂ ਤੋਂ ਹੀ ਇਕ ਤੋਂ ਵੱਧ ਵਿਆਹ ਕਰਾਉਣ ਦੀ ਸਮੱਸਿਆ ਚਲਦੀ ਆ ਰਹੀ ਹੈ। ਅਸੀਂ ਦੇਖਦੇ ਹਾਂ ਕਿ ਕੁਝ ਲੋਕ ਮਜ਼ਬੂਰੀ ਵੱਸ ਵਿਚ ਦੂਜਾ ਵਿਆਹ ਕਰਵਾਉਂਦੇ ਹਨ ਪਰ ਕੁਝ ਲੋਕ

ਵੱਧ ਜ਼ਮੀਨ ਜ਼ਾਇਦਾਤ ਹੋਣ ਕਰਕੇ ਐਸ਼-ਪ੍ਰਸਤੀ ਲਈ ਅਜਿਹੇ ਕੰਮ ਕਰਦੇ ਹਨ। ਇਸ ਤਰ੍ਹਾਂ ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ "ਖੂਹ-ਖਾਤੇ" ਵਿਚ 'ਖਾਰੇ ਪੱਤਣ' ਇਕ ਅਜਿਹੀ ਕਹਾਣੀ ਹੈ ਜਿਸ ਵਿਚ ਮਜ਼ਬੂਰੀ ਵੱਸ ਕੁਲਤਾਰ ਸਿੰਘ ਨੂੰ ਆਪਣੀ ਮਾਂ ਦੇ ਕਹਿਣ 'ਤੇ ਦੂਜਾ ਵਿਆਹ ਕਰਾਉਣਾ ਪੈਂਦਾ ਹੈ ਕਿਉਂਕਿ ਉਸ ਦੀ ਪਹਿਲੀ ਪਤਨੀ ਵਿਚੋਂ ਕੋਈ ਔਲਾਦ ਪੈਦਾ ਨਹੀਂ ਹੁੰਦੀ। ਇਸ ਤਰ੍ਹਾਂ ਅਸੀਂ ਕਹਾਣੀ ਵਿਚ ਦੇਖਦੇ ਹਾਂ ਕਿ ਕੁਲਤਾਰ ਦੀ ਮਾਂ ਦਿਨ ਰਾਤ ਆਪਣੀ ਨੂੰਹ ਨਾਲ ਲੜਦੀ ਰਹਿੰਦੀ ਹੈ ਅਤੇ ਆਪਣੇ ਘਰ ਬਾਰੇ ਕਲਪਨਾ ਕਰਦੀ ਰਹਿੰਦੀ ਹੈ ਕਿ ਇਹ ਘਰ ਜਿਸਦੀ ਇੱਟ-ਇੱਟ ਮੇਰੇ ਹੱਥੀਂ ਜੜੀ ਗਈ ਜ਼ਰਾ-ਜ਼ਰਾ ਮੇਰੇ ਪਸੀਨੇ ਨਾਲ ਪਰੁਤਾ ਪਿਆ ਹੈ, ਹਰ ਵਕਤ ਉਸ ਦੀ ਛੋਹ ਆਪਣੇ ਪੁੱਤਰ ਤੇ ਬੱਚਿਆਂ ਨੂੰ ਤਰਸਦੀ ਰਹਿੰਦੀ ਹੈ। ਉਸ ਨੂੰ ਹਰ ਮੌਸਮ ਸਰਾਪੇ ਹੋਏ ਮਹਿਸੂਸ ਹੁੰਦੇ ਹਨ। ਕੁਲਤਾਰ ਦੀ ਮਾਂ ਦਾ ਮਨ ਕਦੇਂ ਪੱਥਰ ਹਾਰ ਭਾਰਾ ਪੈਂਦਾ ਹੈ। ਕਦੇ ਗੋਤੇ ਖਾਂਦਾ ਜਾਪਦਾ ਤੇ ਕਦੇਂ ਦੂਸਰੇ ਹੀ ਪਲ ਗਰਦ ਵਾਂਗ ਧੁਰ ਅਸਮਾਨੀ, ਮੂੰਹ ਜ਼ੋਰ ਉਡਦਾ ਫਿਰਦਾ ਹੈ। ਕੁਲਤਾਰ ਦੀ ਮਾਂ ਸੋਚਦੀ ਹੈ ਕਿ ਕੇਹੇ ਪੱਤਣੀ ਆਣ ਢੁੱਕੀ ਹੈ ਮੇਰੀ ਜ਼ਿੰਦਗੀ। ਮੇਰੀ ਬੇੜੀ ਦੇ ਇਹ ਲੋਕ ਏਨੇ ਬੇਪਛਾਣ ਕਿਉਂ ਨੇ। ਉਹ ਸੋਚਦੀ ਹੈ ਕਿ ਅਜੇ ਕਲ੍ਹ ਤਕ ਤਾਂ ਏਸ ਘਰ ਵਿਚ ਮੇਰੀ ਪੂਰੀ ਸਰਦਾਰੀ ਸੀ। ਇਸ ਘਰ ਵਿਚ ਬੋਲੇ ਰੋਹਬੀਲੇ ਬੋਲ ਅੱਜ ਵੀਂ ਮੇਰੇ ਕੰਨੀ ਟਕਰਾਉਂਦੇ ਮੰਡਰਾ ਰਹੇ ਹਨ। ਉਹ ਹਰ ਵਕਤ ਆਪਣੇ ਪੁੱਤਰ ਨੂੰ ਦੂਜਾ ਵਿਆਹ ਕਰਵਾਉਣ ਦੇ ਲਈ ਕਹਿੰਦੀ ਰਹਿੰਦੀ ਹੈ। ਪਰ ਉਸ ਦਾ ਪੁੱਤਰ ਅਜਿਹਾ ਕਰਨ ਲਈ ਬਿਲਕੁਲ ਵੀ ਤਿਆਰ ਨਹੀਂ ਪਰ ਇਕ ਦਿਨ ਉਹ ਬਹੁਤ ਗੁੱਸੇ ਵਿਚ ਬੋਲਦੀ ਤੇ ਕਹਿੰਦੀ ਹੈ,

> " ਮੈਂ ਕਹਿ ਜੋ ਦਿੱਤਾ ਤੂੰ ਸਮਝਦਾ ਹੈ ਕੀ ਏਂ...ਹੈ...ਏਹ ਘਰ ਏਵੇਂ ਬਿਨਾਂਚਿਰਾਗ...ਆਖਰ ਮੈਂ... ਵਾਵਰੋਲੇ ਵਿਚ ਘਿਰ ਗਏ ਕੱਖਾਂ ਹਾਰ ਉਡਣੇ ਖਿਆਲ ਉਸ ਅੰਦਰ ਘੌਰੂ ਪਾਉਂਦੇ ਤੇ ਸ਼ਾਇਦ ਉਹ ਉਹ ਨਹੀਂ ਸੀ ਬੋਲ ਰਹੀ।"[7]

ਪਰ ਫਿਰ ਵੀ ਕੁਲਤਾਰ ਦੂਜੇ ਵਿਆਹ ਦੀ ਗੱਲ ਮੰਨਣ ਲਈ ਤਿਆਰ ਨਹੀਂ ਸੀ ਅਤੇ ਉਹ ਆਪਣੀ ਮਾਂ ਨੂੰ ਪਰਤਵਾ ਜਵਾਬ ਦਿੰਦਾ ਹੈ,

> " ਬੀਬੀ! ਤੈਨੂੰ ਹੋ ਕੀ ਗਿਐ?...ਮੈਂ ਦੂਜਾ ਵਿਆਹ ਆਖਰ ਕਿਉਂ? ਮੈਂ ਮਰ ਤਾਂ ਨਹੀਂ ਗਿਆ ਬੀਬੀ! ਹੋਸ਼ ਕਰ ਏਵੇਂ... ਤੂੰ ਸਾਰੀ ਉਮਰ ਖ਼ੁਦ... ਮੇਰੇ ਪਿਉ ਦੀ ਲਾਜ ਪਾਲੀ...ਜਿਉਂਦੇ ਜੀ...ਮੈਥੋਂ ਕਿਉਂ?।"[8]

ਕੁਲਤਾਰ ਦਾ ਪਿਉ ਉਸ ਦੀ ਮਾਂ ਨੂੰ ਛੱਡ ਕੇ ਇਸ ਦੁਨੀਆ ਤੋਂ ਚਲਾ ਗਿਆ ਤੇ ਫਿਰ ਵੀ ਉਸ ਨੇ ਭਰ ਜੁਆਨੀ ਇਕੱਲੀ ਨੇ ਕੱਟੀ ਅਤੇ ਦੂਜਾ ਵਿਆਹ ਨਹੀਂ ਕਰਵਾਇਆ। ਅੱਜ ਉਸ ਦਾ ਪੁੱਤਰ ਪੁੱਛ ਰਿਹਾ ਹੈ ਕਿ ਉਹ ਉਸ ਨੂੰ ਦੂਜਾ ਵਿਆਹ ਕਰਾਵਾਉਣ ਨੂੰ ਕਿਉਂ ਕਹਿ ਰਹੀ। ਇਸ ਤਰ੍ਹਾਂ ਘਰ ਵਿਚ ਕਬਰਾਂ ਵਰਗੀ ਖ਼ੌਫ਼ਨਾਕ ਚੁੱਪ ਘਿਰੀ ਰਹਿੰਦੀ। ਕੁਲਤਾਰ ਦੀ ਪਤਨੀ ਆਪਣੇ ਕਮਰੇ ਵਿਚ ਡੁਸਕਦੀ ਰਹਿੰਦੀ। ਕਹਾਣੀ ਵਿਚ ਬਦਲਾਉ ਉਸ ਸਮੇਂ

ਆਉਂਦਾ ਹੈ ਜਦੋਂ ਕੁਲਤਾਰ ਦੀ ਪਤਨੀ ਘਰ ਵਿਚ ਰੋਜ਼ ਦੀ ਲੜਾਈ ਤੋਂ ਤੰਗ ਆ ਕੇ ਆਪਣੀ ਭੈਣ ਦਾ ਰਿਸ਼ਤਾ ਆਪਣੇ ਪਤੀ ਨੂੰ ਕਰਵਾ ਦਿੰਦੀ ਹੈ। ਉਸ ਦੀ ਸੱਸ ਇਸ ਗੱਲ 'ਤੇ ਬਹੁਤ ਖੁਸ਼ ਹੈ ਤੇ ਉਹ ਕਹਿੰਦੀ ਹੈ ਕਿ ਮੇਰੇ ਪੁੱਤਰ ਦਾ ਘਰ ਵੱਸ ਜੂ ਹੁਣ। ਇਸ ਤਰ੍ਹਾਂ ਉਹ ਸੋਚਦੀ ਹੋਈ ਕਹਿੰਦੀ ਹੈ,

> " ਕੁਲਤਾਰ ਦਾ ਮੰਜਾ ਤਾਂ ਮੇਰੇ ਦਲਾਨ ਵਿਚ ਨਾ ਪਰਤਿਆ...ਪਰ ਉਹ ਵੱਡੀ ਬਹੂ ਦਾ ਮੰਜਾ ਜ਼ਰੂਰ ਮੇਰੇ ਨਾਲ ਡਹਿ ਗਿਆ। ਘੱਟੋ-ਘੱਟ ਮੈਂ ਹੁਣ ਕੱਲੀ ਨਹੀਂ ਸਾਂ ਸੌਂਦੀ...ਕੁਝ ਤਾਂ ਤਸੱਲੀ ਸੀ।"[9]

ਪਰ ਉਸ ਦੀ ਮਾਂ ਦੀ ਇਹ ਖੁਸ਼ੀ ਵੀ ਬਹੁਤਾ ਸਮਾਂ ਨਾ ਟਿਕ ਸਕੀ ਉਸ ਦੀ ਵੱਡੀ ਨੂੰਹ ਜੋ ਮੂੰਹ ਪਾੜ ਕੇ ਆਪਣੇ ਪਤੀ ਨੂੰ ਆਪਣੀ ਛੋਟੀ ਭੈਣ ਦਾ ਰਿਸ਼ਤਾ ਕਰਵਾਉਂਦੀ ਹੈ। ਉਸੇ ਤੋਂ ਹੀ ਹੁਣ ਇਕੱਲਾਪਣ ਸਹਿਣ ਨਹੀਂ ਹੁੰਦਾ। ਆਨੀ ਬਹਾਨੀ ਵੱਡੀ ਬਹੂ ਦੂਸਰੇ ਕਮਰੇ ਵਿਚ ਬੋਲ ਬੁਲਾਰਾ ਰੋਕਣ ਲਈ ਜਾਂ ਪਤਾ ਨਹੀਂ ਉਹ ਕਿਉਂ ਕੁੰਡੀ ਅੜਾ ਲੈਂਦੇ, ਵੱਡੀ ਨੂੰ ਘਰ ਨਾ ਖੁੱਸਣ ਦਾ ਹੌਸਲਾ ਸੀ। ਛੋਟੀ ਵੱਡੀ ਲਈ ਦਿੱਤੀ ਕੁਰਬਾਨੀ ਦਾ ਪੂਰਾ ਮੁੱਲ ਗ੍ਰਾਹੁੰਦੀ ਹੈ। ਉਸ ਦੀ ਮਾਂ ਦੀ ਹਾਲਤ ਹੁਣ ਪਹਿਲਾ ਤੋਂ ਵੀਂ ਮਾੜੀ ਹੋ ਗਈ ਹੈ। ਜਸਵਿੰਦਰ ਸਿੰਘ ਕੁਲਤਾਰ ਦੀ ਮਾਂ ਦੇ ਹਾਵ-ਭਾਵ ਉਸ ਦੇ ਮੂੰਹੋਂ ਬਹੁਤ ਵਧਿਆ ਢੰਗ ਨਾਲ ਕੱਢਵਾਉਂਦਾ ਹੈ,

> "ਮੈਂ ਨਾਲ ਦੇ ਕਮਰੇ ਵਿਚ...ਰੂੰ ਵਾਂਗ ਪਿੰਜੀ ਪਈ ਰਹਿੰਦੀ। ਰਹਿ ਰਹਿ ਕੇ ਮੇਰੀ ਸੁਤਾ ਕੰਧੋਂ ਪਾਰ ਉਡਾਰੀਆਂ ਮਾਰਦੀ! ਹੋੜਦਿਆਂ ਹੱਟਕਦਿਆਂ ਮੇਰੇ ਕੰਨ ਕਨਸੋਆਂ ਲੈਣੋਂ ਨਾ ਟਲਦੇ! ਇਕੋ ਕਮਰੇ ਵਿਚ ਤਿੰਨੋ...ਸੋਚ, ਮੇਰੀ ਰੂਹ ਕੁਰਲਾ ਉਡਦੀ...ਕਲੇਜਾ ਖਾਣ ਨੂੰ ਆਉਂਦਾ... ਘੇਰਾਂ ਪੈਂਦੀਆਂ... ਕਰਾਂ ਤਾਂ ਕੀ?...ਕਹਾਂ ਤਾਂ ਕੀ?।"[10]

ਕੁਲਤਾਰ ਆਪਣੀ ਮਾਂ ਦਾ ਹੁਕਮ ਵਜਾਉਂਦਾ ਰਿਹਾ, ਨਿਸ਼ਾਨੀ ਦੇਣ ਦਾ ਪਰ ਆਪਣੀ ਮਾਂ ਤੋਂ ਖੁਸ ਗਿਆ, ਦੋਵੇਂ ਇਕੋ ਘਰ ਵਿਚ ਲਾ ਪਤਾ ਹੋਏ ਪਏ ਸਨ। ਕਹਾਣੀ ਸਿਖਰ 'ਤੇ ਉਸ ਸਮੇਂ ਪਹੁੰਚਦੀ ਹੈ। ਜਦੋਂ ਘਰ ਵਿਚ ਜਿੱਥੇ ਹਰ ਕੋਈ ਇਕ ਦੂਸਰੇ ਨੂੰ ਬੁਲਾਉਣਾ ਭੁੱਲੀ ਬੈਠੇ ਸਨ, ਉਥੇ ਵੱਡੀ ਨੂੰਹ ਘਰ ਵਿਚ ਗਰਜ਼ ਰਹੀ ਸੀ ਉਹ ਛੋਟੀ ਨੂੰ ਕਹਿ ਰਹੀ ਸੀ,

> " ਹਾਂ-ਹਾਂ ਤੂੰ ਜੰਮ ਕੇ ਵਿਖਾ! ਤੇਰੀ...ਮੈਂ ਤੇਰੀ ਕੁੱਖ ਨਾ ਪਾੜ ਸੁੱਟੀ ਤਾਂ, ਚੌਂਕੇ ਵਿਚ ਖੜੀ ਵੱਡੀ ਬਹੂ ਲਲਕਾਰ ਰਹੀ ਸੀ।"[11]

ਜਿੱਥੇ ਉਸ ਨੇ ਆਪ ਬੱਚੇ ਵਾਸਤੇ ਆਪਣੀ ਭੈਣ ਦਾ ਰਿਸ਼ਤਾ ਆਪਣੇ ਪਤੀ ਨੂੰ ਕਰਵਾਇਆ ਅੱਜ ਉਹ ਆਪ ਹੀ ਉਸ ਬੱਚੇ ਦੇ ਜੰਮਣ 'ਤੇ ਦੁਖੀ ਸੀ। ਤੇ ਕਹਿ ਰਹੀ ਹੈ,

> " ਹਾਂ...ਹਾਂ... ਮੈ ਕਹਿਤਾ ਜੰਮਾਗੀ ਤਾਂ ਪਹਿਲੇ ਮੈਂ...।"[12]

ਪਰ ਕੁਲਤਾਰ ਦੀ ਪਹਿਲੀ ਪਤਨੀ ਦੇ ਵਿਰੋਧ ਵਿਚ ਉਸ ਦੀ ਛੋਟੀ ਭੈਣ ਵੀ ਡਟੀ ਹੋਈ ਹੈ। ਉਹ ਤਾਂ ਆਪਣੀ ਦਿੱਤੀ ਕੁਰਬਾਨੀ ਦਾ ਮੁੱਲ ਗ੍ਰਾਹੁੰਦੀ ਹੋਈ ਕਹਿ ਰਹੀ ਹੈ,

> " ਤੂੰ...ਹੁੰਦੀ ਕੌਣ ਐਂ...ਮੈਨੂੰ ਰੋਕਣ ਵਾਲੀ...ਭੁੱਲ ਗਈ ਰੋਣਾ...ਨੀ ਸੀ ਠੱਲਿਆਂ ਜਾਂਦਾ ਉਦੋਂ...ਗੋਡਿਆਂ ਤੋਂ ਹੱਥ ਨਈਂ ਸੈਂ ਚੁਕਦੀ...ਆਖੇ ਤੇਰੇ ਰੱਖਣ ਦੀ ਆਂ...ਹੁਣ ਅਣਖ ਜਾਗ ਪੀ...।"[13]

ਇਸ ਤਰ੍ਹਾਂ ਇਹ ਘਰ ਲੜਾਈ ਦਾ ਮੈਦਾਨ ਬਣਿਆ ਪਿਆ ਸੀ। ਕੁਲਤਾਰ ਦੁਸ਼ਮਣ ਫੌਜਾਂ ਵਿਚ ਘਿਰੇ ਜੰਗੀ ਕੈਦੀ ਵਾਂਗ ਥੱਕਿਆ ਹਾਰਿਆ ਪਰ ਮਾਣ ਮੱਤਾ ਆਕੜਿਆ ਕੁਝ ਪਲ ਖੜਾ ਰਿਹਾ, ਤਦੇ ਚਾਣ ਚੱਕ ਤਣ ਕੇ ਪੂਰੇ ਵੇਗ ਨਾਲ ਆਪਣੀ ਮਾਂ ਵੱਲ ਵਧਿਆ। ਕੁਲਤਾਰ ਨੇ ਬਾਜ਼ ਦੇ ਝਪਟਣ ਵਾਂਗ ਦੋਹਾਂ ਹੱਥਾਂ ਨਾਲ ਮਾਂ ਦੇ ਮੋਢੇ ਸ਼ਿਕੰਜੇ ਵਾਂਗ ਨਪੀੜੇ ਤੇ ਹੱਥ ਮੋਢਿਆਂ ਤੋਂ ਹੌਲੀ-ਹੌਲੀ ਮਾਂ ਦੇ ਗਲੇ ਵੱਲ ਸਰਕੇ। ਬਿਜਲੀ ਦਾ ਕਰੰਟ ਲੱਗਣ ਵਾਂਗ ਕੁਲਤਾਰ ਨੇ ਇੰਨੀ ਜ਼ੋਰ ਦਾ ਝਟਕਾ ਮਾਰਿਆ ਕਿ ਉਸ ਦੀ ਮਾਂ ਪਿਛਲੀ ਪੈਰੀ ਡਿੰਗਦੀ-ਡਿੰਗਦੀ ਕਈ ਕਦਮਾਂ 'ਤੇ ਜਾ ਮਸੀਂ ਸੰਭਲੀ। ਕੁਲਤਾਰ ਨੇ ਆਪਣੇ ਅੰਦਰ ਜਾ ਕੁੰਡੀ ਅੜਾਈ। ਭਾਂ-ਭਾਂ ਕਰਦੇ ਉਹ ਵਿਹੜੇ ਵਿਚ ਤਿੰਨੋ ਆਪੋ ਆਪਣੇ ਸਿਵੇ ਸੇਕਦੀਆਂ ਰਹੀਆਂ। ਪਤਾ ਨਹੀਂ ਕਿ ਇਹ ਹੁਣ ਦਰਵਾਜਾਂ ਖੁਲੋ ਵੀ ਜਾਂ ਨਹੀਂ? ਜੇ ਖੁਲਿਆ ਵੀ ਤਾਂ ਕੀ? ਤੇ ਉਸ ਦੀ ਮਾਂ ਸੋਚ ਦੀ ਹੈ ਕਿ ਕਿਹੜੇ ਪੱਤਣ ਆ ਢੁੱਕੀ ਹੈ ਮੇਰੀ ਜੀਵਨ ਬੇੜੀ...। ਕੀ ਏਸੇ ਪੱਤਣ ਵਲੀਂ, ਹਫਦੀ ਭੱਜੀ ਆ ਰਹੀ ਸਾਂ ਮੈਂ ਹੁਣ ਤੱਕ...ਏਨੀ ਉਮਰ... ਏਸੇ ਘੜੀ ਵਲ।

ਅਸੀਂ ਦੇਖਦੇ ਹਾਂ ਕਿ ਜਸਵਿੰਦਰ ਸਿੰਘ ਨੇ ਦੂਜੇ ਵਿਆਹ ਦੀ ਸਮੱਸਿਆ ਨੂੰ ਬਹੁਤ ਹੀ ਵਧਿਆਂ ਢੰਗ ਨਾਲ ਪੇਸ਼ ਕੀਤਾ ਹੈ ਤੇ ਇਕ ਅਜਿਹੀ ਘਟਨਾ ਨੂੰ ਪੇਸ਼ ਕੀਤਾ ਜੋ ਕਿ ਸਾਡੇ ਸਮਾਜ ਨਾਲ ਜੁੜੀ ਹੋਈ ਹੈ। ਇਹ ਇਕ ਸੰਦੇਸ਼ ਦੇਣ ਵਾਲੀ ਕਹਾਣੀ ਹੈ ਕਿ ਦੂਜੇ ਵਿਆਹ ਦੀ ਸਮੱਸਿਆ ਆਉਂਦੀ ਹੀ ਹੈ ਤੇ ਜਿਸ ਕਾਰਨ ਪਰਿਵਾਰ ਵਿਚ ਤਣਾਅ ਆਉਂਦਾ ਹੀ ਆਉਂਦਾ ਹੈ। ਇਸ ਦੂਜੇ ਵਿਆਹ ਤੋਂ ਜਿੰਨਾਂ ਬਚਾਅ ਹੋ ਸਕੇ ਵਿਅਕਤੀ ਨੂੰ ਕਰਨਾ ਚਾਹੀਦਾ ਹੈ ਤਾਂ ਜੋ ਸੁਖੀ ਜੀਵਨ ਬਤੀਤ ਕਰ ਸਕੇ।

## 4.3 ਪਰਿਵਾਰਿਕ ਰਿਸ਼ਤਿਆਂ 'ਚੋਂ ਤਣਾਅ ਦੀ ਪੇਸ਼ਕਾਰੀ:

ਜਸਵਿੰਦਰ ਸਿੰਘ ਨੇ ਆਪਣੀ ਕਹਾਣੀ ਸੰਗ੍ਰਹਿ 'ਖੂਹ-ਖਾਤੇ' ਦੀਆਂ ਕਹਾਣੀਆਂ ਵਿਚ ਪਰਿਵਾਰਿਕ ਰਿਸ਼ਤਿਆਂ 'ਚ ਉਪਜੇ ਤਣਾਅ ਦੀ ਪੇਸ਼ਕਾਰੀ ਬਹੁਤ ਹੀ ਵਧੀਆਂ ਢੰਗ ਨਾਲ ਕੀਤੀ ਹੈ। ਉਹ ਆਪ ਇਕ ਪੇਂਡੂ ਪਰਿਵਾਰ ਵਿਚੋਂ ਹੋਣ ਕਰਕੇ ਪਰਿਵਾਰ ਵਿਚ ਆਉਂਦੀਆਂ ਮੁਸਕਿਲਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ। ਉਸ ਨੂੰ ਪਰਿਵਾਰਿਕ ਰਿਸ਼ਤਿਆਂ ਦੇ ਰਹਿਣ-ਸਹਿਣ ਵਿਵਹਾਰ ਦਾ ਤਜ਼ਰਬਾ ਹੋਣ ਕਰਕੇ ਉਸ ਨੇ ਪਰਿਵਾਰਿਕ ਰਿਸ਼ਤਿਆਂ ਵਿਚ ਆਉਂਦੀਆਂ ਮੁਸੀਬਤਾਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਜਸਵਿੰਦਰ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਉਨ੍ਹਾਂ ਬਿਮਾਰੀਆਂ ਨੂੰ ਫੜਿਆ ਜਿਹੜੀਆਂ ਰਿਸ਼ਤਿਆਂ ਦੇ ਤਣਾਅ ਜਾਂ ਸੰਕਟ ਨੂੰ ਜਨਮ ਦਿੰਦੀਆਂ

ਹਨ। ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਵਿਚ 'ਪਰਦੇਸੀ', 'ਆਵਾਗੌਣ', ਅਤੇ 'ਮਰੇ ਮਾਤਮ' ਆਦਿ ਅਜਿਹੀਆਂ ਕਹਾਣੀਆਂ ਜਿਨ੍ਹਾਂ ਵਿਚ ਪਰਿਵਾਰਿਕ ਰਿਸ਼ਤਿਆਂ ਵਿਚ ਉਪਜੇ ਤਣਾਅ ਦੀ ਪੇਸ਼ਕਾਰੀ ਕੀਤੀ ਗਈ ਹੈ। ਜਸਵਿੰਦਰ ਸਿੰਘ ਦੀ 'ਪਰਦੇਸੀ' ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਕਹਾਣੀ ਦਾ ਮੁੱਖ ਪਾਤਰ ਕਰਮ ਸਿੰਘ ਵਿਦੇਸ਼ ਗਿਆ ਹੋਇਆਂ ਸੀ। ਪੰਜ ਸਾਲ ਸਖ਼ਤ ਮਿਹਨਤ ਕਰਕੇ ਓਵਰ ਟਾਇਮ ਲਗਾ ਕੇ ਘਰ ਦਾ ਮੂੰਹ ਸਿੱਧੇ ਪਾਸੇ ਲਗਾਉਣ ਲਈ ਖ਼ੂਨ ਪਸੀਨਾ ਵਹਾਇਆ। ਜਦ ਉਹ ਘਰ ਦਿਆਂ ਦੀ ਮਰਜ਼ੀ ਤੋਂ ਬਿਨ੍ਹਾਂ ਛੇ ਸਾਲ ਪੂਰੇ ਕਰਕੇ ਘਰ ਵਾਪਿਸ ਪਰਤ ਆਇਆ ਤਾਂ ਉਸ ਦਾ ਵੱਡਾ ਭਰਾ ਇਸ ਗੱਲ ਤੋਂ ਖੁਸ਼ ਨਹੀਂ ਸੀ ਕਿ ਕਰਜ਼ਾ ਅਜੇ ਵੀ ਸਿਰ 'ਤੇ ਕਰਮ ਸਿੰਘ ਘਰ ਆ ਗਿਆ ਹੈ। ਇਸ ਲਈ ਉਹ ਚਲਾਕੀ ਵਰਤ ਕੇ ਅੱਡ ਹੋ ਜਾਂਦਾ ਹੈ। ਮਨਮਰਜ਼ੀ ਦਾ ਹਿੱਸਾ ਪਾ, ਪੈਸਾ ਧੇਲਾ ਸਾਂਭ ਉਸ ਨੇ ਛੋਟੇ ਭਰਾ ਤੇ ਪਿਉ ਨੂੰ ਰੜੇ ਕੱਢ ਧਰਿਆਂ। ਰਿਸ਼ਤੇਦਾਰ ਵਿਦੇਸ਼ ਤੋਂ ਆਏ ਮੁੰਡੇ ਦਾ ਰਿਸ਼ਤਾ ਕਰਾਉਂਣ ਲਈ ਕਾਹਲੇ ਪੈ ਰਹੇ ਸਨ। ਕਰਮ ਸਿੰਘ ਬਥੇਰੀ ਨਾਂਹ ਨੁਕਰ ਕਰਦਾ ਰਿਹਾ। ਅਖੀਰ ਜਸਬੀਰ ਨਾਲ ਉਸ ਦਾ ਵਿਆਹ ਹੋ ਗਿਆ। ਰਿਸ਼ਤਿਆਂ ਵਿਚ ਨਵਾਂ ਤਣਾਅ ਉਸ ਸਮੇਂ ਉਪਜਦਾ ਜਦੋਂ ਘਰ ਦੀ ਆਰਥਿਕ ਮੰਦਹਾਲੀ ਦਿਨੋ ਦਿਨ ਹੋਰ ਵੀ ਵੱਧਦੀ ਜਾ ਰਹੀ ਹੈ ਤੇ ਛੋਟਾ ਭਰਾ ਜੱਸਾ ਘਰ ਵਿਚ ਇਸ ਗੱਲ ਦੀ ਲੜਾਈ ਪਾ ਬੈਠਦਾ ਕਿ ਵੱਡਾ ਭਰਾ ਵਿਦੇਸ਼ ਵਿਚੋਂ ਕਮਾਏ ਹੋਏ ਪੈਸੇ ਸਾਂਝੇ ਘਰ 'ਤੇ ਨਹੀਂ ਖਰਚ ਰਿਹਾ। ਪਰ ਉਹ ਤਾਂ ਪਹਿਲਾਂ ਹੀ ਇਕ ਇਕ ਰੁਪਇਆਂ ਉਨ੍ਹਾਂ ਨੂੰ ਦੇ ਚੁੱਕਾ ਸੀ। ਪਰ ਛੋਟਾ ਭਰਾ ਜੱਸਾ ਬਹੁਤ ਗੁੱਸੇ ਵਿਚ ਸੀ ਤੇ ਕਹਿ ਰਿਹਾ ਸੀ,

> "ਮੈਂ ਅੱਜ ਫੈਸਲਾ ਕਰ ਕੇ ਈ ਹਟੂੰ...ਏਹ ਰੋਜ਼ ਰੋਜ਼ ਦਾ ਸਿੜੀ ਸਿਆਪਾ...ਨਹੀਂ ਚਲਣਾਂ ਏਥੇ, ਗੱਲ ਕਿਸੇ ਬੰਨੇ ਲਾਵੋ ਨਹੀਂ ਤਾਂ...।"[14]

ਕਰਮ ਸਿੰਘ ਤੇ ਜੱਸਾ ਦੋਵੇ ਭਰਾ ਰੋਜ਼ ਦੀ ਲੜਾਈ ਤੋਂ ਤੰਗ ਅੱਡ ਹੋ ਜਾਂਦੇ ਹਨ ਤੇ ਖੇਤ ਤੇ ਘਰ ਦਾ ਕਰਜ਼ਾ ਵੀ ਵੰਡ ਲੈਂਦੇ ਹਨ। ਕਰਮ ਸਿੰਘ ਘਰ ਮੁੰਡਾ ਹੁੰਦਾ ਹੈ। ਘਰ ਵਿਚ ਕੁਝ ਖੁਸ਼ੀ ਆਉਂਦੀ ਹੈ। ਪਰ ਹਰਾਮੇ ਉਦਾਸੇ ਜਸਵੀਰ ਤੇ ਕਰਮ ਸਿੰਘ ਦੇ ਮਨਾਂ ਨੂੰ ਇਹ ਸੁਗਾਤ ਵੀ ਨਹੀਂ ਬਦਲ ਸਕੀ। ਰਿਸ਼ਤੇਦਾਰ ਆਉਂਦੇ ਵਧਾਈਆਂ ਜ਼ਰੂਰ ਦਿੰਦੇ। ਪਰ ਜਿਉਂ ਹੀ ਨਵੀਂ ਬਣੀ ਕੰਧ ਤੋਂ ਪਾਰ ਬੈਠੇ ਬੁੱਢੇ ਪਿਉ ਤੇ ਕੁਆਰੇ ਜੱਸੇ ਨੂੰ ਅੱਡ ਵੇਖ ਕੇ ਕਰਮ ਸਿੰਘ ਵੱਲ ਵਿੰਨ ਨਜ਼ਰ ਝਾਕਦੇ ਹਨ। ਚੋਭਾ ਲਾਉਂਦੇ ਜਿਵੇਂ ਉਹ ਕੱਲਾ ਅਪਰਾਧੀ ਹੁੰਦਾ ਹੈ। ਕਰਮ ਸਿੰਘ ਖੇਤੀ ਵੱਲ ਕੋਈ ਧਿਆਨ ਨਹੀਂ ਦਿੰਦਾ ਉਹ ਦਿਨ-ਰਾਤ ਵਿਹਲਾ ਰਹਿੰਦਾ ਹੈ, ਸਿਰ 'ਤੇ ਕਰਜ਼ੇ ਦਾ ਭਾਰ ਹੋਰ ਚੜ੍ਹ ਜਾਂਦਾ ਹੈ। ਇਸ ਗੱਲ ਤੋਂ ਉਸ ਅਤੇ ਉਸ ਦੀ ਪਤਨੀ ਜਸਬੀਰ ਵਿਚਾਲੇ ਲੜਾਈ ਹੋ ਜਾਂਦੀ ਹੈ ਤੇ ਇਕ ਦਿਨ ਜਸਬੀਰ ਸਿਖਰ ਕਰ ਜਾਂਦੀ ਹੈ ਜਦੋਂ ਉਹ ਘਰ ਦਾ ਸਮਾਨ ਵੀ ਵੇਚਨਾ ਸੁਰੂ ਕਰ ਦਿੰਦਾ ਹੈ 'ਤੇ ਜਸਬੀਰ ਗੁੱਸੇ ਵਿਚ ਆ ਕਿ ਕਹਿੰਦੀ ਹੈ,

> "ਬੰਦੇ ਦਾ ਪੁੱਤ ਬਣ ਕੇ ਸਿੱਧੀ ਗੱਲ ਕਰ ਅੱਗੇ ਜਿਹੜੇ ਤੂੰ ਰੰਗਲੇ ਪੀਹੜੇ ਬਹਾ ਰੱਖਿਆ, ਸਾਂਭ ਰੱਖ...ਪਰ ਇਹ ਤਾਂ ਦੱਸ ਮੇਰੀਆਂ ਸੋਨੇ ਦੀਆਂ ਚੂੜੀਆਂ ਕੀਹਦੇ ਚੜ੍ਹਾਈਆਂ ਨੇ ਤੇ ਹਾਰ...।"[15]

ਇਸ ਤਰ੍ਹਾਂ ਪਤੀ ਪਤਨੀ ਵਿਚ ਲੜਾਈ ਇੰਨੀ ਵੱਧ ਜਾਂਦੀ ਹੈ ਕਿ ਇਕ ਦਿਨ ਜਸਬੀਰ ਘਰ ਛੱਡ ਕੇ ਚਲੀ ਜਾਂਦੀ ਹੈ ਅਤੇ ਕਰਮ ਸਿੰਘ ਇਕੱਲਾ ਰਹਿ ਜਾਂਦਾ ਹੈ ਤੇ ਮੁੜ ਕਦੇਂ ਪਰਤ ਕੇ ਵਾਪਿਸ ਨਹੀਂ ਆਉਂਦੀ। ਇਸ ਪਰਿਵਾਰਕ ਰਿਸ਼ਤੇ ਵਿਚ ਉਪਜੇ ਸੰਕਟ ਨੂੰ ਉਹ ਇਕੱਲਾ ਹੀ ਭੋਗਦਾ।

ਜਸਵਿੰਦਰ ਸਿੰਘ 'ਆਵਾਗੌਣ' ਕਹਾਣੀ ਵਿਚ ਵੀ ਰਿਸ਼ਤਿਆਂ 'ਚ ਉਪਜੇ ਤਣਾਅ ਦੀ ਪੇਸ਼ਕਾਰੀ ਕਰਦਾ ਹੈ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਕਰਮ ਚੰਦ ਦਾ ਪੁੱਤਰ ਪਾਖਰ ਜੋ ਕਿ ਪੁਲਿਸ ਦੀ ਨੌਕਰੀ ਕਰਦਾ ਹੈ ਉਹ ਵਿਆਹਿਆਂ ਹੁੰਦਾ ਹੈ ਅਤੇ ਉਹ ਚਾਰ ਬੱਚਿਆ ਦਾ ਪਿਉ ਹੈ। ਪਰ ਫਿਰ ਵੀ ਬਾਹਰ ਜਿਨਸੀ ਸੰਬੰਧ ਬਣਾਉਂਦਾ ਹੈ। ਜਿਸ ਕਾਰਨ ਘਰ ਵਿਚ ਸੰਕਟ ਪੈਦਾ ਹੋ ਜਾਂਦਾ ਹੈ। ਬਚਨੋ ਜਿਸ ਨਾਲ ਉਹ ਬਾਹਰੀ ਸੰਬੰਧ ਬਣਾਉਂਦਾ ਹੈ। ਉਹ ਘਰ ਹੁਣ ਕਦੇਂ ਕਦੇਂ ਆਉਂਦਾ ਹੈ। ਜਦੋਂ ਘਰਦਿਆਂ ਨੂੰ ਪਤਾ ਲੱਗਦਾ ਹੈ ਤਾਂ ਉਹ ਉਸ ਨੂੰ ਘਰ ਨਹੀਂ ਵੜਨ ਨਹੀਂ ਦਿੰਦੇ। ਉਸ ਦੀ ਪਤਨੀ ਬਹੁਤ ਦੁਖੀ ਤੇ ਆਪਣੇ ਵਿਆਹ ਵਾਲੇ ਦਿਨਾਂ ਨੂੰ ਚੇਤੇ ਕਰਦੀ ਕਹਿੰਦੀ ਹੈ,

> "ਕੇਹੇ ਉਜਲੇ ਦਿਨ ਸਨ, ਜਦੋਂ ਉਹ ਪਾਖਰ ਸੰਗ ਵਿਆਹੀ ਇਸ ਸ਼ਹਿਰ ਵਿਚ ਆਈ ਸੀ। ਧਰਤੀ 'ਤੇ ਪੈਰ ਨਹੀਂ ਟਿਕਦੇ ਸਨ ਪਾਖਰ ਦੇ! ਸੰਤੋ ਦੇ ਲੋਹੜੇ ਮਾਰਦੇ ਹੁਸਨ ਨੇ ਸਾਰੇ ਮੁਹੱਲੇ ਵਿਚ ਠੁੱਕ ਬਣਾਈ ਸੀ! ਏਸ ਘਰ ਦੀ! ਬਾਪੂ ਫੁਲਿਆਂ ਨਹੀਂ ਸੀ ਸਮਾਉਂਦਾ...ਅਖੇ ਆਪਾਂ ਹੁਣ ਕਿਸੇ ਤੋਂ ਲਈ ਦੇ ਨਹੀਂ।"[16]

ਪਾਖਰ ਦੀ ਪਤਨੀ ਤਾਂ ਕੀ ਉਸ ਦੇ ਬੱਚੇ ਵੀ ਉਸ ਨੂੰ ਪਸੰਦ ਨਹੀਂ ਕਰਦੇ, ਜਦੋਂ ਉਸ ਦੀ ਵੱਡੀ ਕੁੜੀ ਦੀ ਸ਼ਾਦੀ ਹੋਈ ਤਾਂ ਸ਼ਾਦੀ ਦੇ ਬਾਅਦ ਉਹ ਉਸ ਨੂੰ ਮਿਲਣ ਜਾਂਦਾ ਤਾਂ ਉਹ ਵੀ ਉਸ ਨੂੰ ਆਪਣੇ ਘਰ ਵਿਚ ਵੜਨ ਨਹੀਂ ਦਿੰਦੀ ਅਤੇ ਕਹਿੰਦੀ ਹੈ ਕਿ,

> " ਤੂੰ ਆਪਣੀ ਸੜੀ ਜ਼ੁਬਾਨ ਤੋਂ ਮੈਨੂੰ ਮੁੜ ਧੀਏ ਨਾ ਕਹੀਂ...ਸੁਣਿਆਂ! ਤੈਥੋਂ ਤਾਂ ਇਹ ਵੀਂ ਨਾ ਸਰਿਆ ਕਿ ਕੰਨਿਆਂ ਦਾਨ ਈ ਕਰ ਜਾਂਦਾ ਆ ਕੇ...।"[17]

ਜਸਵਿੰਦਰ ਨੇ 'ਮਰੇ ਮਾਤਮ' ਕਹਾਣੀ ਵਿਚ ਪਰਿਵਾਰਿਕ ਰਿਸ਼ਤਿਆਂ ਦੇ ਤਣਾਅ ਨੂੰ ਪੇਸ਼ ਕੀਤਾ ਹੈ। ਕਹਾਣੀ ਵਿਚ ਦੇਖਦੇ ਹਾਂ ਕਿ ਕਹਾਣੀ ਦਾ ਮੁਖ ਪਾਤਰ ਜੋ ਕਿ ਬਲਦੇਵ ਸ਼ਹਿਰ ਵਿਚ ਸਰਕਾਰੀ ਨੌਕਰੀ ਕਰਦਾ ਹੈ। ਉਸ ਦੇ ਪਿਤਾ ਦੀ ਅਚਾਨਕ ਮੌਤ ਹੋ ਜਾਂਦੀ ਹੈ ਤੇ ਬਲਦੇਵ ਮੌਤ ਤੇ ਵਕਤ ਸਿਰ ਨਹੀਂ ਪਹੁੰਚ ਪਾਉਂਦਾ ਜਿਸ ਕਾਰਨ ਉਸ ਦਾ ਪਰਿਵਾਰ ਤੇ ਪਿੰਡ ਦੇ ਲੋਕ ਉਸ ਦਾ ਨਿਰਾਦਰ ਕਰਦੇ ਹਨ। ਸਭ ਉਸ ਦੇ ਵਿਰੋਧ ਵਿਚ ਬੋਲਦੇ ਹਨ। ਜਦੋਂ ਬਲਦੇਵ ਪਿਤਾ ਦੀ ਮੌਤ ਤੋਂ ਤੀਜੇ ਦਿਨ ਘਰ ਪਰਤ ਰਿਹਾ ਹੁੰਦਾ ਹੈ ਤਾਂ ਪਿੰਡ ਦੇ ਬਾਹਰ ਸਭ ਤੋਂ ਪਹਿਲਾ ਉਸ ਨੂੰ ਜੈਲਦਾਰ ਹਰਨਾਮ ਸਿੰਘ ਮਿਲਦਾ ਹੈ ਜੋ ਬਿਨ੍ਹਾਂ ਜੀਪ ਬੰਦ ਕੀਤਿਆਂ ਉੱਚੀ ਦੇਣੇ ਬੋਲਿਆਂ,

> " ਆ ਗਿਐਂ... ਬਲਦੇਵ ਸਿੰਆਂ...ਚੰਗੀ ਨੀਂ ਕੀਤੀ ਤੈਂ...ਹੈਂ...ਉਹ ਵਿਚਾਰਾ ਤੇਰਾ ਨਾਂਅ ਲੈਂਦਾ ਲੈਂਦਾ ਤੁਰ ਗਿਆ...! ਏਨੀ ਵੀ ਕੀ ਸੀ... ਓੜਕ ਨੂੰ ਤੇਰਾ ਪੇ ਸੀ! ਮੈਂ ਜ਼ਰਾ ਨਕੋਦਰ ਬੀ.ਡੀ.ਓ. ਤੋੜੀ ਚੱਲਿਆਂ...ਹੁਣੇ ਔਨਾਂ...।"[18]

ਬਲਦੇਵ ਤੁਰਦਾ ਹੋਇਆ ਸੋਚ ਰਿਹਾ ਕਿ ਇਹ ਉਹੀ ਜ਼ੈਲਦਾਰ ਹਰਨਾਮ ਸਿੰਘ ਹੈ। ਜਿਹੜਾ ਜਦੋਂ ਕੰਮੀ-ਧੰਦੀਂ ਮੇਰੇ ਕੋਲ ਜਾਂਦਾ ਤਾਂ ਲੇਲੜੀਆਂ ਕੱਢਣੋਂ ਹਟਾਇਆਂ ਵੀ ਹਟਦਾ ਨਹੀਂ ਸੀ, ਏਹਦੀਆਂ ਮੈਂ ਲੱਖ ਖਾਤਰਾਂ ਵਗਾਰਾਂ ਸਿਰਫ਼ ਏਸ ਲਈ ਕੀਤੀਆਂ, ਰੂਹ ਮਾਰ ਕੇ ਘਰ ਦੇ ਰੁਸਾ ਕੇ ਕਿ ਇਹ ਮੇਰੇ ਪਿੰਡ ਦਾ ਹੈ। ਬਲਦੇਵ ਉਸ ਸਮੇਂ ਨੂੰ ਯਾਦ ਕਰਦਾ ਹੈ ਜਦੋਂ ਜ਼ੈਲਦਾਰ ਦੇ ਭਰਾ ਦੀ ਲੜਾਈ ਹੈਡਮਾਸਟਰ ਨਾਲ ਹੋ ਗਈ ਸੀ ਤੇ ਜੈਲਦਾਰ ਦੇ ਭਰਾ ਨੇ ਹੈਡਮਾਸਟਰ ਕੁੱਟ ਦਿੱਤਾ। ਜਦ ਉਸਨੇ ਉਪਰ ਸ਼ਿਕਾਇਤ ਕੀਤੀ ਤਾਂ ਜ਼ੈਲਦਾਰ ਆਪਣੇ ਭਰਾ ਦੀ ਨੌਕਰੀ ਬਚਾਉਣ ਲਈ ਮੇਰੀਆਂ ਮਿੰਨਤਾਂ ਕਰਦਾ ਥੱਕਦਾ ਨਹੀਂ ਸੀ ਤੇ ਕਹਿੰਦਾ ਸੀ,

> "ਬਲਦੇਵ ਸਿੰਆਂ! ਬਈ ਤੂੰ ਜਿਵੇਂ ਕਿਵੇਂ ਏਹ ਕੰਮ ਕੱਢ...ਨਹੀਂ ਤਾਂ...ਤੂੰ ਆਪ ਸਿਆਣੇ...ਆਪਣੀ ਰੱਖ ਨੀ...ਏਹ ਸਹੁਰੇ ਟਕੇ ਟਕੇ ਦੇ ਢੋਡ ਸਿਰ ਚੜ੍ਹ ਬੈਹਣਗੇ...ਤੈਂ...ਕੀ ਆਂਹਦਾ?।"[19]

ਪਰ ਅੱਜ ਬਲਦੇਵ ਸਿੰਘ ਸੋਚ ਵੀਂ ਨਹੀਂ ਸਕਦਾ ਕਿ ਜਿਸ ਆਦਮੀ ਦੀ ਮੈਂ ਇੰਨੀ ਮਦਦ ਕੀਤੀ ਮੁਸੀਬਤ ਵਿਚ ਉਹ ਉਸ ਨਾਲ ਅਜਿਹਾ ਕਰੇਗੇ। ਇੱਥੇ ਹੀ ਨਹੀਂ ਜਦੋਂ ਉਹ ਘਰ ਪਹੁੰਚਦਾ ਹੈ ਤਾਂ ਪਿੰਡ ਦੀਆਂ ਔਰਤਾਂ ਵੀ ਉਸ ਦਾ ਵਿਰੋਧ ਕਰ ਰਹੀਆਂ ਹਨ। ਇਕ ਔਰਤ ਉਸ ਦਾ ਵਿਰੋਧ ਕਰਦੀ ਹੋਈ ਕਹਿੰਦੀ ਹੈ,

> "ਹੁਣ ਕੈਹੋ ਜਿਹਾ...ਬਣ ਸੰਵਰ...ਕੋਟ ਪੈਂਟ ਚਾੜ੍ਹ... ਤੀਜੇ ਦਿਨ ਆ ਢੁਕਿਆ ਟੈਚੀਕੇਸ਼ ਲਮਕਾਈ... ਸ਼ੋਭਾ ਦੇਂਦਾ ਏ ਭੈਣੇ...ਤੂੰ ਆਪ ਸਿਆਣੀ ਆਂ...ਜੱਗ ਦਾ ਕੌਣ ਮੂੰਹ ਬੰਦ ਕਰੂ...।"[20]

ਪਿੰਡ ਦਾ ਹਰ ਮੈਂਬਰ ਤੇ ਪਰਿਵਾਰ ਦਾ ਹਰ ਜੀਅ ਬਲਦੇਵ ਨੂੰ ਦੋਸ਼ੀ ਸਮਝਦਾ ਹੈ। ਬਲਦੇਵ ਆਪਣੀ ਮਾਨਸਿਕ ਅਵਸਥਾਂ ਨੂੰ ਦੱਸਦਾ ਹੋਇਆਂ ਕਹਿੰਦਾ ਹੈ ਕਿ,

> "ਮਿਲਣ ਦਾ ਤਰਲਾ ਕੇ ਮਰੇ ਬਾਪ ਦਾ ਦਰਦ ਕਿਸਨੂੰ ਸੀ?...ਮੈਨੂੰ ਛੱਜੇ ਪਾ ਕੇ ਛੱਟਣ ਦੀ ਮਾਰੂ ਰੀਝ ਹੀ...ਅੰਤਲੇ ਸਮੇਂ ਬਾਪ ਨੂੰ ਨਾ ਵੇਖ ਸਕਣ ਦੀ ਮੇਰੀ ਪੀੜਾ...ਮੇਰੀ ਨਮੋਸ਼ੀ... ਆਪਣੀ ਮੌਤੇ ਮਰ ਰਹੀ ਸੀ...ਕਿਸੇ ਨੂੰ ਕੀ? ਮੈਨੂੰ ਨਹੀਂ ਪਤਾ ਕਿਸ ਕਿਸ ਔਰਤ ਨੇ ਮੇਰਾ ਸਿਰ ਪਲੋਸਿਆ...ਕੀ ਕੀ ਦੁਆ ਬਦਦੁਆ... ਪਰ ਮੈਂ ਇੰਨਾ ਨਹੀਂ ਭੁੱਲ ਸਕਿਆ...ਘਰ ਦੇ ਜੀਆਂ ਦੀਆਂ ਬਜਰ ਚੁਪ ਕੈੜੀਆਂ ਨਜ਼ਰਾਂ ਵੀ ਮੈਨੂੰ ਅਣਬਖ਼ਸ਼ਿੰਦ ਗੁਨਾਹੀ ਠਹਿਰਾ ਰਹੀਆਂ ਸਨ...।"[21]

ਬਲਦੇਵ ਸਿੰਘ ਨੂੰ ਗੁੱਸਾ ਇਸ ਗੱਲ ਦਾ ਹੈ ਕਿ ਉਸ ਦੇ ਪਰਿਵਾਰ ਵਾਲੇ ਵੀ ਕਿਉਂ ਉਸ ਦਾ ਵਿਰੋਧ ਕਰ ਰਹੇ ਹਨ। ਉਸ ਤੋਂ ਵੱਧ ਸ਼ਾਇਦ ਹੋਰ ਕਿਸੇ ਨੂੰ ਦੁੱਖ ਨਹੀਂ ਹੋਵੇਗਾ ਉਸ ਦੇ ਪਿਤਾ ਦੀ ਮੌਤ ਦਾ ਕਿਉਂਕਿ ਉਹ ਆਖਰੀ ਸਮੇਂ ਵੀ ਆਪਣੇ ਪਿਤਾ ਨੂੰ ਨਹੀਂ ਦੇਖ ਸਕਿਆਂ। ਇਸ ਤਰ੍ਹਾਂ ਜਸਵਿੰਦਰ ਸਿੰਘ ਨੇ ਇਸ ਕਹਾਣੀ ਵਿਚ ਵੀ ਪਰਿਵਾਰਕ ਰਿਸ਼ਤਿਆਂ 'ਚੋਂ ਆਏ ਤਣਾਅ ਨੂੰ ਪੇਸ਼ ਕੀਤਾ ਹੈ।

## 4.4 ਕਿਸਾਨੀ ਪੱਖ:

ਅਸੀਂ ਉਪਰ ਦੱਸ ਆਏ ਹਾਂ ਕਿ ਜਸਵਿੰਦਰ ਸਿੰਘ ਇਕ ਮੱਧ ਵਰਗੀ ਪੇਂਡੂ ਕਿਸਾਨੀ ਪਰਿਵਾਰ ਦਾ ਜੰਮਪਲ ਹੈ। ਇਹੋ ਕਾਰਨ ਹੈ ਕਿ ਕਹਾਣੀਕਾਰ ਨੂੰ ਕਿਰਸਾਨੀ ਮਸਲਿਆਂ ਦੀ ਚੋਖੀ ਸਮਝ ਹੈ ਜਿਹੜੇ ਕਿਸਾਨੀ ਜੀਵਨ ਨਾਲ ਲਿਪਤ ਦੁਸ਼ਵਾਰੀਆਂ, ਦਰਦਾਂ, ਸੰਤਾਪ, ਤ੍ਰਾਸਦੀਆਂ, ਸ਼ੋਸਣ ਆਦਿ ਦੀਆਂ ਗੱਲਾਂ ਕਰਦੇ ਹਨ। ਕਿਸਾਨੀ ਮਸਲਿਆਂ ਵਾਲੀਆਂ ਕਹਾਣੀਆਂ ਵਿਚ ਜਸਵਿੰਦਰ ਸਿੰਘ ਕਿਸਾਨੀ ਵਰਗ ਦੀ ਆਰਥਿਕ ਸਮੱਸਿਆ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਹਨਾਂ ਕਹਾਣੀਆਂ ਵਿਚ ਛੋਟੀ ਕਿਸਾਨੀ ਦੀ ਆਰਥਿਕ ਟੁੱਟ-ਭੱਜ ਦੇ ਨਾਲ-ਨਾਲ ਉਸ ਵਿਚ ਆ ਰਹੇ ਮਾਨਸਿਕ ਸੰਕਟ ਨੂੰ ਵੀ ਬੜੀ ਬਰੀਕੀ ਨਾਲ ਪੇਸ਼ ਕੀਤਾ ਹੈ। ਇਹਨਾਂ ਕਹਾਣੀਆਂ ਵਿਚ ਜਸਵਿੰਦਰ ਸਿੰਘ ਦੀ ਦ੍ਰਿਸ਼ਟੀ ਵਾਦਮੁਕਤ ਸਮਾਜ ਵਿਗਿਆਨੀ ਵਾਲੀ ਹੋਣ ਕਾਰਨ ਉਹ ਕਿਸੇ ਅਵੇਸਲੇਪਣ ਦਾ ਸ਼ਿਕਾਰ ਨਹੀਂ ਬਣਦਾ। ਉਹ ਕਿਧਰੇ ਵੀਂ ਸਿਰਜਣਾ ਦੇ ਸਾਕਾਰੀ ਪਲਾਂ ਵਿਚੋਂ ਬਾਹਰ ਜਾ ਕੇ ਕਿਸੇ ਵੀ ਮੋਹ ਦਾ ਸ਼ਿਕਾਰ ਨਹੀਂ ਹੁੰਦਾ ਹੈ। ਇਹੋ ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

ਜਸਵਿੰਦਰ ਸਿੰਘ ਨੇ 'ਪਰਦੇਸੀ' ਕਹਾਣੀ ਵਿਚ ਕਿਸਾਨੀ ਪੱਖ ਨੂੰ ਬਾਖੂਬੀ ਪੇਸ਼ ਕੀਤਾ ਹੈ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਕਰਮ ਸਿੰਘ ਵਿਦੇਸ਼ ਇਸ ਲਈ ਜਾਂਦਾ ਕਿਉਂਕਿ ਉਹ ਵਿਦੇਸ਼ ਵਿਚ ਵੱਧ ਤੋਂ ਵੱਧ ਪੈਸਾ ਕਮਾ ਸਕੇ। ਜਿਸ ਨਾਲ ਉਸ ਦੇ ਪਰਿਵਾਰ ਦੀ ਆਰਥਿਕ ਸਥਿਤੀ ਠੀਕ ਹੋ ਜਾਵੇ ਪਰ ਅਜਿਹਾ ਕੁਝ ਨਹੀਂ ਹੁੰਦਾ। ਜਦੋਂ ਉਸ ਦੇ ਵੱਡੇ ਭਰਾ ਨੂੰ ਪਤਾ ਲੱਗਦਾ ਹੈ ਕਿ ਕਰਮ ਸਿੰਘ ਵਿਦੇਸ਼ ਤੋਂ ਆ ਰਿਹਾ ਹੈ ਤਾਂ ਉਹ ਮਨਮਰਜ਼ੀ ਦਾ ਹਿੱਸਾ ਪਾ ਸਾਰਾ ਪੈਸਾ ਧੇਲਾ ਸਾਂਭ ਕਰਮ ਸਿੰਘ ਤੇ ਉਸ ਦੇ ਛੋਟੇ ਭਰਾ ਜੱਸੇ ਤੇ ਪਿਉ ਨੂੰ ਵੱਖਰਾ ਕਰ ਦਿੱਤਾ ਤੇ ਸਭ ਕੁਝ ਆਪਣੇ ਕੋਲ ਲੈ ਲੈਂਦਾ ਹੈ। ਕਿਉਂਕਿ ਘਰ ਦਾ ਵੱਡਾ ਪੁੱਤਰ ਹੋਣ ਕਰਕੇ ਮੁਖੀ ਸੀ। ਇਸ ਤਰ੍ਹਾਂ ਛੋਟੀ ਕਿਸਾਨੀ ਦੀ ਗੱਲ ਕਰਦਿਆਂ ਹੋਇਆ ਉਸ ਨੇ ਬੈਂਕਾਂ ਦੇ ਕਰਜ਼ੇ ਤੇ ਕਿਸ਼ਤਾਂ 'ਤੇ ਲਏ ਟਰੈਕਟਰ ਦੀਆਂ ਘਟਨਾਵਾਂ ਨੂੰ ਪੇਸ਼ ਕੀਤਾ ਹੈ। ਸਾਰੇ ਟੱਬਰ ਵਿਚ ਲੜਾਈ ਉਸ ਸਮੇਂ ਵੱਧ ਗਈ ਜਿਸ ਦਿਨ ਬੈਂਕ ਵਾਲਿਆਂ ਨੇ ਜੀਪ ਨੂੰ ਗੇਟ ਤੋਂ ਮਸਾਂ ਹਫਤੇ ਦੀ ਮੋਹਲਤ ਲੈ ਕੇ ਮੋੜੀ ਸੀ। ਛੋਟੇ ਦੋਹਾਂ ਭਰਾਵਾਂ ਕਰਮ ਸਿੰਘ ਅਤੇ ਜੱਸੇ ਵਿਚ ਵੀ ਮਾੜੀ ਕਿਸਾਨੀ ਹਾਲਤ ਹੋਣ ਕਰਕੇ ਲੜਾਈ ਹੋ ਜਾਂਦੀ ਹੈ। ਉਹ ਦੋਵੇਂ ਭਰਾ ਵੀ ਵੱਖ ਹੋ ਜਾਂਦੇ ਹਨ। ਕਰਮ ਸਿੰਘ ਦੀ ਮਾੜੀ ਆਰਥਿਕ ਮੰਦਹਾਲੀ ਕਾਰਨ ਉਸ ਦਾ ਰਿਸ਼ਤਾ ਆਪਣੀ ਪਤਨੀ ਨਾਲੋਂ ਵੀ ਟੁੱਟ ਜਾਂਦਾ ਹੈ। ਉਸ ਦੀ ਪਤਨੀ ਉਸ ਨੂੰ ਛੱਡ ਕੇ ਪੇਕੇ ਚਲੀ ਜਾਂਦੀ ਹੈ। ਮੁਖ ਪਾਤਰ ਨੂੰ ਏਨਾ ਬੇਗਾਨਾਪਣ ਉਸ ਪਰਾਈ ਧਰਤੀ 'ਤੇ ਪਰਦੇਸੀਆਂ ਵਿਚਕਾਰ ਰਹਿੰਦੀਆਂ ਵੀ ਨਹੀਂ

ਸੀ ਜਿਨ੍ਹਾਂ ਉਹ ਆਪਣੇ ਸਕੇ ਸੰਬੰਧੀਆਂ ਵਿਚ ਆਪਣੀ ਧਰਤੀ, ਆਪਣੇ ਹੀ ਲੋਕਾਂ ਵਿਚ ਝੱਲ ਰਿਹਾ ਸੀ। ਸਭ ਸੁਪਨੇ ਉਸ ਦੀਆਂ ਅੱਖਾਂ ਵਿਚੋਂ ਗਾਇਬ ਸਨ। ਸਾਰੇ ਰਿਸ਼ਤੇ ਗਲ਼ ਦਾ ਫਾਹਾ ਬਣੇ ਪਏ ਸਨ।

ਜਸਵਿੰਦਰ ਸਿੰਘ ਕਿਸਾਨੀ ਪੱਖ ਦੀ ਗੱਲ 'ਆਵਾਗੌਣ' ਕਹਾਣੀ ਵਿਚ ਵੀ ਕਰਦਾ ਹੈ। ਇਸ ਕਹਾਣੀ ਦਾ ਮੁਖ ਪਾਤਰ ਪਾਖਰ ਜੋ ਕਰਮ ਚੰਦ ਦਾ ਪੁੱਤਰ ਹੈ। ਕਰਮ ਚੰਦ ਨੇ ਬਹੁਤ ਮਿਹਨਤ ਕਰਕੇ ਆਪਣੇ ਪੁੱਤਰ ਨੂੰ ਪੜ੍ਹਾਉਂਦਾ ਅਤੇ ਨੌਕਰੀ 'ਤੇ ਲਗਾਉਂਦਾ ਹੈ। ਕਰਮ ਚੰਦ ਨਿਮਨ ਕਿਸਾਨੀ ਨਾਲ ਸੰਬੰਧ ਰੱਖਦਾ ਹੈ। ਪਾਖਰ ਸਿੰਘ ਇਕ ਸ਼ਾਦੀ-ਸ਼ੁਦਾ ਵਿਅਕਤੀ ਹੈ। ਤਿੰਨ ਬੱਚਿਆਂ ਦਾ ਬਾਪ ਹੋਣ ਦੇ ਬਾਵਜੂਦ ਉਹ ਬਾਹਰ ਬਚਨੋਂ ਨਾਲ ਸੰਬੰਧ ਬਣਾ ਲੈਂਦਾ ਹੈ ਤੇ ਪੈਸੇ ਘਰ ਦੇਣ ਦੀ ਬਜਾਏ ਉਹ ਬਚਨੋਂ ਉਪਰ ਖਰਚ ਕਰਦਾ ਹੈ। ਉਸ ਦੇ ਇਸ ਵਿਵਹਾਰ ਤੋਂ ਤੰਗ ਆ ਕੇ ਘਰ ਦੇ ਜੀਅ ਉਸ ਨੂੰ ਘਰੋਂ ਕੱਢ ਦਿੰਦੇ ਹਨ। ਕਿਸਾਨੀ ਪੱਖ ਨਾਲ ਸੰਬੰਧ ਰੱਖਦੇ ਕਰਮ ਚੰਦ ਦੀ ਆਰਥਿਕ ਹਾਲਤ ਬਹੁਤ ਮਾੜੀ ਹੋ ਜਾਂਦੀ ਹੈ। ਜਦ ਉਸ ਦਾ ਪੁੱਤਰ ਸਰਕਾਰੀ ਨੌਕਰੀ ਲੱਗ ਗਿਆ ਸੀ ਤਾਂ ਉਹ ਬਹੁਤ ਖੁਸ਼ ਸੀ ਕਿ ਹੁਣ ਸਾਡੇ ਚੰਗੇ ਦਿਨ ਆਉਣਗੇ ਪਰ ਅਜਿਹਾ ਕੁਝ ਨਹੀਂ ਹੁੰਦਾ ਤੇ ਉਹ ਆਪਣੇ ਪੁੱਤਰ ਦੇ ਕੀਤੇ ਕਾਰਨਾਮੇ ਬਾਰੇ ਕਹਿੰਦਾ ਹੈ,

> "ਜੂਠ ਕਿਸੇ ਥਾਂ ਦੀ...ਕੰਜਰ ਨੂੰ ਪੰਡ ਜਵਾਕਾਂ ਦੀ ਜੰਮ ਕੇ ਫਿਰ ਆਸ਼ਕੀ ਕੁਦੀ...ਹੂੰ ਆਸ਼ਕੀ...ਕੁੱਤੇ ਹੱਡੀ ਦਾ ਸੁਆਦ! ਪਤੰਦਰ ਬੰਦਾ ਬਣਿਆ ਰਹਿੰਦਾ ਤਾਂ ਅਸੀਂ ਵੀ ਜਿਉਂਦਿਆਂ ਵਿਚ ਹੁੰਦੇ... ਅਸਮਾਨ ਦੀ ਕਿਸੇ ਅਣਗੌਲੀ ਨੁੱਕਰੇ ਈ ਸਹੀ...ਪਰ ਤਾਰਿਆਂ ਵਾਂਗ ਡਲਕਦੇ....ਏਸ ਗਦੂਦ ਨੇ ਆਪਣੇ ਸਿਰ ਵੀ ਖੇਹ ਪੁਆਈ ਸਾਡੇ ਸਿਰ ਵੀ ਪਾਈ... ਮੇਰੀ ਜਮਾਂਦਰੀ ਦੀ ਪੈਨਸ਼ਨ ਤੇ ਇਹਦੀ ਤਨਖਾਹ ਰਲਦੀ ਤਾਂ ਕਿਧਰੇ ਚੰਗੇ ਥਾਂ ਚਾਰ ਖਣ ਛੱਤ ਲੈਂਦੇ... ਏਸ ਸੁਹਰੀ ਧੱਕਾ ਕਾਲੋਨੀ ਦਾ ਗੰਦ ਮਿਧਦਿਆਂ ਤਾਂ ਉਮਰ ਨਾ ਕੱਟਦੀ, ਚਾਰ ਦਿਨ ਸਾਡੇ ਵੀਂ ਬੰਦਿਆਂ ਦੀ ਜੂਨੇ...।"[22]

ਕਰਮ ਚੰਦ ਨੇ ਜੋ ਸੰਸਾਰ ਦੀ ਕਲਪਨਾ ਕੀਤੀ ਸੀ ਉਹ ਪੂਰੀ ਨਹੀਂ ਹੁੰਦੀ ਤੇ ਉਸ ਦਾ ਜੀਵਨ ਪਹਿਲੇ ਤੋਂ ਮਾੜਾ ਹੋ ਜਾਂਦਾ ਹੈ। ਇਸ ਤਰ੍ਹਾਂ ਪਾਖਰ ਦੀ ਮਾਂ ਨੇ ਸਾਰੀ ਉਮਰ ਆਰਥਿਕ ਮੰਦਹਾਲੀ ਵਿਚ ਗੁਜ਼ਾਰ ਦਿੱਤੀ ਹੈ ਤੇ ਗ਼ਰੀਬ ਕਿਸਾਨ ਦੀ ਪਤਨੀ ਹੋਣ ਕਾਰਨ ਉਹ ਸੁੱਖ ਦਾ ਜੀਵਨ ਬਤੀਤ ਨਹੀਂ ਕਰ ਸਕੀ। ਪਾਖਰ ਦੀ ਮਾਂ ਉਸ ਨੂੰ ਕੋਸਦਿਆਂ ਹੋਇਆਂ ਕਹਿੰਦੀ ਹੈ,

> " ਕਮਲਿਆ! ਤੂੰ ਨਾ ਆਪ ਚੱਜ ਨਾਲ ਜੀਵਿਆ ਤੇ ਨਾ ਈ ਸਾਨੂੰ ਬੰਦਿਆਂ ਵਾਂਗ ਜੀਣ ਜੋਗੇ ਛੱਡਿਆ। ਜੂਨ ਖਰਾਬ ਕਰ ਤੀ ਸਭ ਦੀ। ਪਤਾ ਨਈਂ ਕਿਹੜੇ ਜਨਮਾਂ ਦਾ ਬਦਲਾ ਤੂੰ ਲੈ ਰਿਹਾ ਸਾਥੋਂ ਤੇ ਕੁਦਰਤ ਤੈਥੋਂ। ਭੈੜਿਆ ਆਪਣੇ ਜੰਮਿਆਂ ਹੱਥੋਂ ਜ਼ਲੀਲ ਹੁੰਦਿਆਂ ਤੈਨੂੰ...।"[23]

ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਕਿਸਾਨ ਕਿੰਨੀਆਂ ਇੱਛਾਵਾਂ ਨਾਲ ਆਪਣਿਆਂ ਬੱਚਿਆਂ ਨੂੰ ਪੜ੍ਹਾਉਂਦਾ ਹੈ ਨੌਕਰੀ ਤੇ ਲਗਾਉਂਦਾ ਹੈ ਕਿ ਉਹ ਇਕ ਚੰਗਾ ਜੀਵਨ ਬਤੀਤ ਕਰ ਸਕੇ। ਪਰ ਮਾੜੀ ਕਿਸਮਤ ਉਸ ਦੀ ਔਲਾਦ ਇਹ ਸੁਖ ਨਹੀਂ ਲੈਣ ਦਿੰਦੀ। ਜਸਵਿੰਦਰ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਕਿਸਾਨੀ ਪੱਖ ਨੂੰ ਬਹੁਤ ਹੀ ਵਧਿਆ ਢੰਗ ਨਾਲ ਪੇਸ਼ ਕੀਤਾ ਹੈ। ਉਹ ਕਿਸਾਨ ਦੇ ਹਰ ਨਿੱਕੇ-ਨਿੱਕੇ ਪੱਖਾਂ ਨੂੰ ਜਾਣਦਾ ਹੈ ਇਸ ਕਰਕੇ ਉਸ ਨੇ ਆਪਣੀਆਂ ਕਹਾਣੀਆਂ ਵਿਚ ਕਿਸਾਨੀ ਪੱਖ ਨੂੰ ਵਿਸ਼ੇਸ ਕਰਕੇ ਚਿੱਤਰਿਆ ਹੈ।

## 4.5 ਪੰਜਾਬ ਸੰਕਟ ਦੀ ਪੇਸ਼ਕਾਰੀ:

ਜਸਵਿੰਦਰ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਜਿੱਥੇ ਕਿਸਾਨੀ ਪੱਖ, ਪਰਿਵਾਰਿਕ ਰਿਸ਼ਤਿਆਂ ਵਿਚ ਆਏ ਤਣਾਅ ਦੀ ਪੇਸ਼ਕਾਰੀ ਕੀਤੀ ਹੈ ਉਥੇ ਪੰਜਾਬ ਵਿਚ ਉਪਜੇ ਪੰਜਾਬ ਸੰਕਟ ਦੀ ਪੇਸ਼ਕਾਰੀ ਨੂੰ ਵੀ ਬਿਆਨ ਕੀਤਾ ਹੈ। ਕਹਾਣੀਆਂ ਵਿਚ ਅਸੀਂ ਦੇਖਦੇ ਹਾਂ ਕਿ ਖਾੜਕੂਵਾਦ ਲਹਿਰ ਦੇ ਕਾਰਨ ਜੋ ਪੰਜਾਬ ਵਿਚ ਮਾਤਮ, ਖੌਫ, ਖ਼ੂਨ, ਆਤੰਕ ਘੁਲਿਆ ਮਿਲਿਆਂ ਹੋਇਆਂ ਸੀ ਉਸ ਦੀ ਪੇਸ਼ਕਾਰੀ ਉਸ ਨੇ 'ਦੋਹਰਾ ਮਹਾਭਾਰਤ', 'ਖ਼ੂਹ ਖਾਤੇ' ਅਤੇ 'ਸਹਿਕਦਾ ਸੱਚ' ਕਹਾਣੀਆਂ ਵਿਚ ਬਿਆਨ ਕੀਤੀ ਗਿਆ ਹੈ। 'ਦੋਹਰੇ ਮਹਾਭਾਰਤ' ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਕਹਾਣੀ ਦਾ ਮੁਖ ਪਾਤਰ ਛਿੰਦੇ ਤੇ ਉਸ ਦੇ ਚਾਚੇ ਦੋਹਾ'ਤੇ ਖਾੜਕੂ ਲਹਿਰ ਦਾ ਪ੍ਰਭਾਵ ਪੈਦਾ ਹੈ। ਛਿੰਦੇ ਤੇ ਉਸ ਦੇ ਚਾਚੇ ਦੋਹਾਂ ਨੂੰ ਖਾੜਕੂਵਾਦੀਆਂ ਤੋਂ ਤੰਗ ਹੋ ਕੇ ਘਰ ਛੱਡਣਾ ਪੈਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਹਰ ਦਿਨ ਕੋਈ ਨਾ ਕੋਈ ਜੱਥਾਂ ਛਿੰਦੇ ਦੇ ਚਾਚਾ ਦੇ ਘਰ ਆ ਕੇ ਡੇਰਾ ਲਾ ਲੈਂਦਾ ਸੀ ਤੇ ਉਸ ਤੋਂ ਆਪਣੀ ਖ਼ੂਬ ਸੇਵਾ ਕਰਾਉਂਦਾ ਸੀ। ਜਦੋਂ ਛਿੰਦਾ ਆਪਣੇ ਚਾਚੇ ਕੋਲ ਘਰ ਪਹੁੰਚਦਾ ਹੈ, ਉਹਨਾਂ ਤੋਂ ਘਰ ਛੱਡਣ ਦਾ ਕਾਰਨ ਪੁੱਛਦਾ ਹੈ ਅਤੇ ਉਨ੍ਹਾਂ ਦੇ ਪਰਿਵਾਰ ਤੇ ਹੋਏ ਤਾਜ਼ੇ-ਤਾਜ਼ੇ ਹਮਲੇ ਬਾਰੇ ਪੁੱਛਦਾ ਹੈ। ਚਾਚੇ ਦੇ ਘਰ ਛੱਡ ਜਾਣ ਤੇ ਜੋਂ ਖਾੜਕੂ ਜੱਥੇ ਉਹਨਾਂ ਘਰ ਆਉਂਦੇ ਸਨ, ਉਹ ਗੁੱਸੇ ਵਿਚ ਆ ਜਾਂਦੇ ਹਨ ਤੇ ਇਕ ਦਿਨ ਉਨ੍ਹਾਂ ਦੇ ਬੰਗਲੇ ਨੂੰ ਸਾੜ ਦਿੰਦੇ ਹਨ ਤੇ ਚਾਵਾਂ ਨਾਲ ਬਣਾਏ ਇਸ ਘਰ ਨੂੰ ਮੁੱਠੀ ਭਰ ਸੁਆਹ ਬਣਾ ਦਿੰਦੇ ਹਨ। ਜਦੋਂ ਛਿੰਦੇ ਨੂੰ ਇਸ ਘਟਨਾਂ ਦਾ ਪਤਾ ਲੱਗਦਾ ਹੈ ਤਾਂ ਉਹ ਤੁਰੰਤ ਚਾਚੇ ਕੋਲ ਪਹੁੰਚਦਾ ਹੈ ਤੇ ਉਸ ਦਾ ਚਾਚਾ ਉਸ ਨੂੰ ਇਸ ਘਟਨਾਂ ਬਾਰੇ ਦੱਸਦਾ ਹੋਇਆ ਕਹਿੰਦਾ ਹੈ,

> " ਛਿੰਦੇ ਪੁੱਤ! ਦੋ ਦਿਨ ਦੋ ਰਾਤਾਂ ਅੰਦਰ ਤਾੜੇ ਰਹੇ ਆਂ...ਸੁੰਨਸਾਨ ਰਾਤਾਂ ਜਿਉਂ ਸ਼ਹਿਰ ਵਿਚ ਦਿਉ ਫਿਰ ਗਿਆ ਹੋਵੇ... ਅੰਦਰ ਬਿਸਤਰਿਆਂ, ਫਰਸ਼ਾਂ ਪੇਟੀਆਂ ਤੇ ਗਿਲੇ ਕਰਤੂਸਾਂ ਸਣੇ ... ਨਿੱਕੇ-ਨਿੱਕੇ ਨਿਆਣੇ ਤੇ ਵੱਡੇ ਵਡੇਰੇ ਗਲ ਘੋਟੂ ਹੁਸੜ ਤੇ ਬਰੂਦੀ ਬੋ 'ਚ ਘਿਰੇ। ਤਿੰਨ ਬੋਰੀਆਂ ਭਿੱਜੇ ਕਾਰਤੂਸ ਸੁੱਕਣੇ ਪਾ... ਮੁੜ ਸੋਧ ਸੁਧਾਈ ਕਰਨ ਲਈ। ਬੈਠਕ ਵਿਚ ਤਿੰਨ ਸਿੰਘ ਟਿਕੇ ਰਹੇ ਤੇ ਸਾਰਾ ਟੱਬਰ ਸੂਲੀ ਟੰਗਿਆਂ...।"[24]

ਖਾੜਕੂ ਚਾਚੇ ਦੇ ਪਰਿਵਾਰ ਨੂੰ ਆਏ ਦਿਨ ਇਸ ਤਰ੍ਹਾਂ ਹੀ ਤੰਗ ਕਰਦੇ ਰਹਿੰਦੇ ਹਨ। ਚਾਚਾ ਦੱਸਦਾ ਹੈ ਕਿ ਸੱਤ ਅੱਠ ਦਿਨ ਪਹਿਲਾਂ ਇਕ ਸਿੰਘ ਆਇਆ ਸੀ ਤੇ ਤਿੰਨ ਹਥਿਆਰ ਲਮਕਣ ਤੇ ਚੌਥਾ ਜੈਕਟ ਦੀ ਅੰਦਰਲੀ ਜੇਬੇ, ਮੈਨੂੰ ਲੱਗਾ ਕਿ ਹੁਣ ਇਸ ਘਰ ਦੀ ਖ਼ੈਰ ਨਹੀਂ। ਉਹ ਰਾਤ ਰਿਹਾ ਤੇ ਜਾਂਦੇ-ਜਾਂਦੇ ਇਹ ਕਹਿ ਗਿਆ ਕਿ ਵੱਡਾ ਕਮਰਾ ਸਾਫ਼ ਕਰ ਦੇਣਾ ਪਰਸੋ ਵੱਡੇ ਸਿੰਘ ਆਉਂਣਗੇ। ਉਹ ਇਸ ਡਰ ਤੋਂ ਡਰਦੇ ਮਾਰੇ ਘਰ ਛੱਡ ਪਿੰਡ ਵਿਚ ਇਕ ਛੋਟੇ ਜਿਹੇ ਘਰ ਆ ਜਾਂਦੇ ਹਨ। ਪਰ ਪਰਸੋ ਵਾਲੀ ਕਾਲੀ ਰਾਤ ਚਾਚੇ ਦੇ ਪਰਿਵਾਰ ਲਈ ਸਭ ਤੋਂ ਭਿਆਨਕ ਰਾਤ ਸੀ। ਜਦੋਂ ਖਾੜਕੂ ਘਰ ਨੂੰ ਖਾਲੀ ਦੇਂਖਦੇਹੈ, ਪਰਿਵਾਰ ਦਾ ਕੋਈ ਵੀ ਮੈਂਬਰ ਉਥੇ ਨਹੀਂ ਹੁੰਦਾ ਤਾਂ ਉਹ ਉਥੇ ਜੋ ਕਾਰਨਾਮਾ ਕਰਦੇ ਹਨ। ਚਾਚਾ ਇਸ ਤਰ੍ਹਾਂ ਦੱਸਦਾ ਹੈ,

> "ਛਿੰਦੇ ਪੁੱਤ ! ਬਾਹਰ ਮੈ ਦਲਿਦਰੀਆਂ ਦੇ ਬੁੜ੍ਹੇ ਨੂੰ ਅਲੂੰਏਂ ਮੂੰਡੇ ਸਮੇਤ...ਛਿੰਦੇ ਪੁੱਤ...ਆਪਣੇ ਮੱਚਦੇ ਘਰ ਨੂੰ ਆਪਣੀ ਅੱਖੀਂ ਖੜੌਤੇ ਤੱਕਦਾ...ਤੱਕਦਾ...ਬਾਲਟੀ ਪਾਣੀ ਵੀ ਨਾ ਪਾ ਸਕਿਆਂ... ਏਦੂੰ ਉਤੇ ਦੁਨੀਆਂ ਤੇ...ਫਿਰ ਚਾਚਾ ਭੜਕ ਉੱਠਿਆਂ ਅੱਖਾਂ ਸਾਹਵੇਂ ਸੜਦਾ ਘਰ ਤਕਣੋਂ ਪਹਿਲਾ ਅਸੀਂ ਮਰ ਕਿਉਂ ਨਾ ਗਏ...ਛਿੰਦਿਆਂ...।"[25]

ਇਸ ਕਹਾਣੀ ਵਿਚ ਭਾਵੇ ਖਾੜਕੂ ਲਹਿਰ ਦੇ ਬੰਦਿਆਂ ਨੇ ਕੋਈ ਜਾਨੀ ਨੁਕਸਾਨ ਨਹੀਂ ਕੀਤਾ ਪਰ ਉਨ੍ਹਾਂ 'ਤੇ ਜਾਨੀ ਨੁਕਸਾਨ ਦਾ ਡਰ ਹਮੇਸ਼ਾਂ ਬਣਿਆਂ ਰਹਿੰਦਾ ਹੈ।

ਜਸਵਿੰਦਰ ਸਿੰਘ ਨੇ ਪੰਜਾਬ ਸੰਕਟ ਦੀ ਪੇਸ਼ਕਾਰੀ 'ਖੂਹ ਖਾਤੇ' ਕਹਾਣੀ ਵਿਚ ਵੀ ਪੇਸ਼ ਕੀਤੀ ਹੈ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਬਚਣ ਸਿੰਘ ਦਾ ਪੁੱਤਰ ਲਾਡੀ ਜੋ ਲਾਪਤਾ ਹੋ ਜਾਂਦਾ ਹੈ। ਖਾੜਕੂ ਲਹਿਰ ਦੇ ਆਗੂ ਉਸ ਨੂੰ ਚੱਕ ਕੇ ਲੈ ਜਾਂਦੇ ਹਨ। ਉਸ ਦਾ ਕੁਝ ਪਤਾ ਨਹੀਂ ਚੱਲਦਾ। ਬਚਣ ਸਿੰਘ ਉਸ ਦੀ ਪੁਲਿਸ ਵਿਚ ਵੀ ਰਿਪੋਰਟ ਕਰਦਾ ਹੈ ਪਰ ਕੁਝ ਪਤਾ ਨਹੀਂ ਚੱਲਦਾ। ਉਹ ਮਦਦ ਲਈ ਆਪਣੇ ਭਾਣਜੇ ਭੁਪਿੰਦਰ ਸਿੰਘ ਗਰੇਵਾਲ ਦੇ ਘਰ ਜਾਂਦਾ ਹੈ ਜੋ ਸ਼ਹਿਰ ਵਿਚ ਅਫ਼ਸਰ ਹੈ। ਬਚਣ ਸਿੰਘ ਆਪਣੇ ਭਾਣਜੇ ਨੂੰ ਉਸ ਵਾਰਦਾਤ ਬਾਰੇ ਦੱਸਦਾ ਹੋਇਆਂ ਕਹਿੰਦਾ ਹੈ,

> "ਬੱਸ ਕੁਝ ਨਾ ਪੁੱਛ, ਸਾਰਾ ਟੱਬਰ ਰੁਲਿਐ ਪਿਆ ਹੈ.. ਧੱਕੇ ਨਾਲ ਤੇਰੇ ਵੱਨੀਂ ਭੇਜਿਆ ਤੇਰੀ ਮਾਮੀ ਨੇ...ਧੀਰ ਈ ਨੀ ਬੰਨ੍ਹਦੀ...ਬੱਸ ਚੱਤੋ ਪਹਿਰ ਰੋਈ ਜਾਂਦੀ ਐ ਜਿੱਦਣ ਦਾ ਲਾਡੀ ਘਰੋਂ ਗਿਆ...ਮਾਮਾ ਜਾਣੋ ਆਪ ਫਸ ਪਿਆ...ਜਿੰਦਣ ਦਾ ਭਿੰਦਰ ਸਿੰਆਂ ਉਹ ਲਾਡੀ ਨੂੰ ਲੈ ਗਏ ਪੰਨਾ...।"[26]

ਭੁਪਿੰਦਰ ਸਿੰਘ ਗਰੇਵਾਲ ਆਪਣੇ ਮਾਮੇ ਨੂੰ ਹੌਸਲਾ ਦਿੰਦਾ ਹੋਇਆ ਕਹਿੰਦਾ ਹੈ ਤੁਸੀਂ ਫਿਕਰ ਨਾ ਕਰੋ ਮੈਂ ਕੁਝ ਕਰਦਾ ਹਾਂ ਪਰ ਖਾੜਕੂ ਲਹਿਰ ਦਾ ਲੋਕਾਂ 'ਤੇ ਇੰਨਾਂ ਪ੍ਰਭਾਵ ਹੈ ਕਿ ਹਰ ਕੋਈ ਇਸ ਤਰ੍ਹਾਂ ਦੇ ਮਸਲੇ ਵਿਚ ਪੈਣ ਤੋਂ ਡਰਦਾ ਹੈ। ਜਦੋਂ ਭੁਪਿੰਦਰ ਸਿੰਘ ਗਰੇਵਾਲ ਆਪਣੇ ਦੋਸਤ ਨੂੰ ਇਸ ਮਸਲੇ 'ਤੇ ਗੱਲ ਕਰਦਾ ਹੈ ਤਾਂ ਉਹ ਉਸਨੂੰ ਇਸ ਮਸਲੇ ਤੋਂ ਦੂਰ ਰਹਿਣ ਲਈ ਕਹਿੰਦਾ ਹੈ,

> " ਦੇਖ ਯਾਰ! ਮੈਰਾ ਫਰਜ਼ ਬਣਦਾ ਹੈ... ਮੇਰੀ ਡਿਊਟੀ...ਤੈਨੂੰ ਦੱਸ ਤਾ...ਏਹ ਮਾਮਲਾ ਤੇਰੇ ਦਖਲ ਦੇਣ ਦਾ ਨਹੀਂ ...ਮਾਮਾ ਤੈਨੂੰ ਸੱਚ ਨਹੀਂ ਦਸ ਰਿਹਾ... ਸਾਰਾ ਕਿੱਸਾ... ਉਤੋ ਜ਼ਮਾਨਾ ਵੇਖ! ਮੰਨ ਲੈ ਸੋਧ ਤਾਂ ਅਗਲਿਆਂ... ਤੂੰ ਕਰੇਂ ਪਿੱਛਾ... ਅਗਲੇ ਬਖਸ਼ਣਗੇ! ਜੇ ਪੁਲਿਸ ਨੇ ਫੜਿਆ... ਤਾਂ ਆਪ ਸੋਚ ਲਵੀ ਐਵੇਂ ਫੜਲੂ ਕਿਤੇ ਪੁਲਿਸ... ਮੇਰੇ ਵੀਰ ! ਤਾੜੀਤਾਂ...ਐਵੇਂ ਪੁਲਿਸ ਦੀਆਂ ਨਜ਼ਰਾ ਵਿਚ ਤੂੰ ਸਰਕਾਰੀ ਬੰਦਾ ਏ... ਜੇ ਬਚਿਆ ਹੋਇਆ ਤਾਂ ਘਰ ਈ ਔਣੈ ਆਖਰ... ਜੋ ਹੋਣੈਂ ਹੋ ਚੁੱਕੈ ਹੈ! ਆਪਾਂ ਕਰ ਕੀ ਸਕਨੇ ਆਂ? ਨਥਿੰਗ ... ਬੀ ਐਟ ਪੀਸ...ਅੰਡਰ ਸਟੈਂਡ ਬੀ ਐਟ ਪੀਸ...।"[27]

ਕਹਾਣੀ ਵਿਚ ਅਸੀਂ ਇਹ ਦੇਖਦੇ ਹਾਂ ਕਿ ਖਾੜਕੂ ਲਹਿਰ ਦੀ ਇੰਨੀ ਜਿਆਦਾ ਦਹਿਸ਼ਤ ਸੀ ਕਿ ਇਸ ਤਰ੍ਹਾਂ ਦੇ ਮਾਮਲੇ ਵਿਚ ਕੋਈ ਵੀ ਕਿਸੇ ਦੀ ਮਦਦ ਨਹੀਂ ਕਰਦਾ ਕਿਉਂਕਿ ਹਰ ਇਕ ਨੂੰ ਆਪਣੀ ਮੌਤ ਦਾ ਡਰ ਹੁੰਦਾ ਹੈ। ਇਸ ਲਹਿਰ ਨੇ ਪੰਜਾਬ ਨੇ ਕਈ ਘਰ ਬਰਬਾਦ ਕਰ ਦਿੱਤੇ।

ਜਸਵਿੰਦਰ ਸਿੰਘ ਨੇ ਪੰਜਾਬ ਸੰਕਟ ਦੀ ਪੇਸ਼ਕਾਰੀ 'ਸਹਿਕਦਾ ਸੱਚ' ਕਹਾਣੀ ਵਿਚ ਵੀ ਪੇਸ਼ ਕੀਤੀ ਹੈ। ਇਸ ਕਹਾਣੀ ਦਾ ਮੁਖ ਪਾਤਰ ਮਿੰਦਰ ਸਿੰਘ ਹੈ ਜੋ ਕਿ ਇਕ ਕਾਮਰੇਡ ਬੰਦਾ ਹੈ ਤੇ ਉਹ ਹਰ ਵਕਤ ਸਮਾਜ ਦੇ ਹਿੱਤਾਂ ਦੀ ਗੱਲ ਕਰਦਾ ਰਹਿੰਦਾ ਹੈ। ਮਿੰਦਰ ਸਿੰਘ ਵਿਦਿਆਰਥੀ ਜੀਵਨ ਤੋਂ ਲੈ ਕੇ ਨੌਕਰੀ ਤੱਕ ਦੇ ਪੇਸ਼ੇ ਵਿਚ ਵੀ ਉਹ ਸਮਾਜ ਸੇਵਕ ਬਣਿਆ ਰਿਹਾ ਹੈ। ਉਹ ਸਮਾਜ ਵਿਚ ਚੱਲ ਰਹੀ ਖਾੜਕੂ ਲਹਿਰ ਵਿਚ ਉਨ੍ਹਾਂ ਲੋਕਾਂ ਦਾ ਵਿਰੋਧ ਕਰਦਾ ਹੈ, ਜੋ ਨਿੱਜੀ ਗੁੱਸੇ ਕੱਢਣ ਲਈ ਬੇਕਸੂਰ ਲੋਕਾਂ ਨੂੰ ਮਾਰ ਦਿੰਦੇ ਹਨ ਤੇ ਆਵਦੇ ਆਪ ਨੂੰ ਗੁਰੂ ਦੇ ਸਿੰਘ ਕਹਿੰਦੇ ਹਨ। ਇਸ ਤਰ੍ਹਾਂ ਉਸ ਦਾ ਦੋਸਤ ਉਸ ਨੂੰ ਕਹਿੰਦਾ ਹੈ ਕਿ,

" ਮਿੰਦਰ ਤੈਨੂੰ ਥੋੜਾਂ, ਹਿਸਾਬ ਨਾਲ ਲਿਫਲਿਫਾ ਕੇ ਚੱਲਣਾ ਚਾਹੀਦੈ...।"[28]

ਇਸ ਤਰ੍ਹਾਂ ਉਹ ਆਪਣੇ ਦੋਸਤ ਨੂੰ ਜਵਾਬ ਦਿੰਦਾ ਹੋਇਆ ਕਹਿੰਦਾ ਹੈ,

"ਮੈਂ ਝੱਖਰ ਹਾਂ, "ਭਾਈ ਵੀਰ ਸਿੰਘ ਨਹੀਂ...।"[29]

ਇਸ ਤਰ੍ਹਾਂ ਦੋਵੇ ਖਿੜ ਖਿੜ ਕੇ ਬੱਚਿਆਂ ਵਾਂਗ ਹੱਸੇ। ਪਰ ਇਹ ਹਾਸਾ ਮਿੰਦਰ ਦੀ ਜ਼ਿੰਦਗੀ ਵਿਚ ਕੁਝ ਦਿਨ ਹੀ ਰਿਹਾ ਤੇ ਇਕ ਦਿਨ ਸਵੇਰੇ ਸਾਝਰੇ ਹੀ ਅਖ਼ਬਾਰ ਵਿਚ ਖੌਫ਼ਨਾਕ ਖ਼ਬਰ ਪੜ੍ਹਦਿਆਂ ਮੋਹਨ ਦੇ ਤੌਰ ਗੁੰਮ ਗਏ। ਪਹਿਲੀ ਨਜ਼ਰੇ ਜਦ ਫੋਟੋ ਤੱਕੀ ਤਾਂ ਉਸ ਸੋਚਿਆ ਕਿ ਮਿੰਦਰ ਨੂੰ ਪਾਰਟੀ ਵੱਲੋਂ ਕੋਈ ਵੱਡਾ ਅਹੁਦਾ ਮਿਲਿਆ ਹੋਵੇਗਾ। ਮਨ ਵਿਚ ਮਿੰਦਰ ਦੇ ਰਸ਼ਕ ਆਇਆ ਖ਼ਬਰ ਢੂੰਡਦੀਆਂ ਉਸ ਦੀਆਂ ਨਜ਼ਰਾਂ ਪਾਟਦੀਆਂ ਗਈਆਂ ਜਦੋਂ ਸੁਰਖੀ ਪੜ੍ਹੀ,

"ਕਾਮਰੇਡ ਮਹਿੰਦਰ ਸਿੰਘ ਦਾ ਘਰੇ ਭੇਦਭਰੀ ਹਾਲਤ ਵਿਚ ਕਤਲ"।[30]

ਇਸ ਕਹਾਣੀ ਵਿਚ ਬੇਕਸੂਰ ਮਹਿੰਦਰ ਦਾ ਕਤਲ ਕਰ ਦਿੱਤਾ ਜਾਂਦਾ ਹੈ। ਉਹ ਹੀ ਆਪਣੇ ਪਰਿਵਾਰ ਦਾ ਇਕੋ ਇਕ ਸਹਾਰਾ ਸੀ, ਜਿਸ ਕਰਕੇ ਉਸ ਦੇ ਪਿੱਛੇ ਉਸ ਦਾ ਸਾਰਾ ਪਰਿਵਾਰ ਰੁਲ ਜਾਂਦਾ ਹੈ। ਜਸਵਿੰਦਰ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਪੰਜਾਬ ਸੰਕਟ ਨੂੰ ਬਹੁਤ ਹੀ ਵਧਿਆਂ ਤਰੀਕੇ ਨਾਲ ਪੇਸ਼ ਕੀਤਾ ਹੈ। ਜਸਵਿੰਦਰ ਆਪ ਇਸ ਸਮੇਂ ਵਿਚੋਂ ਗੁਜ਼ਰਿਆ ਹੋਇਆ ਹੈ ਜਿਸ ਕਰਕੇ ਉਨ੍ਹਾਂ ਨੂੰ ਵਧੇਰੇ ਅਨੁਭਵ ਹੋਣ ਕਰਕੇ ਉਨ੍ਹਾਂ ਨੇ ਆਪਣੀਆਂ ਕਹਾਣੀਆਂ ਵਿਚ ਅਜਿਹੇ ਵਿਸ਼ਿਆਂ ਨੂੰ ਪੇਸ਼ ਕੀਤਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਸਵਿੰਦਰ ਸਿੰਘ ਦੀਆਂ ਕਹਾਣੀਆਂ ਵਿਸ਼ੇ ਦੇ ਪੱਖ ਤੋਂ ਬਹੁਤ ਮਹੱਤਤਾਂ ਰੱਖ ਦੀਆਂ ਹਨ। ਉਸ ਨੇ ਸਾਰੀਆਂ ਕਹਾਣੀਆਂ ਦੇ ਵਿਸ਼ੇ ਸਾਡੇ ਪੰਜਾਬੀ ਪੇਂਡੂ ਜੰਨ ਜੀਵਨ ਵਿਚੋਂ ਲਏ ਹਨ। ਇਸ ਪੁਸਤਕ ਬਾਰੇ ਇਕ ਗੱਲ ਸਪੱਸ਼ਟ ਕਹੀ ਜਾ ਸਕਦੀ ਹੈ ਕਿ ਇਹ ਕਹਾਣੀ ਸੰਗ੍ਰਹਿ ਇਕ ਪੜ੍ਹਨ ਯੋਗ ਰਚਨਾ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਤਾਂ ਇਸ ਦੇ ਨਾਲ ਹੀ ਇਹ ਸੁਵਾਲ ਪਿਆ ਹੁੰਦਾ ਹੈ ਕਿ ਹਰ ਰਚਨਾ ਹੀ ਪੜ੍ਹਨਯੋਗ ਹੁੰਦੀ ਹੈ? ਇਸ ਦਾ ਜੁਵਾਬ ਲਾਜ਼ਮੀ ਹੀ ਨਹੀਂ ਹੈ। ਇਸ ਲਈ ਜਿਹੜੀ ਰਚਨਾ ਪੜ੍ਹਨਯੋਗ ਹੋਵੇ, ਉਸ ਬਾਰੇ ਵਿਚਾਰ ਅਤੇ ਚਰਚਾ ਜ਼ਰੂਰ ਹੋਈ ਚਾਹੀਦੀ ਹੈ। ਇਸ ਪੁਸਤਕ ਵਿਚ ਵੀ ਅਸੀਂ ਇਹੀ ਕਰਨ ਦਾ ਯਤਨ ਕੀਤਾ ਹੈ। 'ਖੂਹ ਖਾਤੇ' ਕਹਾਣੀ ਸੰਗ੍ਰਹਿ ਵਿਚੋਂ ਸ਼ਹਿਰੀ ਪੱਖ, ਦੂਜੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ, ਪਰਿਵਾਰਿਕ ਰਿਸ਼ਤਿਆਂ 'ਚੋਂ ਤਣਾਅ ਦੀ ਪੇਸ਼ਕਾਰੀ, ਕਿਸਾਨੀ ਪੱਖ, ਪੰਜਾਬ ਸੰਕਟ ਦੀ ਪੇਸ਼ਕਾਰੀ ਆਦਿ ਅਜਿਹੇ ਵਿਸ਼ੇ ਚੁਣੇ ਗਏ ਹਨ ਜੋ ਅਲੱਗ-ਅਲੱਗ ਕਹਾਣੀਆਂ ਵਿਚ ਪੇਸ਼ ਹਨ।

## ਹਵਾਲੇ ਤੇ ਟਿੱਪਣੀਆਂ:-

1. ਜਸਵਿੰਦਰ ਸਿੰਘ, ਪਰਦੇਸੀ, ਖੂਹ ਖਾਤੇ, ਪੰਨਾ 23-24
2. ਜਸਵਿੰਦਰ ਸਿੰਘ, ਖੂਹ ਖਾਤੇ, ਪੰਨਾ 17
3. ਉਹੀ, ਪੰਨਾ 17
4. ਉਹੀ, ਪੰਨਾ 17
5. ਉਹੀ, ਪੰਨਾ 21
6. ਉਹੀ, ਪੰਨਾ 26
7. ਜਸਵਿੰਦਰ ਸਿੰਘ, ਖਾਰੇ ਪੱਤਣ, ਖੂਹ ਖਾਤੇ, ਪੰਨਾ 103
8. ਉਹੀ, ਪੰਨਾ 103
9. ਉਹੀ, ਪੰਨਾ 108
10. ਉਹੀ, ਪੰਨਾ 109
11. ਉਹੀ, ਪੰਨਾ 109
12. ਉਹੀ, ਪੰਨਾ 110
13. ਉਹੀ, ਪੰਨਾ 109
14. ਜਸਵਿੰਦਰ ਸਿੰਘ, ਪਰਦੇਸੀ, ਖੂਹ ਖਾਤੇ, ਪੰਨਾ 31
15. ਉਹੀ, ਪੰਨਾ 33
16. ਉਹੀ, ਪੰਨਾ 43
17. ਉਹੀ, ਪੰਨਾ 49
18. ਜਸਵਿੰਦਰ ਸਿੰਘ, ਮਰੇ ਮਾਤਮ, ਖੂਹ ਖਾਤੇ, ਪੰਨਾ 86-87
19. ਉਹੀ, ਪੰਨਾ 87

20. ਉਹੀ, ਪੰਨਾ 89

21. ਉਹੀ, ਪੰਨਾ 89

22. ਜਸਵਿੰਦਰ ਸਿੰਘ, ਆਵਾਗੌਣ, ਖੂਹ ਖਾਤੇ, ਪੰਨਾ 42

23. ਉਹੀ, ਪੰਨਾ 47

24. ਜਸਵਿੰਦਰ ਸਿੰਘ, ਦੋਹਰੇ ਮਹਾਭਾਰਤ, ਖੂਹ ਖਾਤੇ, ਪੰਨਾ 79

25. ਉਹੀ, ਪੰਨਾ 83

26. ਜਸਵਿੰਦਰ ਸਿੰਘ, ਖੂਹ ਖਾਤੇ, ਪੰਨਾ 17

27. ਉਹੀ, ਪੰਨਾ 21

28. ਜਸਵਿੰਦਰ ਸਿੰਘ, ਸਹਿਕਦਾ ਸੱਚ, ਖੂਹ ਖਾਤੇ, ਪੰਨਾ 57

29. ਉਹੀ, ਪੰਨਾ 57

30. ਉਹੀ, ਪੰਨਾ 57

# ਅਧਿਆਇ ਪੰਜਵਾਂ

# ਜਸਵਿੰਦਰ ਸਿੰਘ ਦੇ ਗਲਪ ਦਾ ਕਲਾਤਮਕ ਪੱਖ

5.1 ਪਾਤਰ ਚਿਤਰਨ

5.2 ਥੀਮ ਅਤੇ ਸੰਚਾਰ ਦੇ ਹਵਾਲੇ ਪੱਖੋਂ ਪੇਸ਼ਕਾਰੀ

5.3 ਭਾਸ਼ਾ ਚੇਤਨਾ

5.4 ਦੋਹਰੇ ਪਲਾਟ ਦੀ ਪੇਸ਼ਕਾਰੀ

5.6 ਪਿਛਲ-ਝਾਤ (ਫਲੈਸ਼ਬੈਕ) ਵਿਧੀ

5.7 ਸਾਹਿਤਕਤਾ

ਜਸਵਿੰਦਰ ਸਿੰਘ ਦੀਆਂ ਗਲਪ ਰਚਨਾਵਾਂ ਜਿਥੇ ਵਿਸ਼ੇ ਦੇ ਪੱਖ ਤੋਂ ਮਹੱਤਤਾ ਰੱਖਦੀਆਂ ਹਨ, ਉਥੇ ਰੂਪਕ ਅਤੇ ਕਲਾਤਮਕ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਹਨ। ਇਸ ਅਧਿਆਇ ਵਿਚ ਚੁਣੇ ਜਸਵਿੰਦਰ ਸਿੰਘ ਦੇ ਨਾਵਲ "ਮਾਤ ਲੋਕ" ਅਤੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਦੇ ਸੰਦਰਭ ਵਿਚ ਉਹਨਾਂ ਦੇ ਕਲਾਤਮਕ ਪੱਖ ਨੂੰ ਪੇਸ਼ ਕੀਤਾ ਗਿਆ। ਮਾਤ ਲੋਕ ਨਾਵਲ ਦੇ ਕਲਾਤਮਕ ਪੱਖ ਵਿਚ ਉਹਨਾਂ ਮਾਪਦੰਡਾਂ ਨਾਲ ਪਰਖਣ ਅਤੇ ਪੜਚੋਲਣ ਨਾਲ ਜੁੜੇ, ਜਿਹੜੇ ਪਹਿਲਾਂ ਇਸ ਰਚਨਾ ਨੂੰ ਨਾਵਲ ਦੀ ਉੱਚ ਕੋਟੀ ਦੇ ਅੰਤਰਗਤ ਰੱਖਣ/ਵਿਚਾਰਨ ਦਾ ਤਰਕ ਸਿਰਜਦੇ ਹਨ ਅਤੇ ਫਿਰ ਇਸ ਰਚਨਾ ਦੇ ਰਚਨਾਤਮਕ ਦੀ ਕਲਾਤਮਕ ਸੁਹਜ ਦੀਆਂ ਪਰਤਾਂ ਅਤੇ ਪੱਧਰਾਂ ਨੂੰ ਫਰੋਲਣ/ਉਦਘਾਟਿਤ ਕਰਨ ਵਿੱਚ ਸਹਾਇਕ ਰੋਲ ਅਦਾ ਕਰਦੇ ਹਨ। ਇੱਕ ਪਾਸੇ ਨਾਵਲ ਦੀ ਆਧੁਨਿਕ ਯੁਗ ਦੀ ਬੌਧਿਕ ਅਤੇ ਕਲਾਤਮਕ ਪਰੰਪਰਾ ਵਿੱਚ ਮਹੱਤਵਪੂਰਨ ਥਾਂ ਹੈ ਅਤੇ ਦੂਜੇ ਪਾਸੇ ਨਾਵਲ ਦੀ ਸਿਰਜਣਾਤਮਕ ਲਈ ਨਵੇਂ ਪ੍ਰਤਿਮਾਨ, ਨਵੇਂ ਮਾਪਦੰਡ ਵੀ ਸਥਾਪਤ ਹੋਏ ਹਨ। ਨਾਵਲ ਇੱਕ ਬਿਰਤਾਂਤਕ ਕਲਾ ਹੈ, ਇਸ ਕਰਕੇ ਇਸ ਬਾਰੇ ਗੱਲ ਕਰਦਿਆਂ ਕਥਾ, ਕਥਾਨਕ, ਸਮਾਂ ਅਤੇ ਸੰਚਾਰ ਨਾਲ ਜੁੜੇ ਕਦੀਮੀ ਕਲਾਤਮਕ ਪ੍ਰਤਿਮਾਨਾਂ ਦਾ ਹਾਜ਼ਰ ਰਹਿਣਾ ਅਤੇ ਸਮਕਾਲੀ ਉਚਤਮ ਮਿਆਰਾਂ ਦਾ ਸੁਮੇਲ ਹੋਣਾ ਸੁਭਾਵਿਕ ਵੀ ਹੈ ਅਤੇ ਜ਼ਰੂਰੀ ਵੀ। ਮਾਤ ਲੋਕ ਦੀ ਪੜ੍ਹਤ ਅਤੇ ਪਰਖ ਇਸੇ ਨਿਰਪੇਖ ਵਿਚ ਕਰਨੀ ਬਣਦੀ ਹੈ।

ਮਾਤ ਲੋਕ ਦੀ ਸਰਸਰੀ ਪੜ੍ਹਤ ਦੱਸਦੀ ਹੈ ਕਿ ਨਾਵਲ"ਮਾਤ ਲੋਕ" ਦੀ ਮੁਖ ਕਥਾ ਬਲਦੇਵ ਅਤੇ ਮਨਰਾਜ ਦੁਆਲੇ ਕੇਂਦਰਿਤ ਹੈ ਅਤੇ ਉਪ-ਕਥਾ ਜੱਗੇ ਅਤੇ ਬੱਲੀ ਨਾਲ ਸੰਬੰਧਿਤ ਹੈ। ਗੌਣ ਕਥਾਵਾਂ ਵਿਚ ਇੱਕ ਪਾਸੇ ਪ੍ਰੀਤਮ ਪ੍ਰੇਮੀ, ਰਿਸ਼ੀਦੇਵ, ਮੇਨਕਾ ਅਤੇ ਹੋਰ ਕਲਾਕਾਰਾਂ ਸਾਹਿਤਕਾਰਾਂ ਦੀ ਦੁਨੀਆ 'ਤੇ ਇੱਕ ਝਲਕ ਪੇਸ਼ ਹੈ ਅਤੇ ਦੂਜੇ ਪਾਸੇ

ਕਰਮ ਸਿੰਘ ਅਤੇ ਉਸਦੇ ਪਰਿਵਾਰ ਰਾਹੀਂ ਖੁਰ ਰਹੀ ਪੰਜਾਬੀ ਕਿਸਾਨੀ ਦੇ ਬਦਲਾਅ ਦਾ ਇੱਕ ਨਿਕਟ ਇਤਿਹਾਸ ਹੈ। ਬੱਲੀ ਮਨਰਾਜ ਦੀ ਭੈਣ ਹੈ ਅਤੇ ਕਰਮ ਸਿੰਘ ਜੱਗੇ ਦਾ ਤਾਇਆ ਹੈ। ਕਲਾਕਾਰ ਅਤੇ ਸਾਹਿਤਕਾਰ ਬਲਦੇਵ ਦੇ ਮਿੱਤਰ ਦੋਸਤ ਹਨ। ਇਹ ਅੰਗਲੀਆਂ-ਸੰਗਲੀਆਂ ਸਾਰੇ ਪਾਤਰਾਂ ਦੇ ਮਿਲਣ-ਗਿਲਣ ਦੇ ਪਰਿਵਾਰਕ ਸਮਾਜਿਕ ਸਬੱਬ ਬਣਾਈ ਰੱਖਦੀਆਂ ਹਨ। ਮਾਤ ਲੋਕ ਦੇ ਗਲਪੀ ਸੰਸਾਰ ਵਿੱਚ ਇਹ ਕਥਾਵਾਂ ਜੁੜੀਆਂ ਵੀ ਹੋਈਆਂ ਹਨ ਅਤੇ ਸੁਤੰਤਰ ਵੀ ਹਨ। ਕਹਾਣੀ ਕਹਿਣ ਦੀ ਇਹ ਇੱਕ ਉਤਮ ਤਕਨੀਕ ਹੈ ਕਿਉਂਕਿ ਇਸ ਤਰ੍ਹਾਂ ਕਥਾ ਦੀਆਂ ਤਿੰਨ ਚਾਰ ਤੰਦਾਂ ਨੂੰ ਨਾਲੋ-ਨਾਲ ਰੱਖਣ-ਤੋਰਨ ਅਤੇ ਕਲਾਤਮਕ ਬੁਣਤੀ ਵਿੱਚ ਜੋੜਨਾ ਸੌਖਾ ਹੁੰਦਾ ਹੈ। ਅਜਿਹਾ ਕਰਨ ਨਾਲ ਥੀਮਕ ਗਹਿਰਾਈ ਤੇ ਵਿਸ਼ਾਲਤਾ ਉਗਮਦੀ ਹੈ।

## 5.1 ਪਾਤਰ ਚਿਤਰਨ

ਦਰਅਸਲ ਨਾਵਲ ਮਨ ਦੀ ਬੁਝਾਰਤ ਹੈ ਅਤੇ ਇਹ ਬੁਝਾਰਤ ਪਾਤਰਾਂ ਰਾਹੀਂ ਪਾਈ ਜਾਂਦੀ ਹੈ। ਪਾਤਰ ਫੜੇ ਨਹੀਂ, ਘੜੇ ਜਾਂਦੇ ਹਨ। ਨਾਵਲ ਵਿੱਚ ਪਾਤਰ ਨਾਵਲਕਾਰ ਵੱਲੋਂ ਸੌਂਪੇ ਕੰਮ ਕਰਦੇ ਹਨ। 'ਮਾਤ ਲੋਕ' ਨਾਵਲ ਵਿਚਲੇ ਪਾਤਰਾਂ ਦਾ ਚਿਹਰਾ-ਮੁਹਰਾ, ਆਚਾਰ-ਵਿਹਾਰ, ਯਾਦਾਂ, ਸਿਮਰਤੀਆਂ, ਪੇਸ਼ਾ, ਸ਼ੌਂਕ ਦੱਸਦਾ ਹੈ ਕਿ ਨਾਵਲਕਾਰ ਹਰ ਪਾਤਰ ਨੂੰ ਵੱਖਰੇ ਮੰਤਵ ਅਤੇ ਵੱਖਰੀ ਸ਼ਿੱਦਤ ਨਾਲ ਘੜ ਰਿਹਾ ਹੈ। ਮਾਤ ਲੋਕ ਵਿਚ ਛੇ ਔਰਤਾਂ (ਹਰ ਕੌਰ, ਕ੍ਰਿਸ਼ਨਾ ਦੇਵੀ, ਮਾਂ ਜੀ, ਪ੍ਰਕਾਸ਼ ਕੌਰ, ਮਨਰਾਜ, ਬੱਲੀ) ਮਾਂ ਦਾ ਰੋਲ ਨਿਭਾਅ ਰਹੀਆਂ ਹਨ ਅਤੇ ਇਹਨਾਂ ਸਾਰੀਆਂ ਔਰਤ ਪਾਤਰਾਂ ਦੇ ਮਮਤਾਈ ਵਿਹਾਰ ਵਿਚ ਭਿੰਨਤਾ ਹਾਜ਼ਰ ਹੈ। ਜੇ ਜੱਗੇ ਨਾਲ ਖੇਤਾਂ ਵਿਚ ਤਿੰਨ ਮਜ਼ਦੂਰ (ਜਾਗਰ, ਸੇਮਾ, ਉਤਮ) ਗੁਡਾਈ ਕਰ ਰਹੇ ਹਨ ਤਾਂ ਤਿੰਨਾਂ ਦਾ ਜ਼ਿੰਦਗੀ ਪ੍ਰਤਿ ਅੱਡ ਅੱਡ ਰਵੱਈਆ ਉਸ ਵਰਗ ਦੀ ਚੇਤਨਾ/ਸੋਝੀ ਦੀਆਂ ਪਰਤਾਂ ਦਾ ਲਖਾਇਕ ਬਣ ਰਿਹਾ ਹੈ।

ਕਹਿਣ ਦਾ ਭਾਵ ਇਹ ਹੈ ਕਿ ਇਸ ਨਾਵਲ ਦਾ ਹਰ ਪਾਤਰ ਮਨੁੱਖੀ ਸੁਭਾਓ ਦੀ ਕਿਸੇ ਅੱਡਰੀ ਸੰਭਾਵਨਾ ਦੀ ਝਲਕ ਦੇ ਰਿਹਾ ਹੈ। ਬਲਦੇਵ, ਮਨਰਾਜ, ਹੇਮਾ, ਜੱਗੇ ਵਰਗੇ ਮੁੱਖ ਪਾਤਰਾਂ ਨੂੰ ਘੜਨ ਅਤੇ ਉਹਨਾਂ ਦਾ ਮਨੁੱਖੀ ਚਰਿੱਤਰ ਘੜਨ ਲਈ ਨਾਵਲਕਾਰ ਨੇ ਵਿਸ਼ੇਸ਼ ਮਿਹਨਤ ਕੀਤੀ ਹੈ ਜਿਸ ਨੂੰ ਨਾਵਲ 'ਮਾਤ ਲੋਕ' ਦੇ ਝਰੋਖੇ ਵਿਚੋਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਜੋ ਇਸ ਪ੍ਰਕਾਰ ਹੈ।

**ਬਲਦੇਵ**

ਬਲਦੇਵ ਇਸ ਨਾਵਲ ਦੇ ਤਿੰਨ ਚੌਥਾਈ ਤੋਂ ਵੀ ਵੱਧ ਹਿੱਸੇ ਵਿੱਚ ਹਾਜ਼ਰ ਰਹਿੰਦਾ ਹੈ। ਨਾਵਲ ਦਾ ਸੂਤਰਧਾਰ ਆਪਣੇ ਬੋਲਾਂ ਵਿੱਚ ਉਸਦੀ ਪਛਾਣ ਇੰਜ ਕਰਾਉਂਦਾ ਹੈ:

> "ਢੁਕਵਾਂ ਟੋਟਾ ਲਾਉਣਾ, ਜੁਮਲਾ ਕੱਸਣਾ, ਮੌਕੇ ਮੁਤਾਬਕ ਚੁੱਟਕਲਾ ਸੁਣਾ ਸਭ ਦਾ ਦਿਲ ਜਿੱਤ ਲੈਣਾ, ਬਲਦੇਵ ਦੀ ਨਿਆਰੀ ਮੁਹਾਰਤ ਸੀ।"

ਬਲਦੇਵ ਮੋਹ ਖੋਰਾ ਹੈ। ਉਸਦਾ ਸੁਭਾਅ ਮਜ਼ਾਕੀਆ ਹੈ, ਉਹ ਦੂਜੇ ਦੇ ਕੰਮ ਆਉਣ ਵਾਲਾ ਵਿਅਕਤੀ ਹੈ। ਉਹ ਜ਼ਿੰਦਗੀ ਨੂੰ ਭਰਪੂਰ ਰੂਪ ਵਿੱਚ ਮਾਨਣ ਦਾ ਅਭਿਲਾਸ਼ੀ ਹੈ ਅਤੇ ਉਸਦੀ ਇਹ ਪੱਕੀ ਰਾਏ ਹੈ ਕਿ ਕਲਾ ਬੰਦੇ ਨੂੰ 'ਜੀਉਣ ਦਾ ਵੱਲ' ਸਿਖਾਉਂਦੀ ਹੈ ਅਤੇ ਮੁਹੱਬਤੀ ਪਰਵਾਜ਼ ਭਰਨ ਵਾਲਾਸਾਰੇ ਜਹਾਨ ਵਿੱਚੋਂ ਖੁਸ਼ਕਿਸਮਤ ਤੇ ਮਹਾਨ ਹੁੰਦਾ ਹੈ। ਕਲਾਕਾਰੀ ਅਤੇ ਪਿਆਰ ਪਰਵਾਜ਼ ਉਸਦੇ ਚਰਿੱਤਰ ਨੂੰ ਨਿਰਮਿਤ ਕਰਨ ਵਾਲੇ ਮੁਖ ਮੌਟਿਫ ਹਨ। ਦੁਨੀਆਂਦਾਰੀ ਤੋਂ ਉਸਨੂੰ ਸਖਤ ਨਫ਼ਰਤ ਹੈ। ਦੁਨੀਆਂਦਾਰ ਉਸਨੂੰ 'ਠਿਗਣੇ-ਠਿਗਣੇ', 'ਰੀਂਗਦੇ ਫਿਰਦੇ', 'ਗੰਡੋਇਆਂ ਜਿਹੇ ਲਗਦੇ ਹਨ। ਉਹ ਇਸ ਸੰਬੰਧੀ ਕਹਿੰਦਾ ਹੈ,

> "ਬੰਦੇ ਦੀ ਜੂਨ ਦੁਰਲੱਭ ਆ ਭਾਈ। ਇਹ ਕੋਈ ਲਾਲੇ ਦੀ ਹੱਟੀ ਨਹੀਂ। ਚੀਜ਼ਾਂ ਪੈਸਿਆਂ 'ਚ ਏਹਦੇ ਘਾਟੇ ਵਾਧੇ ਨੀ ਮਿਣੇ ਜਾ ਸਕਦੇ। ਜੇ ਬੰਦੇ ਦੇ ਜੀਵਨ 'ਚ ਕੋਈ ਚਾਅ ਈ ਨਈਂ, ਕੋਈ ਖੇੜਾ ਖੁਸ਼ੀ ਨਈਂ, ...... ਕੋਈ ਪਰਵਾਜ਼ ਨਹੀਂ, ਕੋਈ ਉਤੇਜਨਾ......ਕੋਈ ਉਤਸ਼ਾਹ ਨਈਂ...... ਸਾਰਾ ਦਿਨ ਨੀਰਸ ਭੱਜ ਨਠ, ਕੰਮ ਈ ਕੰਮ, ਭੱਠ 'ਚ ਪਵੇ ਐਹੋ ਜੀ ਲਾਈਫ਼।"[1]

ਉਸਦੀ ਧਾਰਨਾ ਹੈ ਕਿ ਕਲਾਕਾਰ ਮਹਾਨ, ਪਿਆਰੇ ਅਤੇ ਫ਼ਕੀਰ ਲੋਕ ਹੁੰਦੇ ਹਨ। ਰਿਸ਼ੀਦੇਵ, ਮੇਨਕਾ ਜਾਂ ਹੋਰ ਕਲਾਕਾਰਾਂ/ਸਾਹਿਤਕਾਰਾਂ ਦੀ ਸੰਗਤ ਵਿਚ ਉਹ ਵੱਡਾ-ਵੱਡਾ ਤੇ ਸੌਖਾ ਮਹਿਸੂਸ ਕਰਦਾ ਹੈ। ਉਹ ਕਹਿੰਦਾ ਹੈ:

> "ਓਹ ਪਲ ਸਾਡੇ ਖ਼ੂਨ 'ਚ ਜਗਦੇ ਰਹਿੰਦੇ ਨੇ, ਜੋ ਅਸੀਂ ਰੂਹ ਨਾਲ, ਭਿੱਜ ਕੇਜੀਵੇ ਹੋਣ। ਜੋ ਪਲ ਅਸੀਂ ਮਨ ਚਿੱਤ ਸਰੀਰ ਨਾਲ ਪੂਰੇ ਦੇ ਪੂਰੇ ਸੁਰ ਵਿੱਚ ਜਿਉਂਦੇ ਆਂ, ਉਹੀ ਸਾਡਾ ਹਾਸਲ ਹੁੰਦੇ ਨੇ। ਥੋੜ੍ਹੇ ਹੁੰਦੇ ਨੇ। ਹੋਰ ਤਾਂ ਦੁਨੀਆਂਦਾਰੀ ਆ। ਬਕਵਾਸ ਆ। ਏਹਨਾਂ ਬੰਦਿਆਂ ਨੇ ਕਲਾਕਾਰਾਂ/ ਸਾਹਿਤਕਾਰਾਂ ਜ਼ਿੰਦਗੀ ਜੀਵੀ ਆ। ਖ਼ੂਨ ਸਾੜ ਕੇ ਪਲ ਪਲ ਜੀ ਕੇ ......ਗਹਿਰਾਈ ਤੋਂ ਪਕੜੀ ਆ ......ਕਲਾ ਦੀ ਸੁੱਚੀ ਸੁੱਚੀ ਬੇਕਿਰਕ ਦੁਨੀਆਂ।"[2]

ਬਲਦੇਵ ਦੇ ਬੋਲਾਂ ਵਿਚ ਪਿਆਰ, ਪਿਆਰ ਵਿਆਹ, ਸੈਕਸ, ਕਲਾ, ਦੁਨੀਆਂਦਾਰੀ ਸੰਬੰਧੀ ਅਜਿਹੇ ਅਣਗਿਣਤ ਵਾਕ ਵੇਖੇ ਜਾ ਸਕਦੇ ਹਨ। ਬਲਦੇਵ ਦੇ ਚਰਿੱਤਰ ਦੀ ਨਿਰਮਾਣਕਾਰੀ ਵੇਲੇ ਨਾਵਲਕਾਰ ਨੇ ਉਸਦੀ ਕਲਾ ਦੀ ਦੁਨੀਆਂ ਨਾਲ ਪ੍ਰਤਿਬਧਤਾ ਕਾਇਮ ਰੱਖੀ ਹੈ। ਆਪਣੀ ਹੀ ਸਿਰਜੀ ਦੁਨੀਆਂ ਤੋਂ ਬੇਜ਼ਾਰ ਹੋ ਕੇ ਉਹ ਕਲਾ ਵਿੱਚ ਹੀ ਪਨਾਹ ਲੈਂਦਾ ਹੈ। ਆਪਣੀਆਂ ਮਰਜ਼ੀਆਂ, ਚਾਹਤਾਂ, ਕਾਮਨਾਵਾਂ, ਵੇਗਾਂ, ਗੜਬੜਾਂ, ਮੂਰਖਤਾਵਾਂ ਨੂੰ ਕਲਾਕਾਰ ਦੀ ਦ੍ਰਿਸ਼ਟੀ ਨਾਲ ਪ੍ਰਤੱਖਤਾ ਉਹ ਜੀਵਨ ਨੂੰ ਨਾਟਕ ਵਿੱਚ ਢਾਲ ਦਰਸ਼ਕਾਂ ਸਾਹਮਣੇ ਸਟੇਜ ਤੇ ਆ ਖੜ੍ਹਦਾ ਹੈ। ਵਾਪਰਿਆ ਅਣਵਾਪਰਿਆ ਉਸਦੀ ਅੰਤਰ ਆਤਮਾ ਨੂੰ ਝੰਜੋੜ ਦਿੰਦਾ ਹੈ।

**ਮਨਰਾਜ**

ਮਾਤ ਲੋਕ ਦੇ ਪੰਨਿਆਂ 'ਤੇ ਮਨਰਾਜ ਆਪਣੇ ਸਲੀਕੇ ਤੇ ਸਿਆਣਪ ਸਮੇਤ ਪ੍ਰਵੇਸ਼ ਪਾਉਂਦੀ ਹੈ ਅਤੇ ਨਾਵਲ ਦੇ ਆਖਰੀ ਪੰਨੇ ਤੋਂ ਆਪਣੇ ਪੁਰਖ਼ਲੂਸ ਸਲੀਕੇ ਨਾਲ ਸਾਬਤ ਕਦਮੀਂ ਰੁਖ਼ਸਤ ਹੁੰਦੀ ਹੈ। ਨਾਵਲ ਵਿਚ ਵਿਚਰਦਿਆਂ ਸਾਦਗੀ, ਸਹਿਜਤਾ ਅਤੇ ਸੰਤੁਲਨ ਉਸਦੇ ਪਛਾਣ ਚਿੰਨ੍ਹ ਬਣਦੇ ਹਨ। ਜ਼ਿੰਦਗੀ ਵਿਚ, ਰਿਸ਼ਤਿਆਂ ਵਿੱਚ ਸੱਚ ਮੁੱਚ ਨਾਲ ਨਿਭਣਾ ਉਸਦੀ ਕਾਮਨਾ ਹੈ। ਮਨਰਾਜ ਹੌਸਲੇ ਵਾਲੀ, ਜ਼ਾਬਤੇ ਵਾਲੀ, ਅੰਦਰੋਂ ਤਕੜੀ, ਆਪਣੇ ਪੇਸ਼ੇ ਤੇ ਮਾਣ ਕਰਨ ਵਾਲੀ ਤੇ ਰਿਸ਼ਤਿਆਂ ਦਾ ਮਾਣ ਰੱਖਣ ਵਾਲੀ ਔਰਤ ਹੈ। ਉਹ ਆਪਣੇ ਪਿਉ ਨਾਲ ਵੀ ਨਿੱਘਾ ਸਨੇਹ ਰੱਖਦੀ ਹੈ ਅਤੇ ਪਿਆਰ ਨਾਲ ਵੀ ਵਫ਼ਾ ਪੁਗਾਉਣਾ ਚਾਹੁੰਦੀ ਹੈ। ਇਸੇ ਕਰਕੇ ਜਦੋਂ ਬਲਦੇਵ ਉਸਨੂੰ ਘਰ ਅਤੇ ਪਿਆਰ ਵਿਚਲੀ ਲੀਕ ਟੱਪਣ ਲਈ ਕਹਿੰਦਾ ਹੈ ਤਾਂ ਬੇਪਨਾਹ ਧੁੰਦਲੇ, ਖ਼ੌਫ਼ ਅਤੇ ਛਟਪਟਾਹਟ ਦੇ ਬਾਵਜੂਦ ਉਸਦਾ ਮਨ ਬਲਦੇਵ ਵਾਲਾ ਪਾਸਾ ਚੁਣਦਾ ਹੈ। ਇੱਕ ਅਧਿਆਪਕ ਦੇ ਨਾਤੇ ਉਹ ਵਿਦਿਆਰਥੀਆਂ ਦੇ ਮਾਨਸਿਕ ਬੌਧਿਕ ਵਿਕਾਸ ਲਈ, ਸਕੂਲ ਦੀ ਸ਼ਾਨਦਾਰ ਉਨਤੀ ਲਈ ਮਿਹਨਤ ਕਰਦੀ ਹੈ ਅਤੇ ਇੱਕ ਆਦਰਸ਼ ਅਧਿਆਪਕ, ਇੱਕ ਕੁਸ਼ਲ ਪ੍ਰਸ਼ਾਸਕ ਵਜੋਂ ਸਟੇਟ ਐਵਾਰਡ ਪ੍ਰਾਪਤ ਕਰਦੀ ਹੈ। ਘਰ, ਪਰਿਵਾਰ, ਪਿਆਰ ਅਤੇ ਪੇਸ਼ੇ ਵਿਚ ਤਾਲਮੇਲ ਬਣਾਉਣ ਲਈ ਉਹ ਆਪਣੀ ਸਾਰੀ ਸਿਆਣਪ, ਸਾਰੀ ਸਮਰੱਥਾ, ਸਾਰੀ ਤਾਕਤ ਲਗਾ ਦਿੰਦੀ ਹੈ ਪਰ ਜ਼ਿੰਦਗੀ ਦੀ ਰੌਂਅ ਫਿਰ ਵੀ ਉਸ ਦੇ ਹੱਥੋਂ ਛੁਟਕ ਜਾਂਦੀ ਹੈ।

ਉਂਝ ਤਾਂ ਮਨਰਾਜ ਆਪਣੇ ਵਿਰੋਧੀਆਂ ਦੀਆਂ ਕਈ ਤਰ੍ਹਾਂ ਦੀਆਂ ਧਮਕੀਆਂ, ਦਾਬਿਆਂ, ਡਰਾਵਿਆਂ ਵਿੱਚੋਂ ਲੰਘਣਾ ਪੈਂਦਾ ਹੈ। ਭਾਵੇਂ ਇਹ ਦੁਸ਼ਵਾਰੀਆਂ ਉਸਦੇ ਸਕੇ ਪਿਉ ਦੀਆਂ ਹੋਣ, ਭਾਵੇਂ ਜੈਬੇ ਵਰਗੇ ਮੁਸਟੰਡਿਆਂ ਦੀਆਂ ਹੋਣ, ਭਾਵੇਂ ਅੱਤਵਾਦੀਆਂ ਦੀਆਂ ਹੋਣ, ਭਾਵੇਂ ਸੱਸ ਦੀਆਂ ਹੋਣ ਅਤੇ ਭਾਵੇਂ ਪ੍ਰੇਮੀ ਤੋਂ ਪਤੀ ਬਣ ਗਏ ਬਲਦੇਵ ਦੀਆਂ ਹੋਣ। ਪਰ ਜਦੋਂ ਬਲਦੇਵ ਹੇਮਾ ਨਾਲ ਵਿਆਹ ਕਰਾਉਣ ਲਈ ਉਸ ਤੋਂ ਤਲਾਕ ਮੰਗਦਾ ਹੈ ਤਾਂ ਉਸਦੀ ਨਾਰੀਤਵ ਅੰਨ੍ਹੀ ਗਲੀ ਵਿੱਚ ਘਿਰ ਗਈ ਮਹਿਸੂਸ ਕਰਦੀ ਹੈ। 'ਤਲਾਕ' ਸ਼ਬਦ ਇਸ ਪਾਤਰ ਲਈ ਆਪਣੇ ਅਸਤਿਤਵ ਦੀਆਂ ਨਾਰੀ ਸੰਭਾਵਨਾਵਾਂ ਅਤੇ ਮਾਨਵੀ ਸੰਭਾਵਨਾਵਾਂ ਨੂੰ ਇੱਕੋ ਵੇਲੇ ਗਾਖਣ ਵਾਲਾ ਮੌਟਿਫ ਬਣ ਜਾਂਦਾ ਹੈ। ਮਨਰਾਜ ਦੇ ਨਾਰੀ ਮਨ ਨੂੰ ਲੱਗਦਾ ਹੈ ਕਿ ਬਲਦੇਵ ਉਸ ਤੋਂ ਤਲਾਕ ਮੰਗ ਕੇ ਉਸ ਨੂੰ ਸਜ਼ਾ ਦੇ ਰਿਹਾ ਹੈ।

ਪਰ ਮਾਤ ਲੋਕ ਦੀ ਨਾਇਕਾ ਮਨਰਾਜ ਇਸ ਸਥਿਤੀ ਵਿਚੋਂ ਉਭਰਦੀ ਹੈ। ਅਣਕੀਤੇ, ਅਣਚਾਹੇ ਦੀ ਨਮੋਸ਼ੀ ਭੋਗਣ ਦੀ ਥਾਂ ਉਹ ਆਪਣੀ ਰੂਹ ਦਾ ਫੈਸਲਾ ਸੁਣਦੀ ਹੈ ਅਤੇ ਇਸ ਸਿੱਟੇ ਤੇ ਪਹੁੰਚਦੀ ਹੈ ਕਿ ਜੇ ਉਹ ਜਿੱਤੀ ਨਹੀਂ ਤਾਂ ਹਾਰੀ ਵੀ ਨਹੀਂ। ਨਾਰੀ ਦੇ ਸਵੈਮਾਣ ਨੂੰ, ਉਸਦੀ ਹੋਂਦ ਹਸਤੀ ਦੀ ਕਦਰ ਨੂੰ ਸਮਾਜ ਦੀ ਨੈਤਿਕਤਾ ਦੇ ਕੇਂਦਰ ਵਿੱਚ ਲਿਆਉਣਾ ਅਤੇ ਕਲਾ, ਸਮਾਜ, ਸੱਭਿਆਚਾਰ ਦੇ ਸਮੁੱਚੇ ਪਰਪੰਚ ਨੂੰ ਰੁਖਸਿਰ ਹੋਣ ਲਈ ਚੁਣੌਤੀ ਦੇਣਾ ਇਸ ਚਰਿੱਤਰ ਦੀ ਵਡੇਰੀ ਸੰਭਾਵਨਾ ਬਣਦਾ ਹੈ।

**ਹੇਮਾ**

ਨਾਵਲ ਦੇ ਪਾਤਰਾਂ ਬਾਰੇ ਲੇਖਕ ਦਾ ਇਕਬਾਲੀਆਂ ਬਿਆਨ ਨਹੀਂ ਹੁੰਦਾ। ਨਾਵਲ ਦੁਨੀਆਂ ਦੀ ਲੀਲ੍ਹਾ ਵਿੱਚ ਘਿਰ ਗਈ ਮਨੁੱਖੀ ਜ਼ਿੰਦਗੀ ਦੀ ਤਫ਼ਤੀਸ਼ ਹੁੰਦੇ ਹਨ। ਮਾਤ ਲੋਕ ਵਿੱਚ ਹੇਮਾ ਇਸ ਤਫ਼ਤੀਸ਼ ਦਾ ਇੱਕ ਹੋਰ ਜ਼ਰੀਆ ਬਣਦੀ ਹੈ। ਜੇ ਮਨਰਾਜ ਜ਼ਿੰਦਗੀ ਨੂੰ ਸੰਜੀਦਾ ਸੰਕੋਚਵਾਂ ਹੁੰਗਾਰਾ ਭਰਨ ਵਾਲੀ ਨਾਰੀ ਵਜੋਂ ਸਨਮੁਖ ਆਉਂਦੀ ਹੈ ਤਾਂ ਹੇਮਾ ਜ਼ਿੰਦਗੀ ਨੂੰ ਸ਼ੋਖ ਅਤੇ ਵੇਗਮੱਤਾ ਹੁੰਗਾਰਾ ਭਰਨ ਵਾਲੀ ਨਾਰੀ ਵਜੋਂ ਪੇਸ਼ ਹੁੰਦੀ ਹੈ। ਗਾਉਣ ਪੜ੍ਹਨ ਦੇ ਸ਼ੌਕ ਅਤੇ ਸਾਂਝ ਦੇ ਬਹਾਨੇ ਬਲਦੇਵ ਨਾਲ ਸੰਪਰਕ ਵਿੱਚ ਆਈ ਹੇਮਾ ਆਪਣੇ ਰੋਮਾਨੀ ਅੰਦਾਜ਼ ਕਰਕੇ ਖੁਲ੍ਹਣ ਲੱਗਦੀ ਹੈ। ਘਰ ਦੀਆਂ ਲੋੜਾਂ ਥੁੜਾਂ, ਗੱਲਾਂ-ਬਾਤਾਂ ਸਾਂਝੀਆਂ ਕਰਨ ਦਾ ਰੋਮਾਨੀ ਅੰਦਾਜ਼ ਰੋਮਾਨੀ ਸਾਥ ਵਿੱਚ ਬਦਲ ਜਾਂਦਾ ਹੈ ਅਤੇ ਇਹੀ ਸੋਖ਼ੀਆਂ ਕਾਮ ਵਿਗੁੱਤੇ ਮਰਦ ਔਰਤ ਸੰਬੰਧ ਵਿੱਚ ਤਬਦੀਲ ਹੋ ਜਾਂਦੀਆਂ ਹਨ।

ਮੁਹੱਬਤ ਅਤੇ ਸਰੀਰੀ ਆਨੰਦ ਦੀ ਚਕਾਚੌਂਧ ਵਿੱਚ ਰੁਕਮਣੀ ਦੀ ਥਾਂ ਰਾਧਾ ਬਣਨ ਨੂੰ ਤਰਜੀਹ ਦੇਣ ਵਾਲੀ ਹੇਮਾ ਮੰਝਧਾਰ ਵਿੱਚ ਫਸ ਜਾਂਦੀ ਹੈ, ਜਦੋਂ ਉਸਦੀ ਨਾਰੀ ਦੇਹ ਉਸਨੂੰ ਬਿਨ ਦੱਸੇ ਬਿਨ ਪੁੱਛੇ ਹੁੰਗਾਰਾ ਭਰ ਦਿੰਦੀ ਹੈ। ਗਰਭਵਤੀ ਹੇਮਾ ਸਾਹਵੇਂ ਪ੍ਰੇਮਿਕਾ, ਪਤਨੀ, ਵਿਆਹ, ਘਰ, ਤਲਾਕ ਵਰਗੇ ਸਾਰੇ ਗ਼ੈਰ-ਪ੍ਰਸੰਗਿਕ ਸ਼ਬਦ ਮੁਸੀਬਤ ਬਣ ਕੇ ਉਸ ਦੇ ਸਾਹਮਣੇ ਪੇਸ਼ ਹੋ ਜਾਂਦੇ ਹਨ। ਸ਼ਿਵਨਾਥ ਨਾਲ ਉਹ ਵਿਆਹ ਤਾਂ ਕਰਵਾ ਲੈਂਦੀ ਹੈ ਪਰ ਉਸਨੂੰ ਪਤੀ ਵਾਲੇ ਹੱਕ ਨਹੀਂ ਦਿੰਦੀ। ਉਧਰ ਮਨਰਾਜ ਬਲਦੇਵ ਨੂੰ ਤਲਾਕ ਨਹੀਂ ਦਿੰਦੀ, ਇਸ ਲਈ ਬਲਦੇਵ ਉਸ ਨਾਲ ਵਿਆਹ ਨਹੀਂ ਕਰਵਾ ਸਕਦਾ। ਪਰਿਵਾਰ ਸਮਾਜ ਸਾਕਾਦਾਰੀ ਦੇ ਸਾਰੇ ਕਾਇਦੇ-ਕਾਨੂੰਨ ਵਿਆਹ ਦੇ ਹੱਕ ਵਿੱਚ ਹਨ। ਇਸੇ ਲਈ ਮਨਰਾਜ ਅਤੇ ਸ਼ਿਵਨਾਥ ਨੂੰ ਇਸ ਸਥਿਤੀ ਤੋਂ ਬਲ ਮਿਲਦਾ ਹੈ। ਹੇਮਾ ਚਾਰੇ ਪਾਸਿਓਂ ਘਿਰ ਗਈ ਹੈ। ਬੇਹਦ ਇਕੱਲੀ, ਉਦਾਸ, ਨਿਰਾਸ਼ ਹੇਮਾ, ਉਸਨੂੰ ਮੁਸੀਬਤ ਵਿੱਚ ਛੱਡ ਦਿੱਲੀ ਜਾ ਬੈਠੇ ਬਲਦੇਵ ਨੂੰ ਜਿਹੜੀਆਂ ਚਿੱਠੀਆਂ ਲਿਖ ਰਹੀ ਹੈ, ਉਸ ਵਿੱਚ ਉਹ ਆਪਣੇ ਅੰਦਰਲੇ ਨੂੰ ਕੁਰੇਦ ਰਹੀ ਹੈ। ਜਿਹੜੀ ਹੇਮਾ ਆਪਣੇ ਚੁਲਬੁਲੇਪਨ ਕਰਕੇ ਪਾਠਕਾਂ ਦੀ ਹਮਦਰਦੀ ਪੱਖੋਂ ਵਿਰਵੀ ਸੀ, ਉਸੇ ਹੇਮਾ ਦਾ ਆਤਮ ਚਿੰਤਨ ਸਾਰੇ ਵਾਧੇ ਘਾਟਿਆਂ ਤੋਂ ਉਤਾਂਹ ਮਾਨਵ ਮਨ ਦੀ ਇੱਕ ਸਾਫ਼ ਸ਼ਫਾਫ ਕਾਮਨਾ ਅਤੇ ਸੰਭਾਵਨਾ ਦੀ ਸੋਝੀ ਦੇ ਰਿਹਾ ਹੈ।

**ਜੱਗਾ**

ਨਾਵਲ ਦੇ ਪੰਨਿਆਂ ਵਿਚ ਪ੍ਰਵੇਸ਼ ਕਰਨ ਵੇਲੇ ਜੱਗਾ ਵੀ ਆਧੁਨਿਕ ਯੁੱਗ ਦਾ ਮੱਧਵਰਗੀ ਮਹੱਤਵਪੂਰਨ ਮਨੁੱਖ ਹੈ, ਜਿਹੜਾ ਜ਼ਿੰਦਗੀ ਨੂੰ ਆਪਣੀ ਮਰਜ਼ੀ, ਆਪਣੀ ਚੋਣ ਦੇ ਹਵਾਲੇ ਨਾਲ ਵਿਉਂਤਣਾ ਚਾਹੁੰਦਾ ਹੈ। ਕਾਲਜ ਪੜ੍ਹਦਿਆਂ ਬਲਰਾਜ ਨੂੰ ਚੁਣਨਾ ਇਸੇ ਕਾਮਨਾ ਪ੍ਰਗਟਾਅ ਹੈ। ਪਰ ਇਸ ਉਪਰੰਤ ਉਸਦੇ ਘਰ ਜਿਵੇਂ-ਜਿਵੇਂ ਘਟਨਾਵਾਂ ਘਟਦੀਆਂ ਹਨ, ਤਿਵੇਂ-ਤਿਵੇਂ ਉਸਦੀਆਂ ਮਰਜ਼ੀਆਂ ਘਟਦੀਆਂ ਤੇ ਮਜਬੂਰੀਆਂ ਵਧਦੀਆਂ ਜਾਂਦੀਆਂ ਹਨ। ਅੱਤਵਾਦੀਆਂ ਹੱਥੋਂ ਉਸਦੇ ਪਿਓ ਦੀ ਹੱਤਿਆ, ਦੰਗਈਆਂ ਹੱਥੋਂ ਉਸਦੇ ਜੀਜੇ ਦਾ ਕਤਲ, ਪੁਲਿਸ ਅਤੇ ਅੱਤਵਾਦੀਆਂ ਵਿੱਚ ਘਿਰ ਗਿਆ ਉਸਦਾ ਭਰਾ, ਦੋ ਨੰਬਰ ਵਿੱਚ ਅਮਰੀਕਾ ਜਾਂਦਾ-ਜਾਂਦਾ ਰਾਹ ਵਿੱਚ ਦਫਨ ਹੋ ਗਿਆ ਉਸਦਾ ਭਤੀਜਾ ਇਨ੍ਹਾ ਵਿੱਚੋਂ

ਕੁਝ ਵੀ ਉਸਦੀ ਮਰਜ਼ੀ ਨਾਲ ਨਹੀਂ ਵਾਪਰਿਆ, ਪਰ ਸਭ ਕੁਝ ਨੇ ਉਸਨੂੰ ਘੇਰ ਲਿਆ ਹੈ। ਜੱਗੇ ਦਾ ਆਚਰਣ ਵਿਚਰਨ ਦੱਸਦਾ ਹੈ ਕਿ ਜੱਗਾ ਬਹੁਤ ਹੁਸ਼ਿਆਰ ਜਾਂ ਬਹੁਤੇ ਸੰਪਰਕਾਂ ਵਾਲਾ ਵਿਅਕਤੀ ਨਹੀਂ। ਉਹ ਤਾਂ ਸਿਰਫ ਆਪਣੀ ਸਹਿਜ ਜਿਹੀ ਦੁਨਿਆਵੀ ਸਿਆਣਪ ਅਤੇ ਸੁਹਿਰਦਤਾ ਨਾਲ ਜੀਅ ਰਿਹਾ ਹੈ। ਆਪਣੀਆਂ ਕਾਮਨਾਵਾਂ ਲਈ ਰਿਸ਼ਤਿਆਂ ਵਿਚ ਤੋੜ-ਫੋੜ ਦੀ ਥਾਂ ਉਹ ਟੁੱਟੇ-ਤਿੜਕੇ ਰਿਸ਼ਤਿਆਂ ਵਿਚ ਵੀ ਗੰਢ ਪਾਉਣ ਲਈ ਕਾਰਜਸ਼ੀਲ ਰਹਿੰਦਾ ਹੈ। ਉਸਦੇ ਚਰਿੱਤਰ ਦੀ ਮੂਲ ਪਛਾਣ ਉਸਦਾ ਰਿਸ਼ਤਿਆਂ ਨੂੰ ਸੁਹਿਰਦ ਹੁੰਗਾਰਾ ਹੈ। ਭਾਵੇਂ ਉਹ ਖੇਤਾਂ ਵਿੱਚ ਨੌਕਰਾਂ ਨਾਲ ਵਿਚਰ ਰਿਹਾ ਹੋਵੇ, ਭਾਵੇਂ ਸਾਕਾਦਾਰੀ ਵਿਚ ਅਤੇ ਭਾਵੇਂ ਉਹ ਆਪਣੀ ਪਿਆਰੀ ਪਤਨੀ ਬੱਲੀ ਨਾਲ ਵਿਚਰ ਰਿਹਾ ਹੋਵੇ, ਉਸਦੀ ਸੁਹਿਰਦਤਾ ਹੀ ਉਸਦੀ ਪਛਾਣ ਬਣ ਰਹੀ ਹੈ। ਬਲਕਿ ਇਹ ਵੀ ਕਿਹਾ ਜਾ ਸਕਦਾ ਹੈ ਕਿ ਸੁਹਿਰਦਤਾ ਦੀ ਅਮੂਰਤਤਾ ਜੱਗੇ ਦੇ ਵਿਹਾਰਾਂ ਵਿਚ ਸਾਕਾਰ ਹੁੰਦੀ ਵੇਖੀ ਜਾ ਸਕਦੀ ਹੈ। ਭੈਣ ਦੇ ਸਹੁਰਿਆਂ ਅਤੇ ਤਾਏ ਦੇ ਪੁੱਤਰਾਂ ਵਿਚ ਪਏ ਜਾਇਦਾਦਾਂ ਦੇ ਵੰਡ-ਵੰਡਾਰੇ ਦੇ ਝਗੜਿਆਂ ਨੂੰ ਹੀ ਨਹੀਂ, ਬਲਦੇਵ ਅਤੇ ਮਨਰਾਜ ਦੇ ਘਰ ਵਿੱਚ ਪਏ ਕਲੇਸ਼ ਨੂੰ ਨਿਪਟਾਉਣ ਲਈ ਵੀ ਉਹ ਸੁਹਿਰਦ ਯਤਨ ਕਰਦਾ ਹੈ। ਸਟੇਟ, ਸਮਾਜ, ਜੀਵਨ, ਰਿਸ਼ਤੇ, ਕਾਮਨਾ, ਕਲਾ ਬਾਰੇ ਭਾਵੇਂ ਉਹ ਓਨਾ ਨਾ ਵੀ ਜਾਣਦਾ ਹੋਵੇ, ਜਿੰਨਾ ਬਲਦੇਵ ਜਾਣਦਾ ਹੈ ਪਰ ਵਿਅਕਤੀ ਅਤੇ ਸਮਾਜ ਵਿਚ ਇਕਸੁਰਤਾ ਦਾ ਉਹ ਕਾਇਲ ਹੈ। ਲਾਲਸਾਵਾਂ, ਮਰਜ਼ੀਆਂ, ਚਾਹਤਾਂ, ਸੁਪਨਿਆਂ ਦੀ ਅਮੂਰਤ ਦੁਨੀਆਂ ਦਾ ਪਿੱਛਾ ਕਰਨ ਦੀ ਥਾਂ ਉਹ ਜ਼ਿੰਦਗੀ ਦੇ ਰਣਖੇਤਰ ਵਿੱਚ ਜੂਝਣ ਨੂੰ ਵੱਡਾ ਸਮਝਦਾ ਹੈ। ਕਾਮਨਾ ਨੂੰ, ਰਵਾਇਤ ਨੂੰ, ਘਰ ਪਰਿਵਾਰ ਨੂੰ ਸਮਾਜ ਅਤੇ ਸਟੇਟ ਨੂੰ ਇਕਜੁੱਟ ਵੇਖਣਾ ਉਸ ਵਿਚਲੇ ਸੁਹਿਰਦ ਮਨੁੱਖ ਦਾ ਮਨੁੱਖਤਾ ਲਈ ਲਿਆ ਕਦੀਮੀ ਸੁਪਨਾ ਹੈ। ਇਹ ਸੋਝੀ ਹੀ ਉਸਨੂੰ ਸਾਰੇ ਸੰਕਟਾਂ ਵਿਚ ਤਾਲਮੇਲ ਬਣਾਈ ਰੱਖਣ ਦੀ ਸ਼ਕਤੀ ਪ੍ਰਦਾਨ ਕਰਦੀ ਹੈ।

## 5.2 ਥੀਮ ਅਤੇ ਸੰਚਾਰ ਦੇ ਹਵਾਲੇ ਪੱਖੋਂ ਪੇਸ਼ਕਾਰੀ

ਨਾਵਲ ਖ਼ੁਦ ਫ਼ਿਲਾਸਫ਼ੀ ਨਹੀਂ ਹੁੰਦਾ, ਪਰ ਹਰ ਵਧੀਆ ਨਾਵਲ ਦੀ ਆਪਣੀ ਫ਼ਿਲਾਸਫ਼ੀ ਹੁੰਦੀ ਹੈ, ਜਿਹੜੀ ਨਾਵਲ ਵਿੱਚ ਪੇਸ਼ ਕਰਨੀ ਪੈਂਦੀ ਹੈ। ਨਾਵਲਕਾਰ ਦਾ ਸੋਚਣ ਅਤੇ ਪ੍ਰਗਟਾਉਣ ਦਾ ਢੰਗ ਫ਼ਿਲਾਸਫ਼ਰ ਨਾਲੋਂ ਮੂਲੋਂ ਵੱਖਰਾ ਹੈ। ਹਰ ਮਹਾਨ ਨਾਵਲਕਾਰ ਕੋਲ ਨਿਸ਼ਚੇ ਹੀ ਕੁਝ ਮੌਲਿਕ ਵਿਚਾਰ ਅਤੇ ਅਲੱਗ ਭਾਸ਼ਾ ਹੁੰਦੀ ਹੈ, ਜਿਸ ਨਾਲ ਉਹ ਆਪਣੇ ਵਿਚਾਰਾਂ ਲਈ ਸੰਵੇਦਨਾਵੀ ਧਰਾਤਲ ਅਤੇ ਸੁਹਜਮਈ ਸੰਚਾਰ ਤਲਾਸ਼ਦਾ ਹੈ। ਨਾਵਲ ਦਾ ਸੁਹਜ ਸਿਰਫ਼ ਕਹਾਣੀ ਲੱਭਣ ਜਾਂ ਕਥਾਨਕ ਵਿਚ ਨਹੀਂ ਹੁੰਦਾ ਸਗੋਂ ਥੀਮ ਉਸਾਰਨ ਦੀਆਂ ਕਲਾਤਮਕ ਜੁਗਤਾਂ ਵਿਚ ਨਿਹਿਤ ਹੁੰਦਾ ਹੈ। ਹਾਲਾਂਕਿ ਥੀਮ ਕਥਾਨਕ ਵਿੱਚ ਕਹਾਣੀ ਰਾਹੀਂ ਹੀ ਉਸਾਰਿਆ ਜਾਂਦਾ ਹੈ ਅਤੇ ਉਸਾਰਿਆ ਵੀ ਸਹਿਜੇ ਸਹਿਜੇ ਹੀ ਜਾ ਸਕਦਾ ਹੈ। ਥੀਮ ਨਾਵਲ ਦੀ ਜਿੰਦ ਜਾਨ ਹੁੰਦਾ ਹੈ। ਜਦੋਂ ਵੀ ਕਥਾਨਕ ਦੇ ਹੱਥੋਂ ਥੀਮ ਦਾ ਪੱਲਾ ਛੁੱਟਦਾ ਹੈ, ਉਦੋਂ ਹੀ ਕਹਾਣੀ ਸ਼ੁਰੂ ਹੋ ਜਾਂਦੀ ਹੈ। ਇਸ ਨਾਵਲ ਦੇ ਸ਼ੁਰੂ ਵਿੱਚ ਸਿਰਫ਼ ਇੱਕ ਪੰਨੇ ਵਿੱਚ ਸਿਮਟਦੇ ਪ੍ਰਵੇਸ਼ ਵਿੱਚ ਦੋ ਸ਼ਬਦ ਵਿਸ਼ੇਸ਼ ਤੌਰ ਤੇ ਉਭਰ ਰਹੇ ਹਨ ਪਹਿਲਾ ਕਾਮਨਾ/ਕਾਮਨਾਵਾਂ ਅਤੇ ਦੂਜਾ ਮਾਤ ਲੋਕ। ਸੰਖਿਪਤ ਜਿਹਾ ਗ਼ੈਰ-ਬਿਰਤਾਂਤਕ ਜਾਣਕਾਰੀ ਦਾ ਇਹ ਟੋਟਾ ਦੱਸ ਰਿਹਾ ਹੈ ਕਿ ਕਾਮਨਾ ਬੰਦੇ ਦੀ ਹੀ ਨਹੀਂ, ਦੇਵਤਿਆਂ ਦੀ ਵੀ ਸੰਚਾਲਕ

ਸ਼ਕਤੀ ਹੈ। ਇਸ ਗੱਲ ਦੀ ਵੀ ਸੋਝੀ ਮਿਲਦੀ ਹੈ ਕਿ ਕਾਮਨਾਵਾਂ ਅਲੋਕਾਰੀਆਂ, ਅੱਥਰੀਆਂ ਅਤੇ ਅਮੋੜ ਹੁੰਦੀਆਂ ਹਨ, ਜਿਨ੍ਹਾਂ ਲਈ ਬੰਦੇ ਤਾਂ ਕੀ ਦੇਵਤੇ ਵੀ ਠੱਗੀਆਂ ਮਾਰਨ, ਛੜਅੰਤਰ ਰਚਣ ਲਈ ਮਜਬੂਰ ਹੁੰਦੇ ਰਹੇ ਹਨ। ਦੂਜਾ ਸ਼ਬਦ ਜਿਸਨੂੰ ਇਹ ਨਾਵਲ ਸਿਰਲੇਖ ਵਜੋਂ ਵੀ ਵਰਤ ਰਿਹਾ ਹੈ; ਮਾਤ ਲੋਕ। ਨਾਵਲ ਦਾ ਸੂਤਰਧਾਰ 'ਮਾਤ ਲੋਕ' ਨੂੰ ਮਨੁੱਖ ਦੀਆਂ ਕਾਮਨਾਵਾਂ ਦੀ ਲੀਲ੍ਹਾਂ ਕਹਿ ਰਿਹਾ ਹੈ।

ਜਸਵਿੰਦਰ ਸਿੰਘ ਦਾ ਰਚਿਤ ਨਾਵਲ ਮਾਤਲੋਕ ਆਪਣੇ ਸਿਰਲੇਖ ਅੰਦਰ ਕਈ ਧੁਨੀਆਂ ਸਮੋਈ ਬੈਠਾ ਹੈ। ਇਸ ਅਨੁਭਵਮੂਲਕ ਲੋਕ ਦੀ ਸਿਰਜਣਾ ਪਿੱਛੇ ਹਰ ਸੱਭਿਆਚਾਰ ਵਿੱਚ ਵੱਖੋ-ਵੱਖਰੀਆਂ ਮਿੱਥਾਂ ਪ੍ਰਚੱਲਤ ਹਨ। ਇਹ ਮਿੱਥਾਂ ਧਾਰਮਕ ਮੁਹਾਵਰੇ ਰਾਹੀਂ ਦਰਸ਼ਨ ਦਾ ਰੂਪ ਧਾਰਨ ਕਰਦੀਆਂ ਹਨ। ਸਾਂਝੇ ਰੂਪ ਵਿੱਚ ਇਹ ਪ੍ਰਚਲਤ ਹੈ ਕਿ ਭਾਰਤੀ ਦਰਸ਼ਨ ਵਿੱਚ ਬੁਨਿਆਦੀ ਅੰਤਰ ਇਹ ਹੈ ਕਿ ਪੱਛਮ ਵਿਚ ਮਾਤ ਲੋਕ ਪਾਪ ਦਾ ਸਿੱਟਾ ਹੈ ਪ੍ਰੰਤੂ ਭਾਰਤ ਵਿੱਚ ਇਹ ਅਨਮੋਲ ਦਾਤ ਹੈ। ਤਾਕਤ, ਸ਼ੋਹਰਤ, ਧਨ ਦੌਲਤ ਦੀਆਂ ਜਾਇਜ਼-ਨਜਾਇਜ਼ ਕਾਮਨਾਵਾਂ ਨਾਲ ਤਾਂ ਇਸ ਨਾਵਲ ਦਾ ਗਲਪੀ ਸੰਸਾਰ ਦਾ ਧੁਰਾ ਬਣਦੀਆਂ ਹਨ। ਨਾਵਲਕਾਰ ਇਸ ਥੀਮ ਨੂੰ ਦਾਰਸ਼ਨਿਕਤਾ, ਮਿਥਿਹਾਸ, ਧਰਮ ਅਤੇ ਸਭਿਆਚਾਰ ਦੀਆਂ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਸਮੇਤ ਚਿਤਰਦਾ ਹੈ। ਮਾਤ ਲੋਕ ਦੇ ਗਲਪੀ ਬਿਰਤਾਂਤ ਵਿੱਚ ਮੁਹੱਬਤ, ਕਾਮਨਾ, ਕਲਾ, ਦੁਨੀਆਂਦਾਰੀ, ਵਿਆਹ, ਤਲਾਕ ਕੁਝ ਇਹੋ ਜਿਹੇ ਕੋਡ ਹਨ, ਜਿਨ੍ਹਾਂ ਨੂੰ ਬਾਰ-ਬਾਰ ਘੇਰ-ਘੇਰ ਕੇ ਬਿਰਤਾਂਤਕ ਵਿੱਚ ਲਿਆਂਦਾ ਗਿਆ ਹੈ। ਮਰਦ ਔਰਤ ਸੰਬੰਧਾਂ ਦੇ ਅੰਦਰ ਵਾਪਰ ਰਹੇ ਭਾਵਾਂ, ਜਜ਼ਬਿਆਂ, ਵਿਹਾਰਾਂ, ਫੈਸਲਿਆਂ ਦੇ ਕਦੀਮੀ ਵਰਤਾਰੇ ਨੂੰ ਏਨੇ ਪੱਖਾਂ ਤੋਂ ਫੋਕਸ ਕਰ ਸਕਣਾ ਇਸ ਬਿਰਤਾਂਤ ਦੀ ਬਾਰੰਬਾਰਤਾ ਵਿਚੋਂ ਉਪਜੇ ਸੁਹਜ ਦਾ ਪ੍ਰਮਾਣ ਹੈ। ਇਸ ਨਾਵਲ ਵਿਚ ਬਾਰੰਬਾਰਤਾ ਦਾ ਸੁਹਜ ਦੇਖਣ ਲਈ 'ਤਲਾਕ' ਸ਼ਬਦ ਦੀ ਗੁੰਜਾਰ ਨੂੰ ਮਿਸਾਲ ਵਜੋਂ ਵੇਖਿਆ ਜਾ ਸਕਦਾ ਹੈ।

## 5.3 ਭਾਸ਼ਾ ਚੇਤਨਾ

ਜਸਵਿੰਦਰ ਸਿੰਘ ਦੀ ਭਾਸ਼ਾ ਆਪਣੀ ਤਰ੍ਹਾਂ ਸਹਿਜ ਹੈ ਅਤੇ ਆਪਣੀ ਤਰ੍ਹਾਂ ਡੂੰਘੀ। ਇਸ ਨੂੰ ਲਹਿਜ਼ੇ ਅਤੇ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ। ਅਸਲੋਂ ਆਮ ਬਾਤਚੀਤ ਦੇ ਅਮੂਰਤ ਦ੍ਰਿਸ਼/ਬਿਰਤਾਂਤ ਘੜ ਦੇਣਾ ਅਤੇ ਦ੍ਰਿਸ਼ ਵਿੱਚੋਂ ਸੰਵਾਦ ਦੀ ਗੁੰਜਾਇਸ਼ ਬਣਾ ਦੇਣਾ ਇਸ ਨਾਵਲ ਦੇ ਭਾਸ਼ਾਈ ਸੁਹਜ ਦਾ ਸਿਖਰਲਾ ਪ੍ਰਮਾਣ ਹੈ। ਮਿਸਾਲ ਵਜੋਂ ਘਰੇਲੂ ਕਲੇਸ਼ ਅਤੇ ਨੌਕਰੀ ਦੇ ਝੰਜਟਾਂ ਵਿਚ ਤਵਾਜ਼ਨ ਬਣਾਉਣ ਲਈ ਬਲਦੇਵ ਦਾ ਆਸਰਾ ਤਕਾਉਂਦੀ ਮਨਰਾਜ ਨੂੰ ਬਲਦੇਵ ਪੁੱਛ ਰਿਹਾ ਹੈ,

> "ਰਾਜ ਤੇਰੇ ਸਕੂਲੇ ਬੱਚੇ ਕਿੰਨੇ ਨੇ?""ਕਿਉਂ ਸਵਾ ਕੁ ਸੱਤ ਸੌ?""ਟੀਚਰ ਕਿੰਨੇ ਨੇ?" "ਮੇਰੇ ਸਣੇ ਬਾਈ ਨੇ.........ਨੌ ਪੋਸਟਾਂ ਖਾਲੀ ਨੇ,"'ਤੇ ਹੋਰ ਅਮਲਾ ਵੀ...... ਤੂੰ ਸੱਤ ਸਾਢੇ ਸੱਤ ਸੌ ਨੂੰ ਮੈਨੇਜ ਕਰ ਰਹੀ ਏਂ ਨਾ......ਵਧੀਆ ਮੈਨੇਜ ਕਰ ਰਹੀ ਏਂ.........ਕਾਬਲੇ ਤਾਰੀਫ਼। ਤੇ ਹੈ

> ਵੀ ਸਰਕਾਰੀ ਸਕੂਲ। ਘਰ ਤੇਰਾ ਆਪਣਾ ਏ......ਕਿੰਨੇ ਕੁ ਜੀਅ ਨੇ? ਏਹ ਤੇਰਾ ਮਾਮਲੈ, ਆਪੇ ਮੈਨੇਜ ਕਰ... ਬਲਦੇਵ ਨੇ ਦੋ ਟੁਕ ਜਵਾਬ ਮੋੜਿਆ...।"[3]

ਅਸਲੋਂ ਆਮ ਜਾਪਦੇ ਇਸ ਸੰਵਾਦ ਵਿਚ ਰਿਸ਼ਤਿਆਂ ਵਿਚਲੀ ਤੇਰ-ਮੇਰ ਘਾਤ ਲਾ ਕੇ ਬੈਠੀ ਹੈ, ਜਿਸਨੇ ਅਗਲੇ ਬਿਰਤਾਂਤ ਵਿਚ ਆਪਣਾ ਵਾਰ ਕਰਨਾ ਹੈ। ਇਸ ਨਾਵਲ ਵਿਚ ਦ੍ਰਿਸ਼ ਵਿੱਚੋਂ ਵੱਡੇ ਸੰਵਾਦਾਂ ਦੀ ਗੁੰਜਾਇਸ਼ ਬਣਾਉਣ ਵਾਲੀ ਭਾਸ਼ਿਕ ਕਲਾ ਵੀ ਵੇਖਣ ਵਾਲੀ ਹੈ। ਸੂਬੇਦਾਰ ਭਗਤ ਸਿੰਘ ਦੀ ਗੋਲੀਆਂ ਨਾਲ ਢੇਰੀ ਹੋਈ ਦੇਹ ਬਾਰੇ ਵਕਤਾ ਲਿਖ ਰਿਹਾ ਹੈ,

> "ਛੁੱਟੀ ਆਇਆ ਸੂਬੇਦਾਰ ਭਗਤ ਸਿੰਘ ਆਪਣੀ ਕੋਠੀ ਦੇ ਸਜੇ ਭਰੇ ਬੈਡ ਰੂਮ ਵਿੱਚ, ਮੁਲਕ ਦੀ ਸਰਹੱਦ 'ਤੇ ਨਹੀਂ, ਘਰ ਦੀ ਜ਼ੱਦ ਵਿੱਚ, ਦੁਸ਼ਮਣਾਂ ਦੀਆਂ ਗੋਲੀਆਂ ਨਾਲ ਨਹੀਂ, ਆਪਣੇ ਧਰਮ ਦੇ ਮੁਜ਼ਾਹਿਦਾਂ ਦੀਆਂ 'ਧਰਮੀ ਗੋਲੀਆਂ' ਖਾ ਕੇ, ਚਾਵਾਂ ਨਾਲ ਲਾਏ ਸੰਗਮਰਮਰੀ ਫਰਸ਼ 'ਖ਼ੂਨ ਵਿੱਚ ਲੱਥ ਪੱਥ ਚੌਫਾਲ ਪਿਆ, ਠੰਡਾ ਹੁੰਦਾ ਰਿਹਾ।"[4]

ਅਜਿਹੇ ਦ੍ਰਿਸ਼ਾਂ ਦੇ ਅਰਥ ਪੜ੍ਹਨ/ਪ੍ਰਤੱਖਣ ਵਾਲੇ'ਤੇ ਛੱਡ ਦਿੱਤੇ ਗਏ ਹਨ। ਕਲਾਤਮਕ ਪੱਖੋਂ ਇਸ ਨਾਵਲ ਦੀ ਵੱਡੀ ਖ਼ਾਸੀਅਤ ਇਸ ਅੰਦਰਲੇ ਬਿਰਤਾਂਤ ਦੀ ਰਵਾਨੀ ਹੈ। ਕਿਧਰੇ ਵੀ ਕੁਝ ਫਾਲਤੂ ਨਹੀਂ ਲੱਗਦਾ। ਇਸਦੀ ਭਾਸ਼ਾ ਪਾਠਕ ਨੂੰ ਕੀਲੀ ਰੱਖਦੀ ਹੈ, ਬਲਕਿ ਨਾਵਲ ਦਾ ਬਿਰਤਾਂਤਕ ਰਿਦਮ ਪਕੜਨ ਤੋਂ ਬਾਅਦ ਪਾਠਕ ਨੂੰ ਜਾਪਣ ਲੱਗਦਾ ਹੈ ਕਿ ਇਸ ਦਾ ਹਰ ਵਾਕ ਮਨੁੱਖੀ ਕਾਮਨਾਵਾਂ ਦੀ ਨਿਸ਼ਾਨਦੇਹੀ ਦੇ ਅਮਲ ਵਿੱਚ ਇੱਕ ਅਰਥਵਾਨ ਇਕਾਈ ਬਣ ਰਿਹਾ ਹੈ। ਮਨ ਦੀਆਂ ਬੁੱਝਣੀਆਂ ਅਤੇ ਉਨ੍ਹਾਂ ਨੂੰ ਸਹੀ ਸ਼ਬਦ ਦੇਣੇ ਇਸ ਨਾਵਲ ਦੀ ਭਾਸ਼ਾਕਾਰੀ ਦਾ ਕਮਾਲ ਹੈ। ਆਪਣੀ ਭਾਸ਼ਾ ਕਰਕੇ ਇਹ ਨਾਵਲ ਪੜ੍ਹਨਯੋਗ ਹੀ ਨਹੀਂ ਬਣਿਆ ਸਗੋਂ, ਭਾਸ਼ਾਕਾਰੀ ਨੇ ਇਸ ਨਾਵਲ ਦੇ ਬਿਰਤਾਂਤਕ ਵਾਚ ਨੂੰ ਵੀ ਸਿਫਤੀ ਬਣਾਇਆ ਹੈ। ਦਰਅਸਲ ਨਾਵਲਕਾਰ ਉਹ ਹੈ ਜਿਹੜਾ ਆਪ ਵੀ ਰਚਨਾ ਪਿੱਛੇ ਲੁਪਤ ਹੋ ਜਾਣਾ ਚਾਹੇ, ਜਿਸਨੂੰ ਆਪਣੀ ਭਾਸ਼ਾ 'ਤੇ ਵਿਸ਼ਵਾਸ ਹੋਵੇ।

## 5.4 ਦੋਹਰੇ ਪਲਾਟ ਦੀ ਪੇਸ਼ਕਾਰੀ

ਪੰਜਾਬੀ ਨਾਵਲ ਦੀ ਬਿਰਤਾਂਤਕ ਪ੍ਰੰਪਰਾ ਵਿਚ ਦੋਹਰੇ ਪਲਾਟ ਸਿਰਜਣ ਦੀ ਇੱਕ ਪ੍ਰੰਪਰਾ ਮੌਜੂਦ ਹੈ। ਇਸ ਵਿੱਚ ਦੋ ਕਹਾਣੀਆਂ ਸਮਾਨੰਤਰ ਰੂਪ ਵਿੱਚ ਕਿਰਿਆਸ਼ੀਲ ਰਹਿੰਦੀਆਂ ਹਨ। ਨਾਨਕ ਸਿੰਘ ਦੋ ਕਹਾਣੀਆਂ ਨੂੰ ਸਮਾਨੰਤਰ ਰੂਪ ਵਿੱਚ ਚਲਾਉਂਦੇ ਹੋਏ ਇੱਕ ਅਜਿਹਾ ਸਾਂਝਾ ਸੂਤਰ ਉਭਾਰਦਾ ਸੀ ਜਿਸ ਵਿਚ ਦੋਹਾਂ ਕਹਾਣੀਆਂ ਦੇ ਪਾਤਰਾਂ ਦਾ ਸਬੰਧ ਆਪਸ ਵਿਚ ਜੁੜ ਜਾਂਦਾ ਸੀ। ਇਹ ਵਿਧੀ ਹੁਣ ਤੱਕ ਭਾਰੂ ਰੂਪ ਵਿਚ ਚਲਦੀ ਹੈ। ਇਸ ਨਾਲ ਕਹਾਣੀ ਰਸ ਵਿਚ ਵਾਧਾ ਹੁੰਦਾ ਹੈ। ਜਸਵਿੰਦਰ ਸਿੰਘ ਇਸ ਵਿਧੀ ਨੂੰ ਵਰਤਦਾ ਹੈ ਪ੍ਰੰਤੂ ਦੋਵੇਂ ਪਲਾਟ ਇੱਕ ਖ਼ੁਦਮੁਖਤਿਆਰ ਸੰਸਕ੍ਰਿਤਕ ਇਕਾਈ ਵਿਚ ਬੱਝੇ ਹੋਏ ਹਨ। ਨਾਵਲ ਵਿਚਲੇ ਪਾਤਰ ਦੋ ਜੀਵਨ ਮੁੱਲਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇੱਕ ਪਾਸੇ ਪਿਆਰ ਦੀ ਕਾਮਨਾ ਜੀਵਨ ਵਿਚ ਹਰ ਸੰਕਟ ਸਮੇਂ ਇੱਕ ਸੰਤੁਲਨ ਬਣਾਈ ਰੱਖਦੀ ਹੈ,

ਦੂਜੇ ਪਾਸੇ ਅੰਨ੍ਹੀ ਕਾਮਨਾ ਕਈ ਸੰਕਟ ਖੜੇ ਕਰਦੀ ਹੈ। ਪਹਿਲੀ ਦੀ ਪ੍ਰਤੀਨਿਧਤਾ ਜੱਗਾ ਅਤੇ ਬੱਲੀ ਕਰਦੇ ਹਨ ਦੂਜੇ ਦੀ ਬਲਦੇਵ, ਹੇਮਾ ਅਤੇ ਮਨਰਾਜ ਕਰਦੇ ਹਨ। ਪਹਿਲੀ ਵਿਚ ਸੁਰ-ਤਾਲ ਮੌਜੂਦ ਹੈ। ਜੱਗਾ ਅਤੇ ਬੱਲੀ ਪਿਆਰ ਵਿਆਹ ਕਰਦੇ ਹਨ। ਬੱਲੀ ਦੇ ਘਰ ਵਿਚ ਜੇ ਦੱਬਵੀਂ ਸੁਰ ਵਿੱਚ ਵਿਰੋਧ ਹੁੰਦਾ ਵੀ ਹੈ ਤਾਂ ਬੱਲੀ ਇੱਥੇ ਇੱਕ ਸੰਤੁਲਨ ਕਾਇਮ ਰੱਖਦੀ ਹੈ। ਜੱਗੇ ਦਾ ਪਰਿਵਾਰ ਜਿਸ ਸੰਕਟ ਵਿੱਚੋਂ ਗੁਜ਼ਰਦਾ ਹੈ, ਉਸ ਸੰਕਟ ਕਾਰਨ ਜੱਗਾ ਹੀ ਘਰ ਦਾ ਮੁੱਖੀ ਰਹਿ ਜਾਂਦਾ ਹੈ ਅਜਿਹੀ ਸਥਿਤੀ ਵਿੱਚ ਉਹ ਜਿੰਮੇਵਾਰੀ ਵਾਲੀ ਭੂਮਿਕਾ ਨਿਭਾਉਂਦਾ ਹੈ। ਇਸ ਸੰਤੁਲਨ ਜੀਵਨ ਸਬੰਧੀ ਬੱਲੀ ਦਾ ਬਿਆਨ ਹੈ,

> "ਦੀਦੀ! ਬਿਪਤਾ ਤਾਂ ਖੈਰ ਇੱਕ ਤੋਂ ਇਕ ਰਹੀ ਆ...... ਹੁਣ ਵੀ ਆ, ਜਿੰਦਰ ਕਰਕੇ ਸਾਰੇ ਜੀਆਂ ਦੀ ਜਾਨ ਸੂਤੀ ਰਹਿੰਦੀ ਆ। ......ਉਂ ਜੱਗੇ ਨੇ ਕਦੇ ਬੋਝ ਜਿਹਾ, ਯਾਨੀ ਫਿਕਰ ਜਿਹਾ ਨ੍ਹੀਂ ਪੈਣਾ ਦਿੱਤਾ। ......ਬੜੇ ਨਿੱਡਰ ਨੇ......ਹਿੰਮਤੀ ਨੇ...... ਸਾਫੋ-ਸਾਫ......ਯਾਨੀ ਜਮੀਂ ਦੇਸੀ। ਕੋਈ ਵਲ-ਵਿੰਗ ਨਈ। ਇੱਕ ਗੱਲ ਆਖਾਂ ਦੀਦੀ, ਜੇ ਮੀਆਂ ਬੀਵੀ ਦੀ ਬਣਦੀ ਹੋਵੇ, ਜੀਆਂ 'ਚ ਇਤਫਾਕ ਹੋਵੇ ਤਾਂ ਰਲ-ਮਿਲਬਿਪਤਾ ਝੱਲੀ ਜਾਂਦੀ ਆ, ਵਰਨਾ......।"[5]

ਜਸਵਿੰਦਰ ਸਿੰਘ ਦੀ ਕਲਾਤਮਕ ਪ੍ਰਬੀਨਤਾ ਦਾ ਹੀ ਤਕਾਜ਼ਾ ਹੈ ਕਿ ਉਸ ਨੇ ਵਿਅਕਤੀ ਦੀਆਂ ਨਿੱਜੀ ਕਾਮਨਾਵਾਂ ਦੀ ਵਿੰਗ ਟੇਢ ਅਤੇ ਸੇਧ ਨੂੰ ਹੀ ਨਹੀਂ, ਇਤਿਹਾਸ ਦੀ ਸਟੇਜ 'ਤੇ ਉਸ ਦੇ ਹਿੱਸੇ ਆਈ ਅਦਾਕਾਰੀ ਨੂੰ ਵੀ ਅਤਿ ਦੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਹੈ। ਮਾਤ ਲੋਕ ਰੋਜ਼ਮਰਾ ਦੀ ਜ਼ਿੰਦਗੀ ਵਿੱਚੋਂ ਇੱਕ ਪਾਸੇ ਮਨੁੱਖੀ ਕਾਮਨਾਵਾਂ ਦੇ ਵੰਨ-ਸੁਵੰਨੇ ਪ੍ਰਮਾਣਾਂ ਨੂੰ ਵਿਅਕਤੀ ਦੀਆਂ ਅਤਿ-ਨਿੱਜੀ ਚਾਹਤਾਂ ਦੇ ਧਰਾਤਲ ਤੋਂ ਚੁੱਕਦਾ ਹੈ ਅਤੇ ਦੂਜੇ ਪਾਸੇ ਇਤਿਹਾਸ ਦੀ ਸਟੇਜ 'ਤੇ ਖੇਡੇ ਜਾ ਰਹੇ ਡਰਾਮਿਆਂ ਦੀ ਪ੍ਰਤਿਧੁਨੀ ਵਿੱਚੋਂ ਪਕੜਦਾ ਹੈ।

ਇਸ ਤਰ੍ਹਾਂ ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਵਿਚ ਵੀ ਉਹਨਾਂ ਦੀਆਂ ਕਹਾਣੀਆਂ ਕਲਾ ਤੇ ਬਿਰਤਾਂਤਕ ਪੇਸ਼ਕਾਰੀ ਦੇ ਪੱਖ ਤੋਂ ਬਹੁਤ ਮਹੱਤਤਾ ਰੱਖਦੀਆਂ ਹਨ। ਜਸਵਿੰਦਰ ਸਿੰਘ ਦਾ ਨਾਂ ਇਕ ਸਮੀਖਿਆਕਾਰ ਤੇ ਸਭਿਆਚਾਰ ਵਿਗਿਆਨੀ ਦੇ ਤੌਰ 'ਤੇ ਸਥਾਪਿਤ ਹੋਣ ਉਪਰੰਤ ਸਿਰਜਣਾ ਵਿਚ ਉਹਨਾਂ ਦੀਆਂ ਕਹਾਣੀਆਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ। ਕਹਾਣੀਆਂ ਪੜ੍ਹਦੀਆਂ ਹੀ ਕਈ ਪਾਠਕਾਂ ਨੇ ਪੁੱਛਿਆ ਇਹ ਨਵਾਂ ਕਹਾਣੀਕਾਰ ਜਸਵਿੰਦਰ ਸਿੰਘ ਕੋਣ ਹੈ? ਤੇ ਉਹ ਇਸ ਜਾਗੇ ਪ੍ਰਸ਼ਨ ਦੇ ਨਾਲ ਹੀ ਪਛਾਣਿਆ ਗਿਆ ਤੇ ਉਹ ਕੁਝ ਕਹਾਣੀਆਂ ਦੇ ਬਾਅਦ ਹੀ ਜਾਣੇ-ਪਹਿਚਾਣੇ ਨਵੇਂ ਕਹਾਣੀਕਾਰਾਂ ਵਿਚ ਸਥਾਪਤ ਹੋ ਗਿਆ। ਕੁਝ ਪਾਠਕਾਂ ਅਤੇ ਆਲੋਚਕਾਂ ਨੇ ਵਰਿਆਮ ਸਿੰਘ ਸੰਧੂ ਤੋਂ ਅਗਲੇ ਕਹਾਣੀਕਾਰ ਦੇ ਤੌਰ 'ਤੇ ਉਸਦੀ ਭਰਭੂਰ ਚਰਚਾ ਕੀਤੀ ਹੈ ਤੇ ਕੁਝ ਨੇ ਉਸ ਦੀ ਵੱਖਰੀ ਪਹਿਚਾਣ ਦੀਆਂ ਗੱਲਾਂ ਕੀਤੀਆਂ ਹਨ। ਸਾਹਿਤਕ ਰਸਾਲਿਆ ਸਿਰਜਣਾ, ਸਮਦਰਸ਼ੀ ਵਿਚ ਛਪੀ ਉਸ ਦੀ ਹਰ ਨਵੀਂ ਕਹਾਣੀ ਨੇ ਪਾਠਕਾਂ ਨੂੰ ਅਚੰਭਿਤ ਕੀਤਾ ਤੇ ਉਸ ਦੀ ਨਵੀਂ ਨਿਆਰੀ ਸਿਰਜਣ ਸਮਰਥਾ ਨੇ ਸਹਿਜੇ ਹੀ ਉਸ ਨੂੰ ਕਹਾਣੀਕਾਰਾਂ ਦੀ ਮੂਹਰਲੀ ਕਤਾਰ ਵਿਚ ਲਿਆ ਖਲਾਰਿਆ। ਅਸਲ ਵਿਚ ਪਿਛਲੇ ਕੁਝ ਸਮੇਂ ਵਿਚ ਕਈ ਕਹਾਣੀਕਾਰਾਂ ਦਾ ਨਾਮ ਸਮਾਨਾਂਤਰ ਰੂਪ ਵਿਚ ਚਰਚਾ ਵਿਚ ਉਭਰਿਆ ਹੈ। ਕੌਣ ਕਿਸ ਤੋਂ ਪਹਿਲਾ ਦਾ

ਹੈ, ਕਿਸ ਤੋਂ ਬਾਅਦ ਦਾ ਹੈ, ਕਿਸ ਵਰਗਾ ਹੈ, ਇਹ ਵਿਧੀ ਬਣਾਉਣੀ ਸ਼ਾਇਦ ਵਧੇਰੇ ਜਾਇਜ਼ ਨਹੀਂ ਰਹੀ। ਹਰ ਉਭਰਦੇ ਮੌਲਿਕ ਕਹਾਣੀਕਾਰ ਦੀ ਆਪਣੀ ਪਹਿਚਾਣ ਅਤੇ ਵਿਧੀ ਨੂੰ ਜਾਣਨਾ ਜ਼ਰੂਰੀ ਹੈ। ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਦੀਆਂ ਕਹਾਣੀਆਂ ਦੀ ਕਿਤਾਬ ਨਾਲ ਵੀ ਇਸ ਤਰ੍ਹਾਂ ਹੀ ਪਛਾਣ ਜੁੜਣਾ ਚਾਹੀਦਾ ਹੈ।

ਇਕ ਆਲੋਚਕ ਹੋਣ ਕਰਕੇ ਜਸਵਿੰਦਰ ਸਿੰਘ ਉਹਨਾਂ ਕਹਾਣੀਕਾਰਾਂ ਵਿਚੋਂ ਨਹੀਂ ਹੈ ਜੋ ਕਹਾਣੀ ਦੀ ਸੰਰਚਨਾ ਵਲੋਂ ਲਾਪ੍ਰਵਾਹ ਹੋਣ ਜਾਂ ਬਿਰਤਾਂਤ ਨੂੰ ਨਿਯੰਤਰਨਣ ਹੀਣ ਰਹਿਣ ਦੇਣ। ਉਹ ਇਸ ਗੱਲ ਵਲੋਂ ਸੁਚੇਤ ਹੈ ਕਿ ਅੱਜ ਦੇ ਸਮੇਂ ਵਿਚ ਕਹਾਣੀ ਲਿਖਣਾ ਇਕ ਜ਼ਿੰਮੇਵਾਰ ਕਲਾ ਹੈ ਤੇ ਇਹ ਪਹਿਚਾਣ ਹੋਣੀ ਬਹੁਤ ਜ਼ਰੂਰੀ ਹੈ ਕਿ ਕਹਾਣੀ ਦੀ ਵਿਧਾ ਕਿਥੇ ਕੁ ਤੱਕ ਪਹੁੰਚੀ ਹੈ। ਪੰਜਾਬੀ ਵਿਚ ਕਹਾਣੀ ਵਿਧਾ ਕਾਫੀ ਵਿਕਸਤ ਹੈ, ਇਸ ਲਈ ਇਸ ਜ਼ਿੰਮੇਵਾਰੀ ਨੂੰ ਸਮਝਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਜਸਵਿੰਦਰ ਸਿੰਘ ਆਪਣੀਆਂ ਕਹਾਣੀਆਂ ਵਿਚ ਜੋ ਬਿਰਤਾਂਤ ਸਿਰਜਦਾ ਹੈ ਆਪ ਵੀ ਉਹ ਉਸ ਦੇ ਮੋਹ ਵਿਚ ਗ੍ਰਸਿਆ ਮਹਿਸੂਸ ਹੁੰਦਾ ਹੈ ਅਤੇ ਪਾਠਕ ਨੂੰ ਵੀ ਨਾਲੋ ਨਾਲ ਉਸ ਵਿਚ ਸ਼ਾਮਿਲ ਰੱਖਦਾ ਹੈ। ਉਸ ਦੀ ਕਹਾਣੀਆਂ ਵਿਚਲੀ ਭਾਸ਼ਾ ਠੋਸ ਪੰਜਾਬੀ ਹੈ ਉਸ ਦੇ ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਖੂਹ ਖਾਤੇ' ਵਿਚ ਇਸ ਦੀ ਸਫ਼ਲ ਉਦਾਹਰਣ ਦੇਖੀ ਜਾ ਸਕਦੀ ਹੈ ਜਦੋਂ ਗਰੇਵਾਲ ਦੀ ਮਾਮੀ ਆਪਣੇ ਪੁੱਤ ਦੀ ਪੜ੍ਹਾਈ ਬਾਰੇ ਗੱਲ ਕਰਦੀ ਹੈ ਤਾਂ ਉਹ ਅੱਗੋਂ ਕਹਿੰਦਾ,

> ਮਾਮੀ ਜੀ! ਲਾਡੀ ਨੂੰ ਮੈਂ ਲੈ ਜਾਣੈ...... ਆਪੇ ਪੜ੍ਹਾਊ...ਤੁਸੀਂ ਬੱਸ ਨਾਂਹ ਨਾ ਕਰਨੀ! ਮਾਮੀ ਦੇ ਪੈਰ ਗਿਠ ਗਿਠ ਉਚੇ ਹੁੰਦੇ ਜਾਣ... ਹੁੱਬ ਹੁੱਬ ਸਿਫਤਾਂ ਕਰਦੀ ਉਹ ਸਲੱਗ ਭਤੀਜ ਦੀਆਂ...।"[6]

ਇਸ ਤੋਂ ਇਲਾਵਾ ਜਿਥੇ ਉਹਨਾਂ ਨੇ ਠੇਠ ਪੰਜਾਬੀ ਦੇ ਸ਼ਬਦ ਵਰਤੇ ਹਨ ਉਥੇ ਆਧੁਨਿਕ ਯੁੱਗ ਵਿਚ ਪੰਜਾਬੀ ਵਿਚ ਸ਼ਾਮਿਲ ਹੋ ਰਹੀ ਅੰਗਰੇਜ਼ੀ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ ਹੈ। ਉਸ ਦੀ ਕਹਾਣੀ ਖੂਹ ਖਾਤੇ ਵਿਚ ਪੇਂਡੂ ਅਤੇ ਸ਼ਹਿਰੀ ਦੋਵੇਂ ਤਰ੍ਹਾਂ ਦੇ ਮਾਹੌਲ ਨੂੰ ਪੇਸ਼ ਕੀਤਾ ਗਿਆ ਹੈ। ਉਸ ਦੀ ਕਹਾਣੀ 'ਤੇ ਪਏ ਸ਼ਹਿਰੀ ਭਾਸ਼ਾ ਦੇ ਸਾਹਿਤਕ ਸੁਭਾਵਕ ਪ੍ਰਭਾਵ ਨੂੰ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ:

> "ਆਈ ਸੇ... ਰੋਕ... ਸਟੋਪ ਇਟ... ਆਈ ਸੇ! ਆਈ ਸੇ ਸਟੋਪ ਇਟ ਵਰਨਾ... ਗੈਟ ਆਉਟ, ਆਈ ਸੇ ਗੈਟ ਆਊਟ...।"[7]

ਦੂਸਰੀ ਗੱਲ ਨਵੀਂ ਕਹਾਣੀ ਸਥਾਨਕ ਠੇਠ ਭਾਸ਼ਾ ਦੇ ਅਥਾਹ ਵਾਰਤਾਲਾਪੀ ਬੋਝ ਥੱਲੇ ਨਹੀਂ ਦੱਬਦੀ। ਲੋੜ ਅਨੁਸਾਰ ਹੀ ਇਹ ਵਿਸਥਾਰ ਵਿਚ ਪੈਂਦੀ ਹੈ। ਉਹ ਕਹਾਣੀ ਦੀ ਭਾਸ਼ਾ, ਚਿਹਨਾਂ, ਪ੍ਰਤੀਕਾਂ ਨੂੰ ਵਾਚਦਿਆਂ ਬਿਰਤਾਂਤ ਦੇ ਪ੍ਰਵਾਹ ਵਿਚ ਰੁੜ੍ਹਦਾ ਨਹੀਂ ਜਾਂਦਾ ਸਗੋਂ ਚੇਤੰਨ ਰਹਿੰਦਾ ਹੈ। ਪਰ ਚੇਤੰਨ ਪਾਠਕ ਦਾ ਕਹਾਣੀ ਨਾਲ ਇਹ ਰਿਸ਼ਤਾ ਦਵੰਦਾਤਮਕ ਹੁੰਦਾ ਹੈ ਕਿਉਂਕਿ ਇਸ ਮਾਹੌਲ ਦੀ ਸਿਰਜਣਾ ਕਹਾਣੀ ਨੇ ਵੀ ਕਰਨੀ ਹੁੰਦੀ ਹੈ। ਹਰ ਕਹਾਣੀ ਜਾਂ ਕਹਾਣੀਕਾਰ ਵਿਚ ਇਹ ਸਮਰੱਥਾ ਨਹੀਂ ਹੁੰਦੀ। ਜਸਵਿੰਦਰ ਸਿੰਘ ਦੀ ਇਸ ਸਮਰੱਥਾ ਨੂੰ ਇਹਨਾਂ ਕਹਾਣੀਆਂ ਵਿਚ

ਪਹਿਚਾਨਣਾ ਜ਼ਰੂਰੀ ਹੈ। ਉਸ ਦੀਆਂ ਕਹਾਣੀਆਂ ਵਿਚ ਬਿਰਤਾਂਤ ਵਕਤਾ ਅਤੇ ਕਥਾ ਨਾਇਕ ਅਭੇਦਤਾ ਵਾਲੀ ਕਥਾ ਰੂੜੀ ਹੈ। ਉਹ ਨਾਇਕ ਦਾ ਅਵਚੇਤਨੀ ਮਨ ਦੀਆਂ ਅਛੋਹ ਕੁੰਦਰਾਂ ਤੇ ਬਾਹਰਵਰਤੀ ਵਿਹਾਰ ਦੇ ਜੋੜ ਬੇਜੋੜ ਧਰਾਤਲਾਂ ਨੂੰ ਤਲਾਸ਼ਣ ਪ੍ਰਤੀ ਰੁਚਿਤ ਰਹਿੰਦਾ ਹੈ। ਇਸ ਪ੍ਰਕਾਰ ਨਾਇਕ ਦੇ ਅਵਚੇਤਨੀ ਮਨ ਦੀ ਉਦਾਹਰਨ ਉਸ ਸਮੇਂ ਦੇਖੀ ਜਾ ਸਕਦੀ ਹੈ ਜਦੋਂ 'ਮਰੇ ਮਾਤਮ' ਕਹਾਣੀ ਵਿਚ ਕਹਾਣੀ ਦਾ ਨਾਇਕ ਬਲਦੇਵ ਸਿੰਘ ਸ਼ਹਿਰ ਵਿਚ ਨੌਕਰੀ ਕਰਦਾ ਹੋਣ ਕਰਕੇ ਆਪਣੇ ਪਿਤਾ ਦੀ ਮੌਤ 'ਤੇ ਸਮੇਂ ਸਿਰ ਨਹੀਂ ਪਹੁੰਚ ਪਾਉਂਦਾ ਅਤੇ ਜਦੋਂ ਉਹ ਮੌਤ ਤੋਂ ਦੋ ਦਿਨ ਬਾਅਦ ਪਿੰਡ ਪਹੁੰਚਦਾ ਹੈ ਤਾਂ ਪਿੰਡ ਦੀਆਂ ਔਰਤਾ ਉਸ 'ਤੇ ਕਈ ਤਰ੍ਹਾਂ ਦੇ ਵਿਅੰਗ ਕੱਸਦੀਆਂ ਹਨ, ਉਦਾਹਰਣ:

> "ਹੋਰ ਕਿਹੋ ਜਿਹਾ...ਬਣ ਸੰਵਰ...ਕੋਟ ਪੈਂਟ ਚਾੜ੍ਹ ...ਤੀਜੇ ਦਿਨ ਆ ਢੁਕਿਆ ਟੈਚੀਕੇਸ ਲਮਕਾਈ...ਸੋਭਾ ਦੇਂਦਾ ਏ ਭੇਣੈ...ਤੂੰ ਆਪ ਸਿਆਣੀ ਆਂ...ਜੱਗ ਦਾ ਕੌਣ ਮੂੰਹ ਬੰਦ ਕਰੂ...।"[8]

ਦਰਅਸਲ ਪਿੰਡ ਦੀਆਂ ਔਰਤਾਂ ਨੂੰ ਉਸ ਦੀ ਮਨੋਦਸ਼ਾ ਦਾ ਨਹੀਂ ਪਤਾ ਕਿ ਉਸ ਦੇ ਅਵਚੇਤਨ ਮਨ ਵਿਚ ਕੀ ਚੱਲ ਰਿਹਾ ਹੈ। ਉਹ ਆਪਣੀ ਮਨੋਦਸ਼ਾ ਦੱਸਦਾ ਕਹਿੰਦਾ ਕਿ,

> "ਮਿਲਣ ਦਾ ਤਰਲਾ ਲੈ ਕੇ ਮਰੇ ਮੇਰੇ ਬਾਪੂ ਦਾ ਦਰਦ ਕਿਸ ਨੂੰ ਸੀ?... ਮੈਨੂੰ ਛੱਜੇ ਪਾ ਛੱਡਣ ਦੀ ਮਾਰੂ ਰੀਝ ਹੀ...। ਅੰਤਲੇ ਸਮੇਂ ਬਾਪ ਨੂੰ ਨਾ ਵੇਖ ਸਕਣ ਦੀ ਮੇਰੀ ਪੀੜਾ...ਮੇਰੀ ਨਮੋਸ਼ੀ...ਆਪਣੀ ਮੌਤੇ ਮਰ ਰਹੀ ਸੀ...ਕਿਸੇ ਨੂੰ ਕੀ? ਮੈਨੂੰ ਨਹੀਂ ਪਤਾ ਕਿ ਕਿਸ ਔਰਤ ਨੇ ਮੇਰਾ ਸਿਰ ਪਲੋਸਿਆ...ਕੀ ਕੀ ਦੁਆ ਬਰਦੁਆ...।"[9]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਸਵਿੰਦਰ ਸਿੰਘ ਨੇ ਕਹਾਣੀਆਂ ਵਿਚ ਪਾਤਰਾਂ ਦੀ ਮਨੋਦਸ਼ਾ ਨੂੰ ਬਹੁਤ ਹੀ ਵਧਿਆ ਤਰੀਕੇ ਨਾਲ ਪੇਸ਼ ਕੀਤਾ ਹੈ। ਉਹਨਾਂ ਨੇ ਕਹਾਣੀ ਵਿਚ ਕਈ ਪਰਤਾਂ ਇੱਕੋ ਸਮੇਂ ਫੈਲਦੀਆਂ ਤੇ ਸੰਗਠਿਤ ਹੁੰਦੀਆਂ ਹਨ। ਜਸਵਿੰਦਰ ਸਿੰਘ ਦੀਆਂ ਇਹ ਕਹਾਣੀਆਂ ਅਜਿਹੀ ਜਿੰਮੇਵਾਰੀ ਵਲੋਂ ਚੇਤੰਨ ਹਨ। ਇਹ ਚੇਤਨਾ ਇਸ ਗੱਲ ਵਿਚ ਵੀ ਹੈ ਕਿ ਉਸ ਦੀ ਹਰ ਕਹਾਣੀ ਇਕ ਦੂਜੀ ਤੋਂ ਸੁਤੰਤਰ ਹੈ। ਉਸ ਨੇ ਕਿਸੇ ਵੀ ਕਹਾਣੀ ਨੂੰ ਇਕ ਦੂਜੇ ਉੱਤੇ ਬੋਝ ਨਹੀਂ ਬਣਨ ਦਿੱਤਾ ਸਗੋਂ ਸੁਤੰਤਰ ਰੂਪ ਵਿਚ ਪੇਸ਼ ਕੀਤਾ ਹੈ। ਜਸਵਿੰਦਰ ਸਿੰਘ ਇਸ ਬਦਲਦੀ ਚੇਤਨਾ ਨਾਲ ਉਹ ਮੂਲ ਤੌਰ 'ਤੇ ਯਥਾਰਥ ਕਹਾਣੀ ਦਾ ਰਚੈਤਾ ਹੈ। ਉਹ ਯਥਾਰਥ ਕਹਾਣੀ ਦੀ ਨਵੀਂ ਪਹਿਚਾਣ ਨੂੰ ਕਾਇਮ ਕਰਨ ਵੱਲ ਰੁਚਿਤ ਹੈ। ਇਸੇ ਕਰਕੇ ਉਹ ਆਪਣੀਆਂ ਕਹਾਣੀਆਂ ਵਿਚ ਯਥਾਰਥ ਨਾਲ ਜੁੜੀਆਂ ਬਹੁਤ ਗੁੰਝਲਾਂ ਨੂੰ ਵੀ ਪੇਸ਼ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਭਾਵੇਂ ਕਲਪਨਾ ਹੁੰਦੀ ਹੈ ਪਰ ਫਿਰ ਵੀ ਯਥਾਰਥ ਨੂੰ ਅਧਾਰ ਬਣਾ ਕੇ ਹੀ ਪੇਸ਼ ਕੀਤਾ ਜਾਂਦਾ ਹੈ। ਯਥਾਰਥ ਦੀ ਪੇਸ਼ਕਾਰੀ ਉਹ ਅਜਿਹੇ ਕਲਾਤਮਕ ਢੰਗ ਨਾਲ ਕਰਦਾ ਹੈ ਕਿ ਉਹ ਸਾਨੂੰ ਆਪਣੇ ਨਾਲ ਜਾਂ ਆਮ ਆਦਮੀ ਨਾਲ ਬੀਤੀ ਘਟਨਾ ਪ੍ਰਤੀਤ ਹੁੰਦੀ ਹੈ। ਇਸ ਤਰ੍ਹਾਂ ਦੀ ਉਦਾਹਰਨ ਉਹਨਾਂ ਦੀ

ਕਹਾਣੀ 'ਦੋਹਰੇ ਮਹਾਭਾਰਤ' ਵਿਚ ਦੇਖੀ ਜਾ ਸਕਦੀ ਹੈ। ਜਦੋਂ ਛਿੰਦੇ ਦੇ ਚਾਚੇ ਦਾ ਘਰ ਖਾੜਕੂ ਸਾੜ ਦਿੰਦੇ ਹਨ ਉਹ ਆਪਣੀ ਹੱਡ ਬੀਤੀ ਦੱਸਦਾ ਹੋਇਆ ਕਹਿੰਦਾ ਹੈ,

> "ਛਿੰਦੇ ਪੁੱਤ! ਦੋ ਦਿਨ ਦੋ ਰਾਤਾਂ ਅੰਦਰੇ ਤਾੜੇ ਰਹੇ ਆਂ...ਸੁੰਨਸਾਨ ਰਾਤਾਂ...ਜਿਉਂ ਸ਼ਹਿਰ ਵਿਚ ਦਿਉ ਫਿਰ ਗਿਆ ਹੋਵੇ। ਅੰਦਰ ਬਿਸਤਰਿਆਂ, ਫਰਸ਼ਾਂ ਪੇਟੀਆਂ ਤੇ ਗਿਲੇ ਕਾਰਤੂਸਾਂ ਸਣੇ...ਨਿੱਕੇ ਨਿਆਣੇ ਤੇ ਵੱਡੇ ਵਡੇਰੇ ਗਲ ਘੋਟੂ ਹੁਸੜ ਤੇ ਬਰੂਦੀ ਬੋ 'ਚੋਂ ਘਿਰੇ। ਤਿੰਨ ਬੋਰੀਆਂ ਭਿੱਜੇ ਕਾਰਤੂਸ ਸੁੱਕਣੇ ਪਾ... ਮੁੜ ਸੋਧ ਸੁਧਾਈ ਗੋਚਰੇ ਕਰਨ ਲਈ। ਬੈਠਕ ਵਿਚ ਤਿੰਨ ਸਿੰਘ ਟਿਕੇ ਰਹੇ ਤੇ ਸਾਰਾ ਟੱਬਰ ਸੂਲੀ ਟੰਗਿਆ...।"[10]

ਇਸ ਤਰ੍ਹਾਂ ਅਜਿਹੀ ਘਟਨਾ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਸਮਾਜ ਵਿਚਲੀਆਂ ਵਾਪਰੀਆਂ ਘਟਨਾਵਾਂ ਦੀ ਕਾਫੀ ਨੇੜੇ ਤੋਂ ਜਾਣਕਾਰੀ ਹੈ ਤੇ ਉਹਨਾਂ ਘਟਨਾਵਾਂ ਨੂੰ ਪੇਸ਼ ਕਰਨ ਦੀ ਕਲਾ ਵੀ ਉਹਨਾਂ ਅੰਦਰ ਦੇਖੀ ਜਾ ਸਕਦੀ ਹੈ।

ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ 'ਖੂਹ ਖਾਤੇ' ਵਿਚ ਕਹਾਣੀਆਂ ਵਿਚਲੇ ਪਾਤਰਾਂ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਪਾਤਰਾਂ ਨੂੰ ਸਾਡੇ ਪੰਜਾਬੀ ਜਨ-ਜੀਵਨ ਵਿਚੋਂ ਹੀ ਲਿਆ ਗਿਆ ਹੈ। ਪਾਤਰ ਕਹਾਣੀ ਦੀ ਕਥਾ ਵਿਚ ਅਜਿਹੀ ਧਿਰ ਹਨ, ਜਿਸ ਤੋਂ ਬਿਨ੍ਹਾਂ ਕਥਾ ਦਾ ਵਾਪਰਨਾ ਅਸੰਭਵ ਹੁੰਦਾ ਹੈ। ਪਾਤਰ ਕਥਾ ਦੀ ਘਟਕ ਵੀ ਹੁੰਦੇ ਹਨ, ਕਥਾ ਦੀ ਜੁਗਤ ਵੀ ਤੇ ਕਥਾ ਦੀ ਵਿਚਾਰਧਾਰਾ ਵੀ। ਕਥਾ ਦੀ ਸਮੁੱਚੀ ਤੰਦ ਇਹਨਾਂ ਰਾਹੀਂ ਹੀ ਨੇਪਰੇ ਚੜ੍ਹਦੀ ਹੈ। ਇਹਨਾਂ ਰਾਹੀਂ ਹੀ ਕਾਰਜ ਹੁੰਦਾ ਹੈ ਅਤੇ ਇਹਨਾਂ ਰਾਹੀਂ ਹੀ ਕਥਾ ਵਿਚ ਤਣਾਅ ਨੂੰ ਸਿਰਜਿਆ ਜਾਂਦਾ ਹੈ। ਇਸ ਤਰ੍ਹਾਂ ਬਿਨਾਂ ਤਣਾਅ ਬਿਨਾ ਕਾਰਜ ਕੋਈ ਕਥਾ, ਕਥਾ ਨਹੀਂ ਬਣਦੀ। ਕਥਾ ਵਿਚ ਤਣਾਅ ਰਾਹੀਂ ਕਹਾਣੀਕਾਰ ਜੀਵਨ ਦੀ ਕਿਸੇ ਸਮੱਸਿਆ ਨੂੰ ਪੇਸ਼ ਕਰਦਾ ਹੈ। ਕਹਾਣੀਕਾਰ ਪਾਤਰਾਂ ਦੇ ਰਾਹੀਂ ਤਣਾਅ ਨੂੰ ਸਿਰਜਦਾ ਤੇ ਇਕ ਤੋਂ ਵਧੇਰੇ ਯੁਗਤਾਂ ਨੂੰ ਵਰਤਦਾ ਹੈ। ਕਿਤੇ ਉਹ ਪਾਤਰ ਅਤੇ ਸਮਾਜਿਕ ਪ੍ਰਬੰਧ ਨੂੰ ਆਹਮੋ-ਸਾਹਮਣੇ ਕਰ ਕੇ ਤਣਾਅ ਦੀ ਸਿਰਜਨਾ ਕਰਦਾ ਹੈ, ਕਿਤੇ ਦੋ ਪਾਤਰਾਂ ਨੂੰ ਵਿਰੋਧ ਵਿਚ ਰੱਖ ਦਿੰਦਾ ਹੈ, ਕਿਤੇ ਕਿਸੇ ਪਾਤਰ ਦੇ ਅੰਦਰੂਨੀ ਆਪੇ ਨੂੰ ਹੀ ਦੋਫ਼ਾੜ ਕਰ ਕੇ ਤਣਾਅ ਨੂੰ ਸੰਭਵ ਬਣਾਉਂਦਾ ਹੈ। ਤਣਾਅ ਕਿਸੇ ਵੀ ਪੱਧਰ 'ਤੇ ਕਿਸੇ ਵੀ ਤਰ੍ਹਾਂ ਵਾਪਰੇ ਉਹ ਸੰਭਵ ਪਾਤਰਾਂ ਰਾਹੀਂ ਹੁੰਦਾ ਹੈ। ਇਸ ਤਰ੍ਹਾਂ ਦੀਆਂ ਉਦਾਹਰਨਾਂ ਜਸਵਿੰਦਰ ਸਿੰਘ ਦੀਆਂ ਕਹਾਣੀਆਂ ਵਿਚ ਦੇਖੀਆਂ ਜਾ ਸਕਦੀਆਂ ਹਨ। ਜਸਵਿੰਦਰ ਸਿੰਘ ਦੀ ਕਹਾਣੀ 'ਖਾਰੇ ਪੱਤਣ' ਵਿਚ ਪਾਤਰਾਂ ਵਿਚਲੀ ਆਪਸੀ ਟਕਰਾਅ ਤੋਂ ਤਣਾਅ ਸਿਰਜਦਾ ਹੈ। ਇਸ ਕਹਾਣੀ ਵਿਚ ਮੁੱਖ ਪਾਤਰ ਕੁਲਤਾਰ ਦੀ ਮਾਂ ਕਰਤਾਰ ਆਪਣੇ ਪੁੱਤਰ ਦਾ ਵਿਆਹ ਕੁਲਦੀਪ ਨਾਲ ਕਰਦੀ ਹੈ। ਕੁਲਤਾਰ ਦੀ ਮਾਂ ਅਤੇ ਉਸ ਦੀ ਪਤਨੀ ਵਿਚਕਾਰ ਤਣਾਅ ਉਪਜਣਾ ਸ਼ੁਰੂ ਹੋ ਜਾਂਦਾ ਕਿਉਂਕਿ ਉਸ ਦੀ ਪਤਨੀ ਮਾਂ ਨਹੀਂ ਬਣ ਪਾਉਂਦੀ। ਕਹਾਣੀ ਵਿਚ ਪਾਤਰਾਂ ਦੇ ਰਾਹੀਂ ਤਣਾਅ ਉਸ ਸਮੇਂ ਸਿਖਰ ਤੇ ਪਹੁੰਚ ਜਾਂਦਾ ਹੈ ਜਦੋਂ ਕੁਲਤਾਰ ਦੀ ਪਤਨੀ ਆਪ ਉਸ ਦਾ ਦੂਜਾ ਵਿਆਹ ਆਪਣੀ ਛੋਟੀ ਭੈਣ ਨਾਲ ਕਰਾ ਦਿੰਦੀ ਹੈ

ਤੇ ਪਿਛੋਂ ਆਪ ਹੀ ਉਹਨਾਂ ਦਾ ਇਕੱਠੇ ਰਹਿਣਾ ਅਤੇ ਆਪਣੇ ਇਕਲਾਪੇ ਨੂੰ ਸਹਿਣ ਨਹੀਂ ਕਰ ਪਾਉਂਦੀ ਅਤੇ ਆਪਣੀ ਛੋਟੀ ਭੈਣ ਨੂੰ ਕਹਿੰਦੀ ਹੈ;

> "ਜੰਮਾ ਗੀ ਤਾਂ ਪਹਿਲਾ ਮੈਂ ਹੀ ਜੰਮਾ ਗੀ! ਹਾਂ...ਹਾਂ... ਤੂੰ ਜੰਮ ਕੇ ਦਿਖਾ! ਮੈਂ ਤੇਰੀ ਕੁੱਖ ਨਾ ਪਾੜ ਸੁੱਟੀ ਤਾਂ...ਚੌਂਕੇ ਵਿਚ ਖੜੀ ਵੱਡੀ ਬਹੂ ਲਲਕਾਰ ਰਹੀ ਸੀ।"[11]

ਇਸ ਤਰ੍ਹਾਂ ਦੋਹਾਂ ਪਾਤਰਾਂ ਵਿਚ ਤਣਾਅ ਹੋਰ ਵੱਧ ਜਾਂਦਾ ਹੈ ਅਤੇ ਉਸ ਦੀ ਭੈਣ ਉਸ ਨੂੰ ਉਲਟਾ ਜਵਾਬ ਦਿੰਦੀ ਹੋਈ ਕਹਿੰਦੀ ਹੈ,

> "ਤੂੰ ਹੁੰਦੀ ਕੌਣ ਹੈ...ਮੈਨੂੰ ਰੋਕਣ ਆਲੀ...ਭੁੱਲਗੀ...ਰੋਣਾ ਨਹੀਂ ਸੀ ਠੱਲਿਆ ਜਾਂਦਾ ਉਦੋਂ...ਗੋਡਿਆਂ ਤੋਂ ਹੱਥ ਨਹੀਂ ਸੈਂ ਚੁਕਦੀ... ਅਖੇ ਤੇਰੇ ਰੱਖਣ ਦੀ ਆਂ...ਹੁਣ ਅਣਖ ਜਾਗ ਪਈ...।"[12]

ਇਸ ਤਰ੍ਹਾਂ ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਜਸਵਿੰਦਰ ਸਿੰਘ ਨੇ ਰਿਸ਼ਤਿਆਂ ਵਿਚਲੇ ਤਣਾਅ ਨੂੰ ਬਹੁਤ ਵਧਿਆਂ ਤਰੀਕੇ ਨਾਲ ਪੇਸ਼ ਕੀਤਾ ਹੈ।

## 5.6 ਪਿਛਲ-ਝਾਤ (ਫਲੈਸ਼ਬੈਕ) ਵਿਧੀ

ਜਸਵਿੰਦਰ ਸਿੰਘ ਨੇ ਆਪਣੀਆਂ ਕੁਝ ਕਹਾਣੀਆਂ ਵਿਚ ਪਿਛਲਝਾਤ ਜੁਗਤ ਦੀ ਵਰਤੋਂ ਕੀਤੀ ਹੈ। ਕਹਾਣੀਕਾਰ ਦੀ ਕਹਾਣੀ ਕਲਾ ਇਸੇ ਵਿਚ ਹੈ ਕਿ ਉਹ ਆਪਣੀ ਗੱਲ ਕਹਿਣ ਲਈ ਕਿੱਥੋਂ ਸ਼ੁਰੂਆਤ ਕਰਦਾ ਹੈ, ਕਿਹੜੀ ਯੁਗਤ ਨਾਲ ਕਦੋਂ, ਕਿਹੜੀ ਅਤੇ ਕਿਵੇਂ ਗੱਲ ਕਹਿ ਕੇ ਕਹਾਣੀ ਨੂੰ ਸਮੇਟਦਾ ਕਿਵੇਂ ਹੈ। ਉਸ ਦੀ ਕਹਾਣੀ ਵਿਚ ਵਧੇਰੇ ਕਰਕੇ 'ਮੈਂ' ਦੀ ਥਾਂ 'ਉਸ' ਨੂੰ ਕਥਾ ਨਾਇਕ ਬਣਾਇਆ ਜਾਂਦਾ ਹੈ ਅਤੇ ਕਹਾਣੀ ਦਾ ਸਮੁੱਚਾ ਸੰਸਾਰ ਵਕਤਾ ਦੇ ਸਰਬੰਗ ਵਰਣਨ ਵਿਚ ਰੁਪਾਇਤ ਹੁੰਦਾ ਨਿੱਕੇ-ਨਿੱਕੇ ਵੇਰਵਿਆਂ ਨੂੰ ਉਪ ਘਟਨਾਵਾਂ, ਸੰਵਾਦਾਂ ਅਤੇ ਪਿਛਲ-ਝਾਤ ਦੀ ਯੁਗਤ ਰਾਹੀਂ ਸਮੇਟਦਾ ਉਸ ਦੀ ਕਹਾਣੀ ਦਾ ਬਿਰਤਾਂਤਕ ਰਿਦਮ ਬਣਦਾ ਹੈ। ਜਸਵਿੰਦਰ ਸਿੰਘ ਦੀਆਂ ਕਹਾਣੀਆਂ ਵਿਚ ਪਿਛੋਕੜ ਦੇ ਵਿਸਥਾਰ ਚਿੱਤਰ ਜਿੱਥੇ ਪਾਤਰਾਂ ਦੇ ਸੁਭਾਅ ਦੇ ਵਿਵੇਕ ਨੂੰ ਸਮਝਣ ਵਿਚ ਮਦਦ ਕਰਦੇ ਹਨ, ਉਥੇ ਇਸ ਨਾਲ ਉਹਨਾਂ ਦੇ ਅਤੀਤ ਨੂੰ ਵਰਤਮਾਨ ਨਾਲ ਤੁਲਨਾਉਣ ਵਿਚ ਸਹਾਇਤਾ ਮਿਲਦੀ ਹੈ। ਇਹ ਤੁਲਨਾ ਜੀਵਨ ਵਿਚ ਵਾਪਰਣ ਵਾਲੇ ਬਦਲਾਵਾਂ ਦੀ ਨੁਹਾਰ ਦੀ ਦਸ਼ਾ ਤੇ ਦਿਸ਼ਾ ਉਲੀਕਣ ਵਾਲੀ ਹੁੰਦੀ ਹੈ।

ਜਸਵਿੰਦਰ ਸਿੰਘ ਦੀ ਕਹਾਣੀ ਸੰਰਚਨਾ ਵਿਚ ਜਿਸ ਕਥਾ ਜੁਗਤ 'ਤੇ ਵਧੇਰੇ ਜ਼ੋਰ ਦਿੰਦਾ ਹੈ ਉਹ ਪਿਛਲ ਝਾਤ ਹੈ। ਅਸਲ ਵਿਚ ਜਸਵਿੰਦਰ ਸਿੰਘ ਇਸ ਵਿਧੀ ਨਾਲ ਕਾਰਜਸ਼ੀਲ ਪ੍ਰੇਰਕਾਂ ਨੂੰ ਵਸਤੂਪਰਕ ਦ੍ਰਿਸ਼ਟੀ ਰਾਹੀਂ ਖੋਲ੍ਹਣ ਦਾ ਸਫ਼ਲ ਯਤਨ ਕਰਦਾ ਹੈ ਅਤੇ ਫਿਰ ਇਸ ਕਾਰਜ ਨੂੰ ਪ੍ਰਭਾਵ ਦੀ ਏਕਤਾ ਦੇ ਕ੍ਰਮ ਵਿਚ ਜੋੜ/ਬੀੜ ਕੇ ਇਕ-ਇਕ ਤਾਰਕਿਕ ਸੰਗਠਨ ਵਿਚ ਢਾਲਦਾ ਹੈ। ਪਿਛਲ ਝਾਤ ਜੁਗਤ ਦੀ ਕਥਾ ਜੁਗਤ ਰਾਹੀਂ ਉਹ ਵਾਪਰ ਚੁੱਕੀ

ਘਟਨਾ ਦੇ ਪ੍ਰੇਰਕਾਂ ਦੀ ਥਾਹ ਪਾਉਣ ਦੇ ਗੰਭੀਰ ਯਤਨ ਜੁਟਾਉਂਦਾ ਹੈ। ਉਸ ਦੀਆਂ ਕਹਾਣੀਆਂ ਦਾ ਆਰੰਭ ਆਮ ਕਰਕੇ ਸਿਖਰ ਦੀ ਸੂਚਕ ਘਟਨਾ ਦੇ ਵਾਪਰ ਜਾਣ ਉਪਰੰਤ ਹੁੰਦਾ ਹੈ। ਘਟਨਾ ਦੇ ਪਿਛੋਕੜ ਵਿਚ ਗਤੀਸ਼ੀਲ ਘਟਨਾਵਾਂ ਉਹ ਪਾਤਰ ਦੇ ਮਾਨਸਿਕ ਚਿਤਰਪਟ ਦੇ ਮਾਧਿਅਮ ਦੁਆਰਾ ਸਮੂਰਤ ਕਰਦਾ ਹੈ। ਇਹ ਜੁਗਤ ਜਸਵਿੰਦਰ ਸਿੰਘ ਦੀਆਂ ਕਹਾਣੀਆਂ ਨੂੰ ਮਨੋਵਿਗਿਆਨਕ ਬਣਾਉਂਦੀ ਹੈ, ਕਿਉਂਕਿ ਮਨੁੱਖ ਆਪਣੇ ਸੰਵੇਦਨਸ਼ੀਲ ਹੁੰਦੀਆਂ ਸੁਚੇਤ ਅਤੇ ਅਚੇਤ ਤੌਰ ’ਤੇ ਕੁਝ ਨਾ ਕੁਝ ਹਰ ਵੇਲੇ ਸੋਚਦਾ ਹੀ ਰਹਿੰਦਾ ਹੈ। ਮਨੁੱਖ ਦਾ ਮਨ ਆਪਣੇ ਅਤੀਤ ਭਵਿੱਖ ਅਤੇ ਹੋਰ ਵਰਤਾਰਿਆਂ ਨਾਲ ਜੁੜਿਆ ਹੋਣ ਕਰਕੇ ਚੰਚਲਤਾ ਧਾਰਨ ਕਰਦਾ ਹੈ। ਇਸ ਯੁਗਤ ਨਾਲ ਜਸਵਿੰਦਰ ਸਿੰਘ ਦੀਆਂ ਕਹਾਣੀਆਂ ਵਿਚ ਵਧੇਰੇ ਜਟਿਲਤਾ ਆਈ ਹੈ। ਜਸਵਿੰਦਰ ਸਿੰਘ ਪਿਛਲ-ਝਾਤ ’ਤੇ ਭਵਿੱਖ ਵਿਧੀ ਦਾ ਸਹਾਰਾ ਲੈਂਦਿਆਂ ਸੱਜੇ-ਖੱਬੇ ਅਤੇ ਅੱਗੇ ਪਿੱਛੇ ਵੇਖ ਕੇ ਚੱਲਿਆ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਜਸਵਿੰਦਰ ਸਿੰਘ ਨੇ ‘ਆਵਾਗੌਣ’, ‘ਸਹਿਕਦਾ ਸੱਚ’, ‘ਦੋਹਰੇ ਮਹਾਭਾਰਤ’, ‘ਮਰੇ ਮਾਤਮ’ ਆਦਿ ਕਹਾਣੀਆਂ ਵਿਚ ਪਿਛਲ-ਝਾਤ ਵਿਧੀ ਦੀ ਸਫ਼ਲ ਵਰਤੋਂ ਕੀਤੀ ਹੈ। ਉਸ ਦੇ ਅਜਿਹਾ ਕਰਨ ਨਾਲ ਪੰਜਾਬੀ ਕਹਾਣੀ ਦੀ ਮੂਲ ਸਿਨਫ ਨਾਲ ਛੇੜ ਛਾੜ ਨਹੀਂ ਹੋਈ, ਮਤਲਬ ਕਿ ਕਹਾਣੀ ਆਪਣੇ ਸਮੇਂ ਦੀ ਬੰਦਿਸ਼ ਵਿਚ ਰਹਿੰਦੀ ਹੋਈ ਮਨੁੱਖੀ ਜ਼ਿੰਦਗੀ ਦੇ ਮਨੋਵਿਗਿਆਨਕ ਪੱਖਾਂ ਨੂੰ ਵੀ ਉਸਾਰਦੀ ਹੈ। ਅਜਿਹੀ ਵਿਧੀ ਨਾਲ ਪਾਠਕ ਸੁਹਜ ਸੁਆਦ ਦੇ ਨਾਲ-ਨਾਲ ਜਾਣਕਾਰੀ ਦੇ ਵਾਧੇ ਦਾ ਵੀ ਆਨੰਦ ਮਾਣਦਾ ਹੈ।

## 5.7 ਸਾਹਿਤਕਤਾ

ਜਸਵਿੰਦਰ ਸਿੰਘ ਦੇ ਗਲਪ ਵਿਚ ਇਕ ਵਿਸ਼ੇਸ ਗੁਣ ਇਹ ਹੈ ਕਿ ਉਸ ਦਾ ਗਲਪ ਅਸ਼ਲੀਲਤਾ ਤੋਂ ਨਿਰਲੇਪ ਸਾਹਿਤਕ ਗੁਣਾਂ ’ਤੇ ਖਰਿਆਂ ਉਤਰਿਆਂ ਹੈ। ਜਸਵਿੰਦਰ ਸਿੰਘ ਦੀ ਇਹ ਸੰਰਚਨਾ ਵਿਧੀ ਹੈ ਕਿ ਜੇ ਉਹ ਆਪਣੇ ਪਾਤਰਾਂ ਤੋਂ ਗਾਲ੍ਹਾਂ ਵੀ ਕਢਵਾਉਂਦਾ ਹੈ ਤਾਂ ਉਥੇ ਵੀ ਸਾਹਿਤਕ ਮਿਆਰ ਕਾਇਮ ਰੱਖਦਾ ਹੈ। ਗਾਲ੍ਹ ਦੀ ਖਾਨਾਪੂਰਤੀ ਨੂੰ ਉਹ ਖਾਲੀ ਜਗ੍ਹਾ ਛੱਡ ਕੇ ਪੂਰਦਾ ਹੈ। ਇਸ ਤਰ੍ਹਾਂ ਦੀ ਸਫ਼ਲ ਉਦਾਹਰਣ ਉਹਨਾਂ ਦੀ ਕਹਾਣੀ ‘ਪਰਦੇਸੀ’ ਵਿਚ ਦੇਖੀ ਜਾ ਸਕਦੀ ਹੈ। ਜਦੋਂ ਕਹਾਣੀ ਦਾ ਮੁੱਖ ਪਾਤਰ ਕਰਮ ਸਿੰਘ ਸ਼ਰਾਬ ਪੀਣੋਂ ਨਹੀਂ ਹੱਟਦਾ ਤੇ ਸ਼ਰਾਬ ਵਿਚ ਹੀ ਸਭ ਕੁਝ ਲੁਟਾਈ ਜਾਂਦਾ ਹੈ ਤਾਂ ਉਸ ਦੀ ਪਤਨੀ ਉਸ ਨੂੰ ਸ਼ਰਾਬ ਪੀਣ ਤੋਂ ਰੋਕਦੀ ਹੈ ਪਰ ਉਹ ਉਸ ਨੂੰ ਗਾਲ੍ਹਾਂ ਕੱਢਣ ਲੱਗ ਪੈਂਦਾ ਹੈ,

> “ ਕੁੱਤੀਏ ਤੇਰੀ ਏਹ ਹਿੰਮਤ? ਮੇਰਾ ਖੂਨ...ਪੀ...ਲਿਆ ਤੁਸਾਂ...ਰਲ ਮਿਲ ਕੇ...ਮੈਂ ਕਿਸੇ ਭੈਣ...ਦੀ ਪਰਵਾਹ ਨਹੀਂ ਕਰਦਾ, ਜੋ ਜੀ ਆਈ ਕਰੂੰਗਾ...ਤੂੰ ਹੁੰਨੀ ...ਕੌਣ...ਐਂ...।”[13]

ਇਸੇ ਤਰ੍ਹਾਂ ਉਹ ਫਿਰ ਵੀ ਬੋਲਣੋ ਨਹੀਂ ਹੱਟਦੀ ਅਤੇ ਉਹ ਫਿਰ ਕਹਿੰਦਾ,

> “ਜੇ ਬਹੁਤਾ ਬੱਕ ਬੱਕ ਕੀਤੀ ਤਾਂ ਚੱਕ ਬਾਹਰ ਮਾਰੂ...! ਕੁੱਤੀ ਰੰਨ ਬਕੜਵਾਹ ਲਾ ਰੱਖੀ ਆ...।”[14]

ਇਸ ਤਰ੍ਹਾਂ ਦੀ ਉਦਾਹਰਣ ਉਹਨਾਂ ਦੀ ਇਕ ਹੋਰ ਕਹਾਣੀ 'ਦੋਰਹੇ ਮਹਾਭਾਰਤ' ਵਿਚ ਦੇਖੀ ਜਾ ਸਕਦੀ ਹੈ। ਕਹਾਣੀ ਦੇ ਮੁੱਖ ਪਾਤਰ ਛਿੰਦੇਂ ਦੇ ਚਾਚੇ ਦਾ ਘਰ ਜਦੋਂ ਨਕਲੀ ਬਣੇ ਖਾੜਕੂ ਸਾੜ ਦਿੰਦੇ ਹਨ ਤਾਂ ਉਹ ਉਹਨਾਂ ਨੂੰ ਗਾਲ੍ਹਾਂ ਕੱਢਦਾ ਹੋਇਆ ਕਹਿੰਦਾ ਹੈ,

> "ਸਭ ਕੁੱਤੀ ਝੜੰਮ ਕੱਠੀ ਹੋਈ ਫਿਰਦੀ ਐ...ਨਾਲੇ ਰਲਗੀ ਜਟਵੈੜ। ਘਰੋਂ ਟਾਟੇ ਨਾਂਗੇ! ਏਹ ਕੋਈ ਅਸਲੀ ਸਿੰਘ ਨੀ ਛਿੰਦੇ...ਉਹ ਤਾਂ...।"[15]

ਜਸਵਿੰਦਰ ਸਿੰਘ ਦੀ ਇਕ ਹੋਰ ਕਹਾਣੀ 'ਮਰੇ ਮਾਤਮ' ਵਿਚ ਵੀ ਉਸ ਦੀ ਸਾਹਿਤਕਤਾ ਨੂੰ ਦੇਖਿਆ ਜਾ ਸਕਦਾ ਹੈ। ਕਹਾਣੀ ਦਾ ਮੁੱਖ ਪਾਤਰ ਬਲਦੇਵ ਜਦੋਂ ਹੈਡਮਾਸਟਰ ਦੀ ਬਦਲੀ ਕਿਤੇ ਹੋਰ ਕਰਵਾ ਦਿੰਦਾ ਹੈ ਤਾਂ ਜ਼ੈਲਦਾਰ ਉਸ ਦੀ ਠੁੱਕ ਬੰਨਦਾ ਹੋਇਆ ਕਹਿੰਦਾ ਹੈ,

> "ਚੱਕ ਮਾਰਿਆ...ਆਪਾਂ ਭੈਣ ਦੇਣੇ ਨੂੰ...ਵੀਹ ਮੀਲ ਮੰਡ ਵੱਲ ਪਰ੍ਹੇ...ਕਾਵਾਂ ਆਲੇ ਪੱਤਣ ਕੋ...ਹੈਨ ਆਪਣੇ ਬੰਦੇ...ਔਧਰ...ਸਿਝ ਲੈਣ ਗੇ...ਕੁੱਤੀ ਦੇ ਪੁੱਤ ਨਾਲ...ਡੌਹੁੰਦੀ ਮੱਥਾ ਸਾਡੇ ਨਾਲ...ਕਤੀੜ ਜਾਤ...।"[16]

'ਮਰੇ ਮਾਤਮ' ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਬਲਦੇਵ ਦੇ ਪਰਿਵਾਰ ਦੀ ਜ਼ੈਲਦਾਰ ਨਾਲ ਬਣਦੀ ਨਹੀਂ ਪਰ ਬਲਦੇਵ ਨਾਲ ਉਸ ਦੀ ਬਣਦੀ ਹੈ ਤੇ ਬਲਦੇਵ ਦਾ ਪਿਤਾ ਤਾਂ ਉਸ ਨੂੰ ਆਪਣੇ ਘਰ ਵਿਚ ਵੜਨ ਤੱਕ ਨਹੀਂ ਦਿੰਦਾ ਸੀ। ਪਰ ਅੱਜ ਬਲਦੇਵ ਦਾ ਪਿਤਾ ਇਸ ਦੁਨੀਆਂ ਵਿਚ ਨਹੀਂ ਰਿਹਾ ਤਾਂ ਜ਼ੈਲਦਾਰ ਉਹਨਾਂ ਦੇ ਘਰ ਦਾ ਮੁਖੀਆ ਬਣਿਆ ਬੈਠਾ ਹੈ। ਬਲਦੇਵ ਦੇ ਪਿਤਾ ਦੀ ਮੌਤ ਦੀ ਹਰ ਰਸਮ ਰਿਵਾਜ਼ ਵਿਚ ਉਹ ਟੰਗ ਅੜਾਅ ਰਿਹਾ ਹੈ। ਇਸ ਗੱਲ ਨੂੰ ਬਲਦੇਵ ਦਾ ਛੋਟਾ ਭਰਾ ਬਿਲਕੁਲ ਬਰਦਾਸ਼ਤ ਨਹੀਂ ਕਰਦਾ, ਜਦੋਂ ਜ਼ੈਲਦਾਰ ਉਹਨਾਂ ਦੇ ਪਿਤਾ ਦੇ ਭੋਗ ਵਾਲੇ ਦਿਨ ਵੀ ਉਹਨਾਂ ਦਾ ਮਜ਼ਾਕ ਉਡਾਉਣੋਂ ਨਹੀਂ ਹੱਟਦਾ ਤਾਂ ਉਸ ਦਾ ਭਰਾ ਗੁੱਸੇ ਵਿਚ ਆਇਆ ਕਹਿੰਦਾ ਹੈ,

> "ਤੈਨੂੰ ਨਿਉਂਦਾ ਪੌਣ ਨੂੰ ਸੱਦਾ ਭੇਜਿਆ ਸੀ...ਵੱਡੇ ਰਾਠ ਦੇ ਪੁੱਤ ਨੂੰ...ਨਿਕਲ ਬਾਹਰ...ਤੇਰੀ ਭੈਣ...ਨਿਕਲ ਵੱਡੇ ਸਰਦਾਰ ਦੀ...ਨਿ...ਕ...ਲ ਬਾ...ਰ...।"[17]

ਇਸ ਤਰ੍ਹਾਂ ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਜਸਵਿੰਦਰ ਸਿੰਘ ਦਾ ਗਲਪ ਸੰਸਾਰ ਜਿਥੇ ਵਿਸ਼ੇ ਦੇ ਪੱਖ ਤੋਂ ਬਹੁਤ ਮਹੱਤਤਾ ਰੱਖਦਾ ਹੈ ਉਥੇ ਕਲਾ ਦੇ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਹੈ। ਜਸਵਿੰਦਰ ਸਿੰਘ ਦੁਆਰਾ ਸਿਰਜਿਆ ਬਿਰਤਾਂਤ ਦੁਨੀਆਂ ਦੀ ਕਿਸੇ ਵੀ ਜ਼ੁਬਾਨ ਦਾ ਅੰਗ ਬਣ ਸਕਦਾ ਹੈ, ਕਿਉਂਕਿ ਇਸ ਵਿਚ ਉਹ ਇਸ਼ਾਰੇ ਹਨ ਜੋ ਜਸਵਿੰਦਰ ਸਿੰਘ ਦੀ ਰਚਨਾ-ਦ੍ਰਿਸ਼ਟੀ ਦੀ ਸ਼ਕਤੀ ਪ੍ਰਗਟਾਉਂਦੇ ਹਨ। ਜਸਵਿੰਦਰ ਸਿੰਘ ਦੀ ਗਲਪ ਸੰਰਚਨਾ ਵਿਚ ਇਹ ਖੂਬਸੂਰਤੀ ਕਹੀ ਜਾ ਸਕਦੀ ਹੈ ਕਿ ਉਸ ਦੇ ਨਾਵਲ ਅਤੇ ਕਹਾਣੀ ਸੰਗ੍ਰਹਿ ਨੂੰ ਪੜ੍ਹਦਿਆਂ ਇਕ ਅਜਿਹੇ ਮਨੁੱਖ ਦੀ ਸਿਰਜਣਾ ਸਕਾਰ ਹੋ ਜਾਂਦੀ ਹੈ ਜਿਸ ਦੇ ਅਵਚੇਤਨ ਵਿਚ ਤੀਸਰੀ ਦੁਨੀਆਂ ਦੇ ਲੋਕਾਂ ਦੀਆਂ ਸਮੁੱਚੀਆਂ

ਜਟਿਲਤਾਵਾਂ, ਸਮੱਸਿਆਵਾਂ, ਦੁਵਿਧਾਵਾਂ ਅਤਿ ਸੰਘਣੇ ਅਤੇ ਮਹੀਨ ਵਰਤਾਰੇ ਦੇ ਰੂਪ ਵਿਚ ਪਈਆਂ ਹਨ, ਪ੍ਰੰਤੂ ਜਦੋਂ ਉਹ ਵਿਕਸਿਤ ਪੂੰਜੀਵਾਦੀ ਅਰਥ ਵਿਵਸਥਾ ਨਾਲ ਅਚੇਤ ਤੌਰ ’ਤੇ ਸੰਵਾਦ ਰਚਾਉਂਦਾ ਹੈ ਤਾਂ ਉਸ ਦਾ ਅਵਚੇਤਨ ਇਕ ਅਜਿਹੇ ਸੱਭਿਆਚਾਰਕ ਵਿਸਫੋਟ ਦੀ ਸਥਿਤੀ ਬਣ ਜਾਂਦਾ ਹੈ, ਜਿਸ ਨੂੰ ਕਹਾਣੀਕਾਰ ਨੇ ਇਕ ਵਿਸ਼ੇਸ਼ ਕਿਸਮ ਦੇ ਬਿਰਤਾਂਤਕ ਕੋਡ ਜਿਵੇਂ ਪਿਛਲ-ਝਾਤ, ਕਲਪਨਾ, ਕਾਵਿਕ ਸ਼ੈਲੀ ਆਦਿ ਰਾਹੀਂ ਅਭਿਵਿਅਕਤ ਕੀਤਾ ਹੈ। ਜਸਵਿੰਦਰ ਸਿੰਘ ਦੀਆਂ ਬਹੁਤੀਆਂ ਕਹਾਣੀਆਂ ਦਾ ਅੰਤ ਦੁਖਾਂਤ ਵਿਚ ਹੁੰਦਾ ਹੈ, ਪਰ ਇਸ ਦੁਖਾਂਤਕ ਅੰਸ਼ਾਂ ਪਿੱਛੇ ਭਵਿੱਖਮੁਖੀ ਪਰਤ ਛੁਪੀ ਹੋਈ ਹੈ। ਇਹੀ ਕਾਰਨ ਹੈ ਕਿ ਜਸਵਿੰਦਰ ਸਿੰਘ ਦੀਆਂ ਕਹਾਣੀਆਂ ਦੇ ਪਾਤਰ ਉਦਾਸ ਤਾਂ ਹੁੰਦੇ ਹਨ, ਪਰ ਭਵਿੱਖਤ ਸੋਚ ਕਾਰਨ ਨਿਰਾਸ਼ ਨਹੀਂ ਹੁੰਦੇ। ਇਸ ਤਰ੍ਹਾਂ ਸਮੁੱਚੇ ਗਲਪ ਕਹਾਣੀਆਂ ਦਾ ਮਾਈਕਰੋ ਵਿਸ਼ਲੇਸ਼ਣ ਕਰਦਿਆਂ ਜਾਪਦਾ ਹੈ ਕਿ ਜਸਵਿੰਦਰ ਸਿੰਘ ਆਪਣੇ ਗਲਪ ਬਿਰਤਾਂਤ (ਨਾਵਲ ਅਤੇ ਕਹਾਣੀ) ਵਿਚ ਕਈ ਨਵੀਆਂ ਤਕਨੀਕਾਂ ਨੂੰ ਪੇਸ਼ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ:-**

1. ਜਸਵਿੰਦਰ ਸਿੰਘ, ਮਾਤ ਲੋਕ, ਪੰਨਾ 315-16

2. ਉਹੀ, ਪੰਨਾ 175

3. ਉਹੀ, ਪੰਨਾ 156-57

4. ਉਹੀ, ਪੰਨਾ 96

5. ਉਹੀ, ਪੰਨਾ 197

6. ਜਸਵਿੰਦਰ ਸਿੰਘ, ਖੂਹ ਖਾਤੇ, ਪੰਨਾ 26

7. ਉਹੀ, ਪੰਨਾ 22

8. ਉਹੀ, ਪੰਨਾ 89

9. ਉਹੀ, ਪੰਨਾ 89

10. ਉਹੀ, ਪੰਨਾ 79

11. ਉਹੀ, ਪੰਨਾ 109

12. ਉਹੀ, ਪੰਨਾ 109

13. ਉਹੀ, ਪੰਨਾ 33

14. ਉਹੀ, ਪੰਨਾ 33

15. ਉਹੀ, ਪੰਨਾ 83

16. ਉਹੀ, ਪੰਨਾ 95

17. ਉਹੀ, ਪੰਨਾ 100

# ਸਾਰ ਤੇ ਸਥਾਪਨਾਵਾਂ

ਸਾਹਿਤ ਮਾਨਵੀ ਜ਼ਿੰਦਗੀ ਦੀ ਯਥਾਰਥ ਪੇਸ਼ਕਾਰੀ ਕਰਦਾ ਸਮਾਜ ਦੇ ਰੂਪਾਂਤਰਣ 'ਚੋਂ ਉਪਜਿਆ ਇਕ ਅਜਿਹਾ ਅਨੋਖਾ ਅਮਲ ਹੈ ਜੋ ਬਹੁ-ਪਰਤੀ, ਬਹੁ ਅਰਥੀ, ਬਹੁ-ਦਿਸ਼ਾਵੀ ਪਾਸਾਰ ਰੱਖਦਾ ਹੈ। ਭਾਰਤੀ ਚਿੰਤਕਾਂ ਨੇ ਸਾਹਿਤ ਵਿਚ 'ਸਤਿਅਮ, ਸ਼ਿਵਮ, ਸੁੰਦਰਮ ਦਾ ਹੋਣਾ ਜ਼ਰੂਰੀ ਮੰਨਿਆ ਹੈ। ਸਾਹਿਤ ਉੱਚੀਆਂ-ਸੁੱਚੀਆਂ ਰੂਹਾਂ ਦੇ ਮਾਨਸਿਕ, ਸਮਾਜ ਕਲਿਆਣ ਨਾਲ ਸੰਬੰਧਤ ਸੰਕਲਪਾਂ ਅਤੇ ਕੁਦਰਤੀ ਸੁਹਜ ਦਾ ਸ਼ਾਬਦਿਕ ਉਤਾਰਾ ਹੁੰਦਾ ਹੈ। ਸਬੰਧਤ ਕਾਲ ਵਿਚ ਪ੍ਰਾਪਤ ਸਾਹਿਤ/ਕਲਾ ਦੀ ਨਿਰਖ ਪਰਖ ਲਈ ਬਣਾਏ ਵਿਧਾਨ/ਨੇਮਾਂ ਦੀ ਕਸੌਟੀ 'ਤੇ ਉਤਰਿਆ ਸਾਹਿਤ ਹੀ ਲਲਿਤ ਕਲਾ ਦਾ ਉੱਤਮ ਨਮੂਨਾ ਹੈ। ਦੁਨੀਆ ਦੇ ਸਾਹਿਤ ਵਿਚ ਪੰਜਾਬੀ ਸਾਹਿਤ ਦਾ ਨਿਵੇਕਲਾ ਸਥਾਨ ਹੈ। ਪੰਜਾਬੀ ਸਾਹਿਤ ਵਿਚ ਉਹ ਅਮੀਰੀ ਗੁਣ ਹਨ ਜੋ ਕਿਸੇ ਦੇਸ਼, ਕੌਮ, ਧਰਮ, ਸਮਾਜ, ਸਮੂਹ ਦੀ ਹੋਂਦ ਨੂੰ ਪ੍ਰਵਾਨਗੀ ਦਿੰਦੇ ਹਨ। ਜਿਥੇ ਮੱਧਕਾਲੀ ਪੰਜਾਬੀ ਸਾਹਿਤ ਬ੍ਰਹਮ ਕੇਂਦਰਿਤ ਹੋਣ ਕਰਕੇ ਆਦਰਸ਼ਕ ਮਨੁੱਖ ਦਾ ਮਾਡਲ ਸਿਰਜਦਾ ਹੈ, ਉਥੇ ਆਧੁਨਿਕ ਪੰਜਾਬੀ ਸਾਹਿਤ ਮਾਨਵ ਕੇਂਦਰਿਤ ਹੋਣ ਕਰਕੇ ਮਾਨਵੀਂ ਸੰਕਲਪਾਂ ਦੀ ਗੱਲ ਵਧੇਰੇ ਕਰਦਾ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚੋਂ ਗਲਪ (ਨਾਵਲ ਅਤੇ ਕਹਾਣੀ) ਸਾਹਿਤ ਵਿਚ ਮਨੁੱਖ ਦੀਆਂ ਮਾਨਸਿਕ ਗੁੰਝਲਾਂ, ਜਲਿਟ ਸਮੱਸਿਆਵਾਂ ਅਤੇ ਆਤਰਿਕ ਪ੍ਰਸਥਿਤੀਆਂ ਦੀ ਵਧੇਰੇ ਪੇਸ਼ਕਾਰੀ ਹੋਈ ਮਿਲਦੀ ਹੈ। ਪੰਜਾਬੀ ਗਲਪ ਸਾਹਿਤ ਵਿਚ ਜਸਵਿੰਦਰ ਸਿੰਘ ਦੀ ਸਿਰਜਣਾ ਪੰਜਾਬੀ ਗਲਪ ਸਾਹਿਤ ਵਿਚ ਵਾਧਾ ਕਰਦੀ ਹੈ।

ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ "ਜਸਵਿੰਦਰ ਸਿੰਘ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚੇਤਨਾ" ਹੈ। ਇਸ ਖੋਜ ਕਾਰਜ ਵਿਚ ਜਸਵਿੰਦਰ ਸਿੰਘ ਦਾ ਨਾਵਲ "ਮਾਤ ਲੋਕ" ਅਤੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਨੂੰ ਲਿਆ ਗਿਆ ਹੈ। ਨਾਵਲ ਅਤੇ ਕਹਾਣੀ ਗਲਪ ਸਾਹਿਤ ਦੀ ਇਕ ਮਹੱਤਵਪੂਰਨ ਵੰਨਗੀ ਹੈ। ਗਲਪ ਪੂੰਜੀਵਾਦੀ ਦੌਰ ਅੰਦਰ ਮੱਧ ਸ਼੍ਰੇਣੀ ਵਿਚ ਜਿਉਂਦੇ ਮਨੁੱਖ ਦੀ ਅੰਦਰੂਨੀ ਚੇਤਨਾ ਦੀ ਬਾਸਤ ਪਾਉਂਦਾ ਹੈ। ਗਲਪ ਬਿਰਤਾਂਤ ਸਾਹਿਤ ਦੀ ਅਜਿਹੀ ਵੰਨਗੀ ਹੈ ਜਿਹੜੀ ਵਾਰਤਕ ਵਿਚ ਰਚੀ ਜਾਂਦੀ ਹੈ। ਨਵੀਨ ਗਲਪ ਮੱਧ ਸ਼੍ਰੇਣੀ ਦੇ ਜੀਵਨ ਨਾਲ ਜੁੜਿਆ ਇਕ ਅਜਿਹਾ ਸਾਹਿਤ ਰੂਪ ਹੈ, ਜਿਹੜਾ ਨਵੇਂ ਉਦਯੋਗਿਕ ਯੁੱਗ, ਵਿਅਕਤੀਵਾਦੀ ਰੁਚੀਆਂ, ਪੂੰਜੀਵਾਦ ਦੇ ਦੌਰ ਅੰਦਰ ਸੁਰਮਾਏ ਦਾਰੀ ਦੇ ਪੁੜਾਂ ਵਿਚ ਪਿਸ ਰਹੇ ਮਨੁੱਖ ਦੀ ਹੋਣੀ ਆਦਿ ਸਦਕਾ ਹੋਂਦ ਵਿਚ ਆਇਆ ਹੈ। ਇਸ ਪ੍ਰਕਾਰ ਜ਼ਰੂਰੀ ਨਹੀਂ ਹੈ ਕਿ ਗਲਪ ਨਿਰੋਲ ਸੱਚ ਹੋਵੇ, ਸਗੋਂ ਇਹ ਕਲਪਿਤ ਸੱਚ ਹੁੰਦਾ ਹੈ। ਗਲਪ ਜੀਵਨ ਦਾ ਸੱਚ ਘੱਟ ਸਾਹਿਤ ਅਰਥਾਤ ਕਲਾ ਦਾ ਸੱਚ ਵਧੇਰੇ ਹੁੰਦਾ ਹੈ। ਦਰਅਸਲ ਜਦੋਂ ਗੱਪ ਵੀ ਜ਼ਿੰਦਗੀ ਦੀ ਅਸਲੀਅਤ ਵਰਗੀ ਪ੍ਰਤੀਤ ਹੋਵੇ ਤਾਂ ਇਹ ਗਲਪ ਬਣ ਜਾਂਦੀ ਹੈ। ਇਸ ਲਈ ਕਈ ਵਾਰੀ ਗਲਪ ਨੂੰ ਜੀਵਨਮਈ ਗੱਪ ਵੀ ਆਖ ਦਿੱਤਾ ਜਾਂਦਾ ਹੈ ਪਰ ਅਜਿਹੀ ਗੱਪ ਜੋ ਸਮਾਜਕ ਯਥਾਰਥ ਦੇ ਨੇੜੇ ਹੋਵੇ। ਦਰਅਸਲ ਅਜੋਕੇ ਪੂੰਜੀਵਾਦੀ ਦੌਰ ਵਿਚ ਵਿਚਰਦੇ ਮਾਨਵੀ ਜ਼ਿੰਦਗੀ ਦੀਆਂ ਪ੍ਰਸਿਤੀਆਂ ਨੂੰ ਗਲਪ ਸਾਹਿਤ ਵਿਚ ਵਧੇਰੇ ਸਾਰਥਿਕ ਢੰਗ ਨਾਲ ਬਿਆਨਿਆ ਗਿਆ ਹੈ।

ਜਸਵਿੰਦਰ ਸਿੰਘ ਦੀ ਵੀ ਗਲਪ ਸਾਹਿਤ ਪ੍ਰਤੀ ਪਹੁੰਚ ਸਾਰਥਿਕ ਹੈ। ਇਸ ਪਹੁੰਚ ਦੇ ਬਹੁਪਾਸਾਰ ਉਲੀਕਣ ਲਈ ਖੋਜ-ਪ੍ਰਬੰਧ ਨੂੰ ਅੱਗੇ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ।

ਪਹਿਲੇ ਅਧਿਆਇ ਵਿਚ **"ਪੰਜਾਬੀ ਗਲਪ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ"** ਨੂੰ ਵਿਚਾਰਿਆ ਗਿਆ ਹੈ। ਗਲਪ ਸਾਹਿਤ ਦਾ ਸਿਧਾਂਤਕ ਮਾਡਲ ਤਲਾਸ਼ਣ ਲਈ ਇਸ ਅਧਿਆਇ ਨੂੰ ਅੱਗੇ ਹੋਰ ਉਪ-ਭਾਗਾਂ ਵਿਚ ਵੰਡ ਕੇ ਗਲਪ ਸਾਹਿਤ ਦੇ ਸਿਧਾਂਤਕ ਤੇ ਇਤਿਹਾਸਕ ਅਧਿਐਨ ਨੂੰ ਸਮਝਣ ਦਾ ਸਫ਼ਲ ਉਪਰਾਲਾ ਕੀਤਾ ਹੈ। ਗਲਪ ਦੇ ਦੋ ਸਾਹਿਤ ਰੂਪ ਹਨ ਕਹਾਣੀ ਅਤੇ ਨਾਵਲ। ਪਹਿਲੇ ਅਧਿਆਇ ਵਿਚ ਸਭ ਤੋਂ ਪਹਿਲਾ ਕਹਾਣੀ ਦੇ ਅਰਥ ਨੂੰ ਪੇਸ਼ ਕਰਕੇ ਦੱਸਿਆ ਗਿਆ ਹੈ ਕਿ ਕਿਵੇਂ ਸਮੇਂ-ਸਮੇਂ 'ਤੇ ਕਹਾਣੀ ਦੇ ਅਰਥਾਂ ਵਿਚ ਪਰਿਵਰਤਨ ਆਉਂਦਾ ਗਿਆ ਹੈ। ਕਹਾਣੀ ਦੇ ਅਲੱਗ-ਅਲੱਗ ਨਾਮਾਂ ਦੀ ਪੇਸ਼ਕਾਰੀ ਕੀਤੀ ਗਈ ਹੈ ਜਿਵੇਂ ਕਥਨਕ, ਕਥਾ, ਕਿੱਸਾ, ਵਾਰਤਾ, ਬਾਤ, ਅਫ਼ਸਾਨਾ, ਮਨਘੜਤ ਗੱਲ ਆਦਿ ਕਹਾਣੀ ਦੇ ਨਾਮਕਰਨ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਤੋਂ ਅੱਗੇ ਕਹਾਣੀ ਦੀ ਪਰਿਭਾਸ਼ਾ ਦੀ ਗੱਲ ਕੀਤੀ ਗਈ ਹੈ। ਹਰ ਸਾਹਿਤ ਰੂਪ ਵਾਂਗ ਪੰਜਾਬੀ ਸਾਹਿਤ ਰੂਪ ਕਹਾਣੀ ਸੰਬੰਧੀ ਵੀ ਅਲੱਗ-ਅਲੱਗ ਚਿੰਤਕਾਂ ਨੇ ਆਪਣੀਆਂ-ਆਪਣੀਆਂ ਪਰਿਭਾਸ਼ਾਵਾਂ ਦੇ ਕੇ ਇਸ ਨੂੰ ਸ਼ਪੱਸਟ ਕੀਤਾ ਹੈ। ਇਸ ਵਿਚ ਪਹਿਲਾ ਵਿਦੇਸ਼ੀ ਚਿੰਤਕਾਂ, ਫਿਰ ਭਾਰਤੀ ਚਿੰਤਕਾਂ ਅਤੇ ਪੰਜਾਬੀ ਚਿੰਤਕਾਂ ਦੀਆਂ ਅਲੱਗ-ਅਲੱਗ ਪਰਿਭਾਸ਼ਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਅੱਗੇ ਪੰਜਾਬੀ ਕਹਾਣੀ ਦੇ ਪ੍ਰਮੁੱਖ ਤੱਤਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਪੰਜਾਬੀ ਕਹਾਣੀ ਦੇ ਤੱਤ ਵਿਸ਼ਾ, ਗੋਂਦ, ਪਾਤਰ ਚਿਤਰਨ, ਵਾਰਤਾਲਾਪ, ਸ਼ੈਲੀ, ਉਦੇਸ਼ ਆਦਿ ਸਾਰੇ ਤੱਤਾਂ ਨੂੰ ਪੇਸ਼ ਕੀਤਾ ਗਿਆ ਹੈ। ਉਪਰੰਤ ਪੰਜਾਬੀ ਕਹਾਣੀ ਦੇ ਇਤਿਹਾਸਕ ਸਫ਼ਰ ਦੀ ਗੱਲ ਕੀਤੀ ਗਈ ਹੈ। ਇਸ ਦੇ ਅੰਤਰਗਤ ਉਹਨਾਂ ਸਾਰੇ ਪ੍ਰਮੁੱਖ ਕਹਾਣੀਕਾਰਾਂ ਨੂੰ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਨੇ ਪੰਜਾਬੀ ਕਹਾਣੀਆਂ ਨੂੰ ਲਿਖਿਆ ਹੈ। ਇਹਨਾਂ ਵਿਚੋਂ ਕੁਝ ਪ੍ਰਮੁੱਖ ਲੇਖਕ ਜਿਵੇ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਲਾਲ ਸਿੰਘ ਕਮਲਾ ਅਕਾਲੀ, ਨਾਨਕ ਸਿੰਘ, ਗੁਰਬਖ਼ਸ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਦੇਵਿੰਦਰ ਸਤਿਆਰਥੀ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਮਹਿੰਦਰ ਸਿੰਘ ਸਰਨਾ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਗੁਲਜ਼ਾਰ ਸਿੰਘ ਸੰਧੂ, ਰਾਮ ਸਰੂਪ ਅਣਖੀ ਆਦਿ ਪ੍ਰਮੁੱਖ ਕਹਾਣੀਕਾਰਾਂ ਨੂੰ ਅਤੇ ਉਹਨਾਂ ਦੇ ਕਹਾਣੀ ਸੰਗ੍ਰਹਿਆਂ ਦੇ ਨਾਵਾਂ ਨੂੰ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਪਾਕਿਸਤਾਨੀ ਪੰਜਾਬੀ ਕਹਾਣੀ ਅਤੇ ਪਰਵਾਸੀ ਪੰਜਾਬੀ ਕਹਾਣੀਕਾਰਾਂ ਬਾਰੇ ਵੀ ਸੰਖੇਪ ਵਿਚ ਵੇਰਵੇ ਦਿੱਤੇ ਗਏ ਹੈ। ਇਸੇ ਅਧਿਆਇ ਵਿਚ ਹੀ ਅੱਗੇ ਗਲਪ ਦੇ ਦੂਜੇ ਰੂਪ ਨਾਵਲ ਦੀ ਗੱਲ ਕੀਤੀ ਗਈ ਹੈ। ਉਸ ਵਿਚ ਵੀ ਪਹਿਲਾ ਪੰਜਾਬੀ ਨਾਵਲ ਦੇ ਅਰਥ ਬਾਰੇ ਦੱਸਿਆ ਗਿਆ ਹੈ ਅਤੇ ਇਹ ਵੀ ਪੇਸ਼ ਕੀਤਾ ਗਿਆ ਹੈ ਕਿ ਇਹ ਕਿਹੜੀ ਭਾਸ਼ਾ ਵਿਚੋਂ ਵਿਸਤਾਰ ਕਰਦਾ ਹੋਇਆ ਪੰਜਾਬੀ ਭਾਸ਼ਾ ਦਾ ਅੰਗ ਬਣਿਆ ਹੈ। ਫਿਰ ਨਾਵਲ ਸੰਬੰਧੀ ਅਲੱਗ-ਅਲੱਗ ਚਿੰਤਕਾਂ ਦੀਆਂ ਪਰਿਭਾਸ਼ਾਵਾਂ ਦੇ ਕੇ ਨਾਵਲ ਨੂੰ ਸਪੱਸ਼ਟ ਕੀਤਾ ਹੈ। ਇਸ ਤੋਂ ਅੱਗੇ ਨਾਵਲ ਦੇ ਪ੍ਰਮੁੱਖ ਤੱਤ ਪੇਸ਼ ਕੀਤੇ ਗਏ ਹਨ ਕਿ ਕਿਹੜੇ ਤੱਤਾਂ ਦੇ ਆਧਾਰ 'ਤੇ ਅਸੀਂ ਨਾਵਲ ਦੀ ਰਚਨਾ ਕਰ ਸਕਦੇ ਹਨ। ਨਾਵਲ ਦੇ ਕੁਝ ਸਾਂਝੇ ਤੱਤ ਜਿਵੇਂ ਪਲਾਟ, ਪਾਤਰ-ਉਸਾਰੀ, ਵਾਰਤਾਲਾਪ, ਵਾਤਾਵਰਨ, ਸ਼ੈਲੀ, ਉਦੇਸ਼ ਆਦਿ ਦੀ ਪੇਸ਼ਕਾਰੀ ਕੀਤੀ ਗਈ ਹੈ ਅਤੇ ਦੱਸਿਆ ਗਿਆ ਹੈ ਕਿ ਇਹਨਾਂ ਤੱਤਾਂ ਤੋਂ ਬਿਨਾਂ ਕਿਸੇ ਵੀ ਨਾਵਲ ਦੀ ਰਚਨਾ ਨਹੀਂ ਹੋ ਸਕਦੀ। ਇਸ

ਅਧਿਆਇ ਵਿਚ ਹੀ ਪੰਜਾਬੀ ਨਾਵਲ ਦੇ ਇਤਿਹਾਸਕ ਸਫ਼ਰ ਦੀ ਪੇਸ਼ਕਾਰੀ ਕੀਤੀ ਗਈ ਹੈ। ਇਤਿਹਾਸਕ ਸਫ਼ਰ ਵਿਚ ਦੱਸਿਆ ਹੈ ਕਿ ਉਹ ਕਿਹੜੇ-ਕਿਹੜੇ ਨਾਵਲਕਾਰ ਹਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਨਾਵਲ ਲਿਖਣ ਦੀ ਪਿਰਤ ਪਾਈ ਸੀ। ਇਸ ਤਰ੍ਹਾਂ ਨਾਵਲ ਦੇ ਇਤਿਹਾਸਕ ਸਫ਼ਰ ਵਿਚ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਮਾਸਟਰ ਤਾਰਾ ਸਿੰਘ, ਨਾਨਕ ਸਿੰਘ, ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ, ਜਸਵੰਤ ਸਿੰਘ ਕੰਵਲ, ਕਰਨਲ ਨਰਿੰਦਰਪਾਲ ਸਿੰਘ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਸਿੰਘ ਸੇਠੀ, ਸੋਹਣ ਸਿੰਘ ਸੀਤਲ, ਗੁਰਦਿਆਲ ਸਿੰਘ, ਕਰਤਾਰ ਸਿੰਘ ਦੁੱਗਲ, ਨਿਰੰਜਨ ਤਸਨੀਮ, ਡਾ. ਦਲੀਪ ਕੌਰ ਟਿਵਾਣਾ, ਅਜੀਤ ਕੌਰ, ਸੁਰਿੰਦਰ ਜੌਹਰ, ਮਨਜੀਤ ਰਾਣਾ, ਸੁਰਜੀਤ ਹਾਂਸ, ਜਗਜੀਤ ਬਰਾੜ, ਮਹਿੰਦਰ ਸਿੰਘ ਸਰਨਾ, ਹਰਨਾਮ ਦਾਸ ਸਹਿਰਾਈ, ਕਰਮਜੀਤ ਸਿੰਘ ਕੁੱਸਾ, ਜਸਵੰਤ ਸਿੰਘ ਵਿਰਦੀ, ਰਾਮ ਸਰੂਪ ਅਣਖੀ ਆਦਿ ਪ੍ਰਮੁੱਖ ਨਾਵਲਾਕਾਰਾਂ ਨੂੰ ਅਤੇ ਉਹਨਾਂ ਦੇ ਨਾਵਲਾਂ ਨੂੰ ਪੇਸ਼ ਕੀਤਾ ਗਿਆ ਹੈ। ਇਹਨਾਂ ਨਾਵਲਾਂ ਵਿਚ ਇਹ ਵੀ ਪੇਸ਼ ਕੀਤਾ ਗਿਆ ਹੈ ਕਿ ਕਿਵੇਂ-ਕਿਵੇਂ ਸਮੇਂ ਦੇ ਬੀਤਣ ਨਾਲ ਨਾਵਲਾਂ ਦੇ ਵਿਸ਼ਿਆਂ ਵਿਚ ਪਰਿਵਰਤਨ ਆਉਂਦਾ ਗਿਆ। ਇਸ ਪ੍ਰਕਾਰ ਪਹਿਲੇ ਅਧਿਆਇ ਵਿਚ ਪੰਜਾਬੀ ਗਲਪ ਦੇ ਸਿਧਾਂਤਕ ਅਤੇ ਇਤਿਹਾਸਕ ਸਫ਼ਰ ਦੀ ਗੱਲ ਕੀਤੀ ਗਈ ਹੈ।

ਖੋਜ-ਪ੍ਰਬੰਧ ਦੇ ਅਧਿਆਇ ਦੂਜੇ ਵਿਚ "ਜਸਵਿੰਦਰ ਸਿੰਘ ਦਾ ਜੀਵਨ, ਰਚਨਾ ਅਤੇ ਪ੍ਰਾਪਤੀਆਂ" ਦੀ ਪੇਸ਼ਕਾਰੀ ਕੀਤੀ ਗਈ ਹੈ। ਹਰ ਇਕ ਸਾਹਿਤਕਾਰ ਦੀ ਸਾਹਿਤਕ ਕਿਰਤ ਉੱਤੇ ਉਸ ਦੇ ਵਿਅਕਤੀਗਤ ਜੀਵਨ, ਸਮਕਾਲੀ ਸਮਾਜਕ ਜੀਵਨ ਅਤੇ ਸਮੇਂ ਦੀਆਂ ਪ੍ਰਸਥਿਤੀਆਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਹਰ ਰਚਨਾ ਲੇਖਕ ਦੇ ਆਪਣੇ ਅੰਦਰਲੇ ਦੀ ਤਲਾਸ਼ ਹੁੰਦੀ ਹੈ। ਉਹ ਕਿਹੋ-ਜਿਹੇ ਮਾਹੌਲ ਵਿਚ ਰਹਿੰਦਾ ਹੈ, ਵਿਚਰਦਾ ਹੈ, ਕੁਦਰਤੀ ਤੌਰ 'ਤੇ ਉਹ ਮਾਹੌਲ ਲੇਖਕ ਦੇ ਅਚੇਤ ਮਨ ਦਾ ਹਿੱਸਾ ਬਣ ਜਾਂਦਾ ਹੈ ਤੇ ਉਹ ਵਾਰ-ਵਾਰ ਉਸ ਦੀਆਂ ਰਚਨਾਵਾਂ ਵਿਚ ਆਉਂਦਾ ਹੈ। ਇਸ ਅਧਿਆਇ ਵਿਚ ਇਹ ਦੱਸਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਜਸਵਿੰਦਰ ਸਿੰਘ ਨੇ ਕਿਹੋ-ਜਿਹੇ ਵਾਤਾਵਰਨ ਵਿਚ ਜਨਮ ਲਿਆ। ਉਹਨਾਂ ਦੀ ਪੜ੍ਹਾਈ ਕਿਹੋ ਜਿਹੇ ਮਾਹੌਲ ਵਿਚ ਹੋਈ, ਕਿਹੜੀਆਂ-ਕਿਹੜੀਆਂ ਘਟਨਾਵਾਂ ਨੇ ਉਹਨਾਂ ਦੀ ਜ਼ਿੰਦਗੀ 'ਤੇ ਬਹੁਤ ਜ਼ਿਆਦਾ ਅਸਰ ਕੀਤਾ ਹੈ। ਕਿਸ ਕਿਸ ਦਾ ਜਸਵਿੰਦਰ ਸਿੰਘ ਨੇ ਪ੍ਰਭਾਵ ਗ੍ਰਹਿਣ ਕੀਤਾ ਹੈ। ਜਨਮ ਵਿਚ ਉਹਨਾਂ ਦੇ ਜਨਮ ਮਿਤੀ, ਪਿੰਡ ਦਾ ਨਾਮ, ਮਾਤਾ-ਪਿਤਾ ਦਾ ਨਾਮ ਆਦਿ ਸਭ ਦੀ ਪੇਸ਼ਕਾਰੀ ਕੀਤੀ ਗਈ ਹੈ। ਜਸਵਿੰਦਰ ਦੇ ਬਚਪਨ ਦੇ ਸ਼ੌਕ ਅਤੇ ਪਿਤਾ ਵੱਲੋਂ ਖੇਤੀ ਦੇ ਕੰਮ 'ਤੇ ਲਗਾਉਣ ਦੀਆਂ ਘਟਨਾਵਾਂ ਆਦਿ ਸਭ ਦੀ ਪੇਸ਼ਕਾਰੀ ਕੀਤੀ ਗਈ ਹੈ। ਜਸਵਿੰਦਰ ਸਿੰਘ ਦੇ ਜੀਵਨ ਦਾ ਇੱਕ ਖ਼ੂਬਸੂਰਤ ਪਹਿਲੂ ਅਧਿਆਪਨ ਕਾਰਜ ਨਾਲ ਵੀ ਜੁੜਿਆ ਹੋਇਆ ਹੈ। ਜਸਵਿੰਦਰ ਸਿੰਘ ਨੇ ਆਪਣੇ ਅਧਿਆਪਨ ਕਾਰਜ ਦੌਰਾਨ ਅਨੇਕਾਂ ਵਿਦਿਆਰਥੀਆਂ ਨੂੰ ਪ੍ਰਗਤੀਸ਼ੀਲ ਵਿਚਾਰਾਂ ਦੀ ਜਾਗ ਲਗਾਈ। ਇਸ ਤੋਂ ਇਲਾਵਾ ਜਿੱਥੇ ਜਸਵਿੰਦਰ ਸਿੰਘ ਇੱਕ ਚੰਗੇ ਪ੍ਰੋਫ਼ੈਸਰ ਹੋਏ ਹਨ ਉਥੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਅਤੇ ਸਾਹਿਤ ਰਚਨਾ ਵਿਚ ਜਸਵਿੰਦਰ ਸਿੰਘ ਇਕ ਸਥਾਪਤ ਨਾਮ ਹੈ। ਸਾਹਿਤ ਚਿੰਤਨ, ਸਿਰਜਣ ਅਤੇ ਖੋਜ ਨਿਰੰਤਰ ਦੀ ਚਲੀ ਆ ਰਹੀ ਮਾਣ ਮੱਤੀ ਧਾਰਾ ਵਿਚ ਜਸਵਿੰਦਰ ਸਿੰਘ ਅਜਿਹੀ ਵਿਕੇਕਮਈ ਪ੍ਰਤਿਭਾ ਦੇ ਤੌਰ 'ਤੇ ਸ਼ਾਮਿਲ ਹਨ ਜਿਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਖੋਜ ਅਤੇ ਅਧਿਆਪਨ ਦੇ ਮੁੱਢਲੇ ਦਿਨਾਂ ਵਿਚ ਹੀ ਅਦਬੀ ਅਤੇ ਅਧਿਆਪਕ ਹਲਕਿਆਂ ਨੂੰ

ਆਕਰਸ਼ਿਤ ਕਰ ਲਿਆ ਸੀ। ਜਿਸ ਦੀ ਪੇਸ਼ਕਾਰੀ ਇਸ ਅਧਿਆਇ ਵਿਚ ਕੀਤੀ ਗਈ ਹੈ। ਉਹਨਾਂ ਨੇ ਸਾਹਿਤਕ ਆਲੋਚਨਾ ਖੇਤਰ ਵਿਚ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨਾਂ ਨੇ ਹੁਣ ਤੱਕ ਸਾਹਿਤ ਦੇ ਖੇਤਰ ਨੂੰ ਲਗਭਗ 24 ਪੁਸਤਕਾਂ ਦਿੱਤੀਆਂ ਹਨ ਜਿਸ ਦੀ ਵਿਸਥਾਰਤ ਵਰਨਣ ਪੇਸ਼ਕਾਰੀ ਇਸ ਅਧਿਆਇ ਵਿਚ ਕੀਤੀ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਨੇ ਜਿੱਥੇ ਖੋਜ, ਆਲੋਚਣਾ ਅਤੇ ਸਿਰਜਣਾ ਕੀਤੀ ਹੈ, ਉਸ ਦੇ ਬਦਲੇ ਉਹਨਾਂ ਨੂੰ ਅਲੱਗ-ਅਲੱਗ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਜਸਵਿੰਦਰ ਸਿੰਘ ਇੱਕ ਚੰਗੇ ਖੋਜ ਦਿਸ਼ਾ ਨਿਰਦੇਸ਼ਕ ਵਜੋਂ ਵੀ ਜਾਣੇ ਜਾਂਦੇ ਹਨ। ਜਸਵਿੰਦਰ ਸਿੰਘ ਦੀ ਨਿਗਰਾਨੀ ਅਧੀਨ 27 ਖੋਜਾਰਥੀ ਪੀ-ਐੱਚ.ਡੀ. ਅਤੇ 46 ਵਿਦਿਆਰਥੀ ਹੁਣ ਤੱਕ ਐਮ.ਫਿਲ. ਦੀ ਡਿਗਰੀ ਪ੍ਰਾਪਤ ਕਰ ਚੁੱਕੇ ਹਨ ਅਤੇ 8 ਵਿਦਿਆਰਥੀ ਅੱਜ ਵੀ ਉਹਨਾਂ ਦੀ ਨਿਗਰਾਨੀ ਅਧੀਨ ਪੀ-ਐੱਚ.ਡੀ. ਦਾ ਖੋਜ ਕਾਰਜ ਕਰ ਰਹੇ ਹਨ ਆਦਿ ਇਸ ਸਾਰੇ ਵੇਰਵੇ ਦੀ ਪੇਸ਼ਕਾਰੀ ਖੋਜ-ਪ੍ਰਬੰਧ ਦੇ ਦੂਜੇ ਅਧਿਆਇ ਵਿਚ ਕੀਤੀ ਗਈ ਹੈ।

ਖੋਜ-ਪ੍ਰਬੰਧ ਦੇ ਅਧਿਆਇ ਤੀਜੇ ਵਿਚ ਚੁਣੇ ਗਏ ਵਿਸ਼ੇ ਅਨੁਸਾਰ "ਜਸਵਿੰਦਰ ਸਿੰਘ ਦੇ ਨਾਵਲ 'ਮਾਤ ਲੋਕ' ਦਾ ਵਿਸ਼ਾ ਪੱਖ" ਨੂੰ ਲਿਆ ਗਿਆ ਹੈ। ਤੀਜੇ ਅਧਿਆਇ ਨੂੰ ਅੱਗੇ ਪੰਜ ਉਪ ਭਾਗਾਂ ਵਿਚ ਵੰਡ ਕੇ ਨਾਵਲ ਦੇ ਅਲੱਗ-ਅਲੱਗ ਵਿਸ਼ਿਆਂ ਦੀ ਚੋਣ ਕੀਤੀ ਗਈ ਹੈ। ਪਹਿਲੇ ਵਿਸ਼ੇ ਵਿਚ 'ਮਾਤ ਲੋਕ: ਕਾਮਨਾ ਦੇ ਅਵੇਸ਼ 'ਚੋਂ ਉਪਜੇ ਸੰਕਟ ਦੀ ਪੇਸ਼ਕਾਰੀ' ਕੀਤੀ ਗਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ 'ਮਾਤ ਲੋਕ' ਵਿਚਲਾ ਸਮਾਜ ਸਮਕਾਲੀ ਸਮਾਜ ਹੈ। ਜਿਸ ਵਿਚੋਂ ਸਮਕਾਲ ਦੀਆਂ ਜਲਿਟਤਾਵਾਂ ਮਨੁੱਖੀ ਮਾਨਸਿਕਤਾ ਵਿਚ ਮੌਜ਼ੂਦ ਹਨ ਅਤੇ ਇਹਨਾਂ ਕਾਮਨਾਵਾਂ ਦਾ ਮੂੰਹ ਜ਼ੋਰ ਵੇਗ ਮਨੁੱਖ ਲਈ ਸੰਕਟ ਪੈਦਾ ਕਰਦਾ ਹੈ। ਨਾਵਲ ਵਿਚ ਜਿਨ੍ਹਾਂ ਵੀ ਤਣਾਓ ਪ੍ਰਗਟ ਹੁੰਦਾ ਹੈ ਉਹ ਬੰਦੇ ਦੀ ਕਾਮਨਾ ਤੋਂ ਹੁੰਦਾ ਹੈ। ਨਾਵਲ ਵਿਚ ਕਈ ਅਜਿਹੀਆਂ ਘਟਨਾਵਾਂ ਹਨ ਜਿਸ ਵਿਚ ਬੰਦੇ ਉੱਤੇ ਉਸ ਦੀ ਕਾਮਨਾ ਵਧੇਰੇ ਅਸਰ ਕਰ ਰਹੀ ਹੈ। ਅਜਿਹੇ ਵਿਸ਼ੇ ਨੂੰ ਲੈ ਕੇ ਨਾਵਲ ਵਿਚ ਕਾਮਨਾ ਦੇ ਅਵੇਸ਼ ਤੋਂ ਜੋ ਸੰਕਟ ਉਤਪੰਨ ਹੁੰਦਾ ਹੈ ਉਸ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਅਧਿਆਇ ਦੇ ਦੂਜੇ ਵਿਸ਼ੇ ਵਿਚ 'ਮਾਤ ਲੋਕ: ਰਿਸ਼ਤਿਆਂ ਵਿਚ ਤਣਾਓ' ਦੀ ਪੇਸ਼ਕਾਰੀ ਕੀਤੀ ਗਈ ਹੈ। ਮਾਤ ਲੋਕ ਵਿਚ ਮਨੁੱਖੀ ਰਿਸ਼ਤਿਆਂ ਦੀ ਲੀਲ੍ਹਾ ਬੜੀ ਵਚਿੱਤਰ ਹੈ। ਜਿਸ ਵਿਚ ਮਰਦ ਤੇ ਔਰਤ ਦਾ ਰਿਸ਼ਤਾ ਕਾਮਨਾ 'ਤੇ ਖੜ੍ਹਾ ਹੈ। ਇਸ ਰਿਸ਼ਤੇ ਵਿਚੋਂ ਹੀ ਬਾਕੀ ਰਿਸ਼ਤੇ ਨਿਕਲੇ ਹਨ। ਇਸ ਨਾਵਲ ਦੇ ਮੂਲ ਧਰਾਤਲ 'ਤੇ ਤਿੰਨ ਪਿਆਰ ਕਥਾਵਾਂ ਟਿਕੀਆਂ ਹੋਈਆਂ ਹਨ। ਤਿੰਨਾਂ ਪਿਆਰ ਕਥਾਵਾਂ ਦੇ ਆਪਣੇ-ਆਪਣੇ ਪੈਟਰਨ ਹਨ। ਇਸ ਨਾਵਲ ਵਿਚ ਪਿਆਰ ਵਿਆਹ ਦੇ ਬਾਵਜੂਦ ਰਿਸ਼ਤਿਆਂ ਵਿਚ ਤਣਾਓ ਆਉਂਦਾ ਹੈ ਤੇ ਇਹ ਰਿਸ਼ਤੇ ਪਿਆਰ ਵਿਆਹ ਤੋਂ ਸ਼ੁਰੂ ਹੋ ਕੇ ਅੰਤ ਤਲਾਕ ਨਾਲ ਖਤਮ ਹੋ ਜਾਂਦੇ ਹਨ। ਇਸ ਨਾਵਲ ਵਿਚ ਅਲੱਗ-ਅਲੱਗ ਪ੍ਰੇਮ ਕਥਾਵਾਂ ਹਨ ਜਿਨ੍ਹਾਂ ਦੇ ਕਾਰਨ ਰਿਸ਼ਤਿਆਂ ਵਿਚ ਤਣਾਓ ਉਤਪੰਨ ਹੁੰਦਾ ਆਦਿ ਸਭ ਪੇਸ਼ਕਾਰੀ ਇਸ ਵਿਸ਼ੇ ਵਿਚ ਕੀਤੀ ਗਈ ਹੈ। ਇਸ ਅਧਿਆਇ ਦੇ ਤੀਜੇ ਵਿਸ਼ੇ ਵਿਚ 'ਪੰਜਾਬੀ ਸੱਭਿਆਚਾਰ ਪਰਿਵਰਤਨ ਦੀ ਪੇਸ਼ਕਾਰੀ' ਕੀਤੀ ਗਈ ਹੈ। ਸੱਭਿਆਚਾਰ ਦੇ ਸੰਬੰਧ ਵਿਚ ਇਹ ਸੱਚਾਈ ਹੈ ਕਿ ਇਹ ਬਦਲਦਾ ਰਹਿੰਦਾ ਹੈ। ਇਹ ਤਬਦੀਲੀ ਵਿਅਕਤੀ ਜਾਂ ਸਮਾਜ ਦੀ ਇੱਛਾ ਉਪਰ ਨਿਰਭਰ ਨਹੀਂ ਕਰਦੀ। ਇਸੇ ਤਰ੍ਹਾਂ ਦੀ ਗੱਲ ਨਾਵਲ 'ਮਾਤ ਲੋਕ' ਵਿਚਲੇ ਸੱਭਿਆਚਾਰਕ ਪਰਿਵਰਤਨ ਦੀ ਕੀਤੀ ਗਈ ਹੈ। ਦਰਅਸਲ 'ਮਾਤ ਲੋਕ' ਇਕ ਵੱਡ

ਆਕਾਰੀ ਨਾਵਲ ਹੈ। ਇਹ ਨਾਵਲ ਮੂਲ ਰੂਪ ਵਿਚ ਸਮਾਜ ਵਿਚਲੇ ਸੱਭਿਆਚਾਰ ਪਰਿਵਰਤਨ ਅਤੇ ਉਸ ਪਰਿਵਰਤਨ ਲਈ ਜ਼ਿੰਮੇਵਾਰ ਕਾਰਨਾਂ ਨੂੰ ਨਾਵਲ ਦੇ ਵਿਸ਼ਾਲ ਕੈਨਵਸ 'ਤੇ ਫੈਲਾਅ ਦਿੰਦਾ ਹੈ। ਨਾਵਲ ਵਿਚਲਾ ਮੁੱਖ ਪਾਤਰ ਬਲਦੇਵ ਪ੍ਰੇਮ ਵਿਆਹ ਲਈ ਵਿਦਰੋਹੀ ਰੁਖ਼ ਅਖ਼ਤਿਆਰ ਕਰਦਾ ਹੈ। ਉਹ ਆਪਣੀ ਸੱਭਿਅਤਾ ਨੂੰ ਭੁੱਲ ਆਪਣੀ ਹਵਸ ਦੀ ਪੂਰਤੀ ਲਈ ਸਭ ਸੱਭਿਆਚਾਰਕ ਕਦਰਾਂ-ਕੀਮਤਾਂ ਭੁੱਲ ਜਾਂਦਾ ਹੈ। ਇਸ ਨਾਵਲ ਵਿਚ ਹੋਰ ਵੀ ਕਈ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਵਿਚ ਸੱਭਿਆਚਾਰਕ ਪਰਿਵਰਤਨ ਦੀ ਗੱਲ ਕੀਤੀ ਗਈ ਹੈ। ਇਸ ਅਧਿਆਇ ਦੇ ਚੌਥੇ ਵਿਸ਼ੇ ਵਿਚ 'ਨਵੇਂ ਯਥਾਰਥ ਅਤੇ ਨਵੇਂ ਪ੍ਰਤਿਮਾਨਾਂ ਦੀ ਪੇਸ਼ਕਾਰੀ' ਕੀਤੀ ਗਈ ਹੈ। ਨਾਵਲ ਮਾਤ ਲੋਕ ਸਮਕਾਲੀ ਪੰਜਾਬੀ ਨਾਵਲ ਦੀ ਯਥਾਰਥ ਰੂਪ ਵਿਧੀ ਨੂੰ ਸਮਝਣ ਤੇ ਪੇਸ਼ ਕਰਨ ਦੀਆਂ ਜੁਗਤਾਂ ਵਿਚ ਵਿਚਾਰਨਯੋਗ ਤਬਦੀਲੀਆਂ ਕਰਨ ਅਤੇ ਉਸ ਨੂੰ ਅੱਜ ਦੇ ਪੰਜਾਬੀ ਬੰਦੇ ਦੀਆਂ ਮਨੋ ਸੰਕਲਪਨਾਵਾਂ ਅਤੇ ਸਰਗਰਮੀਆਂ ਦੇ ਹਾਣ ਦਾ ਬਣਾਉਣ ਵਿਚ ਸਰਗਰਮ ਦਿਖਾਈ ਦਿੰਦੀ ਹੈ। ਇਸ ਨਾਵਲ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਵਾਲਾ ਅਤੇ ਆਪਣੇ ਸਮੇਂ ਦੇ ਰਾਜਨੀਤਿਕ ਸੰਸਕ੍ਰਿਤਕ ਖਿਲਾਰੇ ਨੂੰ ਨਾਵਲੀ ਬਿਰਤਾਂਤ ਵਿਚ ਬੰਨ੍ਹਣ ਵਾਲੀ ਰਚਨਾ ਪ੍ਰਵਾਨ ਕਰਦਾ ਹੈ। ਇਸ ਵਿਸ਼ੇ ਵਿਚ ਦੱਸਿਆ ਗਿਆ ਹੈ ਕਿ ਇਹ ਖਿਲਾਰਾ ਅੱਜ ਦੇ ਬੰਦੇ ਨੇ ਆਪਣੀ ਮਰਜ਼ੀ ਜਾਂ ਅਜ਼ਾਦੀ ਅਤੇ ਨਿੱਜੀ ਜਾਇਦਾਦ ਦੀਆਂ ਪ੍ਰਾਪਤੀਆਂ ਤੇ ਆਪਣੇ ਆਪ ਨੂੰ ਸਹੀ ਸਿੱਧ ਕਰਨ ਦੇ ਤੰਤਰ ਉਸਾਰਨ ਦਾ ਹੈ। ਇਸ ਤਰ੍ਹਾਂ ਇਸ ਵਿਸ਼ੇ ਵਿਚ ਨਵੇਂ ਯਥਾਰਥ ਅਤੇ ਨਵੇਂ ਪ੍ਰਤਿਮਾਨਾਂ ਦੀ ਗੱਲ ਕੀਤੀ ਗਈ ਹੈ। ਇਸ ਅਧਿਆਇ ਦੇ ਪੰਜਵੇਂ ਵਿਸ਼ੇ ਵਿਚ 'ਪੰਜਾਬ ਸੰਕਟ ਦੀ ਪੇਸ਼ਕਾਰੀ' ਕੀਤੀ ਗਈ ਹੈ। ਨਾਵਲ ਵਿਚ ਅਸੀਂ ਦੇਖਦੇ ਹਾਂ ਕਿ ਖਾੜਕੂ ਲਹਿਰ ਦੇ ਪ੍ਰਭਾਵ ਕਾਰਨ ਪੰਜਾਬ ਵਿਚ ਜੋ ਮਾਤਮ, ਖ਼ੌਫ, ਖ਼ੂਨ ਆਤੰਕ ਦਾ ਮਾਹੌਲ ਸੀ, ਉਸ ਦੀ ਪੇਸ਼ਕਾਰੀ ਵੀ ਨਾਵਲ ਵਿਚ ਬੜੀ ਯਥਾਰਥਕ ਰੂਪ ਵਿਚ ਕੀਤੀ ਗਈ ਹੈ। ਇਸ ਨਾਵਲ ਵਿਚ ਸਭ ਤੋਂ ਵੱਡੀ ਘਟਨਾ ਉਦੋਂ ਘਟਦੀ ਹੈ ਜਦੋਂ ਦਿਨ ਦਿਹਾੜੇ ਜੱਗੇ ਦੇ ਪਿਉ ਸੂਬੇਦਾਰ ਭਗਤ ਸਿੰਘ ਦਾ ਕਤਲ ਹੋ ਜਾਂਦਾ ਹੈ। ਇਸ ਕਤਲ ਕਰਕੇ ਉਸ ਦਾ ਸਾਰਾ ਪਰਿਵਾਰ ਰੁਲ ਜਾਂਦਾ ਹੈ। ਇਸ ਤਰ੍ਹਾਂ ਦੀਆਂ ਹੀ ਕੁਝ ਹੋਰ ਘਟਨਾਵਾਂ ਨੂੰ ਆਧਾਰ ਬਣਾ ਕੇ ਇਸ ਵਿਸ਼ੇ ਦੀ ਚੋਣ ਕੀਤੀ ਗਈ ਹੈ ਅਤੇ 1984 ਦੇ ਸਮੇਂ ਦੌਰਾਨ ਜੋ ਪੰਜਾਬ ਵਿਚ ਦਹਿਸ਼ਤਵਾਦ ਦਾ ਮਾਹੌਲ ਸੀ, ਉਸ ਨੂੰ ਬਿਆਨ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ ਚੌਥੇ ਅਧਿਆਇ ਵਿਚ "ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ 'ਖੂਹ ਖਾਤੇ' ਦਾ ਵਿਸ਼ਾ ਪੱਖ" ਲਿਆ ਗਿਆ ਹੈ। ਜਸਵਿੰਦਰ ਸਿੰਘ ਦਾ ਪਲੇਠੇ ਕਹਾਣੀ ਸੰਗ੍ਰਹਿ 'ਖੂਹ-ਖਾਤੇ' ਨਾਲ ਪੰਜਾਬੀ ਕਹਾਣੀ ਵਿਚ ਆਮਦ ਇਕ ਸ਼ੁਭ ਸ਼ਗਨ ਸੀ। ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦਾ ਵਿਸ਼ੇਗਤ ਅਧਿਐਨ ਕਰਦਿਆਂ ਕੁਝ ਸਾਂਝੇ ਵਿਸ਼ੇ ਉੱਭਰ ਕੇ ਸਾਹਮਣੇ ਆਉਂਦੇ ਹਨ। ਇਸ ਅਧਿਆਇ ਦੇ ਵਿਸ਼ਿਆਂ ਨੂੰ ਅੱਗੇ ਪੰਜ ਉਪ ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਦੇ ਪਹਿਲੇ ਵਿਸ਼ੇ ਵਿਚ 'ਸ਼ਹਿਰੀ ਪੱਖ' ਦੀ ਗੱਲ ਕੀਤੀ ਗਈ ਹੈ। ਇੱਕ ਪਾਸੇ ਜੇਕਰ ਪੇਂਡੂ ਵਰਗ ਸ਼ਹਿਰੀ ਵਰਗ ਦੀਆਂ ਮੌਜਾਂ ਨੂੰ ਵੇਖ ਝੂਰਦਾ ਹੈ ਤਾਂ ਦੂਜੇ ਪਾਸੇ ਸ਼ਹਿਰੀ ਮੱਧ ਸ਼੍ਰੇਣੀ ਦੀ ਮੂੰਹ ਬੋਲਦੀ ਤਸਵੀਰ ਨੂੰ ਇਹਨਾਂ ਕਹਾਣੀਆਂ ਵਿਚ ਪੇਸ਼ ਕੀਤਾ ਗਿਆ ਹੈ। ਇਸ ਵਿਸ਼ੇ ਵਿਚ ਸ਼ਹਿਰੀ ਵਰਗ ਜਾਂ ਨੌਕਰੀ ਪੇਸ਼ਾ ਵਰਗ ਦੀ ਹਕੀਕਤ ਦਰਸਾਈ ਗਈ ਹੈ। ਇਸ ਵਿਚ ਸ਼ਹਿਰੀ ਲੋਕਾਂ ਵਿਚ ਸ਼ਹਿਰ

ਜਾ ਕੇ ਰਹਿਣ ਨਾਲ ਕੀ ਪਰਿਵਰਤਨ ਆਉਂਦਾ ਹੈ ਅਤੇ ਉਹਨਾਂ ਦੀ ਫੋਕੀ ਸ਼ਾਨ ਦਾ ਦਿਖਾਵਾ ਕਰਦੇ ਪਰਿਵਾਰ ਦੀ ਤਸ਼ਵੀਰ ਪੇਸ਼ ਕੀਤੀ ਗਈ ਹੈ। ਇਸ ਕਹਾਣੀ ਸੰਗ੍ਰਹਿ ਵਿਚ 'ਖੂਹ ਖਾਤੇ' ਕਹਾਣੀ ਅਜਿਹੀ ਕਹਾਣੀ ਹੈ ਜਿਸ ਵਿਚ ਅਜਿਹੇ ਮਾਹੌਲ ਦੀ ਪੇਸ਼ਕਾਰੀ ਹੈ। ਅਜਿਹੀਆਂ ਕਹਾਣੀਆਂ ਨੂੰ ਆਧਾਰ ਬਣਾ ਕੇ ਇਸ ਵਿਸ਼ੇ ਦੀ ਚੋਣ ਕੀਤੀ ਗਈ ਹੈ। ਇਸ ਅਧਿਆਇ ਦੇ ਦੂਜੇ ਵਿਸ਼ੇ ਵਿਚ 'ਦੂਜੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ' ਕੀਤੀ ਗਈ ਹੈ। ਸਾਡੇ ਭਾਰਤ ਦੇਸ਼ ਵਿਚ ਆਮ ਤੌਰ 'ਤੇ ਸ਼ੁਰੂ ਤੋਂ ਹੀ ਇਕ ਤੋਂ ਵੱਧ ਵਿਆਹ ਕਰਵਾਉਣ ਦੀ ਸਮੱਸਿਆ ਚਲਦੀ ਆ ਰਹੀ ਹੈ। ਅਸੀਂ ਦੇਖਦੇ ਹਾਂ ਕਿ ਕੁਝ ਲੋਕ ਮਜ਼ਬੂਰੀ ਵੱਸ ਵਿਚ ਦੂਜਾ ਵਿਆਹ ਕਰਵਾਉਂਦੇ ਹਨ ਪਰ ਕੁਝ ਲੋਕ ਵੱਧ ਜ਼ਮੀਨ ਹੋਣ ਕਰਕੇ ਐਸ਼-ਪ੍ਰਸਤੀ ਲਈ ਅਜਿਹੇ ਕੰਮ ਕਰਦੇ ਹਨ। ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਵਿਚ 'ਖਾਰੇ ਪੱਤਣ' ਇਕ ਅਜਿਹੀ ਕਹਾਣੀ ਹੈ ਜਿਸ ਵਿਚ ਮਜ਼ਬੂਰੀ ਵੱਸ ਮੁਖ ਪਾਤਰ ਕੁਲਤਾਰ ਸਿੰਘ ਨੂੰ ਆਪਣੀ ਮਾਂ ਦੇ ਕਹਿਣ 'ਤੇ ਦੂਜਾ ਵਿਆਹ ਕਰਾਉਣਾ ਪੈਂਦਾ ਹੈ ਕਿਉਂਕਿ ਉਸ ਦੀ ਪਹਿਲੀ ਪਤਨੀ ਵਿਚੋਂ ਕੋਈ ਬੱਚਾ ਨਹੀਂ ਹੁੰਦਾ। ਉਹ ਮਾਂ ਦੇ ਕਹਿਣ 'ਤੇ ਆਪਣੀ ਸਾਲ਼ੀ ਨਾਲ ਦੂਜਾ ਵਿਆਹ ਕਰਵਾ ਲੈਂਦਾ ਹੈ ਪਰ ਕੁਲਤਾਰ ਦੇ ਘਰ ਵਿਚ ਇਹ ਖੁਸ਼ੀ ਵੀ ਜ਼ਿਆਦਾ ਦੇਰ ਤੱਕ ਟਿਕ ਨਾ ਸਕੀ। ਦੋਵੇਂ ਭੈਣਾਂ ਵਿਚ ਆਪਸੀ ਲੜਾਈ ਹੋ ਜਾਂਦੀ ਹੈ। ਅਜਿਹੇ ਸੰਕਟ ਨੂੰ ਆਧਾਰ ਬਣਾ ਕੇ ਦੂਜੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਅਧਿਆਇ ਦੇ ਤੀਜੇ ਵਿਸ਼ੇ ਵਿਚ 'ਪਰਿਵਾਰਕ ਰਿਸ਼ਤਿਆਂ 'ਚੋਂ ਤਣਾਓ' ਦੀ ਪੇਸ਼ਕਾਰੀ ਕੀਤੀ ਗਈ ਹੈ। ਜਸਵਿੰਦਰ ਸਿੰਘ ਇੱਕ ਪੇਂਡੂ ਪਰਿਵਾਰ ਵਿਚੋਂ ਹੋਣ ਕਰਕੇ ਪਰਿਵਾਰ ਵਿਚ ਆਉਂਦੀਆ ਮੁਸ਼ਕਿਲਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੈ। ਜਸਵਿੰਦਰ ਸਿੰਘ ਨੂੰ ਪਰਿਵਾਰਕ ਰਿਸ਼ਤਿਆਂ ਦੇ ਰਹਿਣ-ਸਹਿਣ, ਵਿਵਹਾਰ ਦਾ ਤਜ਼ਰਬਾ ਹੋਣ ਕਰਕੇ ਉਸਨੇ ਪਰਿਵਾਰਿਕ ਰਿਸ਼ਤਿਆਂ ਵਿਚ ਆਉਂਦੀਆਂ ਮੁਸੀਬਤਾਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਜਸਵਿੰਦਰ ਸਿੰਘ ਨੇ ਉਹਨਾਂ ਬਿਮਾਰੀਆਂ ਨੂੰ ਫੜਿਆ ਹੈ ਜਿਹੜੀਆਂ ਰਿਸ਼ਤਿਆਂ ਦੇ ਤਣਾਓ ਜਾਂ ਸੰਕਟ ਨੂੰ ਜਨਮ ਦਿੰਦੀਆਂ ਹਨ। ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ "ਖੂਹ-ਖਾਤੇ" ਵਿਚ 'ਪਰਦੇਸੀ', 'ਆਵਗੌਣ' ਅਤੇ 'ਮਰੇ ਮਾਤਮ' ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਇਸ ਵਿਸ਼ੇ ਵਿਚ ਰਿਸ਼ਤਿਆਂ ਵਿਚ ਉਪਜੇ ਤਣਾਓ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਅਧਿਆਇ ਦੇ ਚੌਥੇ ਵਿਸ਼ੇ ਵਿਚ 'ਕਿਸਾਨੀ ਪੱਖ' ਦੀ ਗੱਲ ਕੀਤੀ ਗਈ ਹੈ। ਅਸੀਂ ਉਪਰ ਦੱਸ ਆਏ ਹਾਂ ਕਿ ਜਸਵਿੰਦਰ ਸਿੰਘ ਇਕ ਮੱਧ ਵਰਗੀ ਪੇਂਡੂ ਕਿਸਾਨੀ ਪਰਿਵਾਰ ਦਾ ਜੰਮਪਲ ਹੈ। ਇਹੋ ਕਾਰਨ ਹੈ ਉਸ ਨੂੰ ਅਜਿਹੇ ਮਸਲਿਆਂ ਦੀ ਚੋਖੀ ਸਮਝ ਅਤੇ ਸੂਝ ਹੈ ਜਿਹੜੇ ਕਿਸਾਨੀ ਜੀਵਨ ਨਾਲ ਲਿਪਤ ਦੁਸ਼ਵਾਰੀਆਂ, ਦਰਦਾਂ, ਸੰਤਾਪ, ਤ੍ਰਾਸਦੀਆਂ, ਸ਼ੋਸਣ ਆਦਿ ਦੀਆਂ ਗੱਲਾਂ ਕਰਦੇ ਹਨ। ਕਿਸਾਨੀ ਮਸਲਿਆਂ ਵਾਲੀਆਂ ਕਹਾਣੀਆਂ ਵਿਚ ਜਸਵਿੰਦਰ ਸਿੰਘ ਕਿਸਾਨੀ ਵਰਗ ਦੀ ਜਲਿਟ ਸਮੱਸਿਆ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਹਨਾਂ ਕਹਾਣੀਆਂ ਵਿਚ ਛੋਟੀ ਕਿਸਾਨੀ ਦੀ ਆਰਥਿਕ ਟੁੱਟ-ਭੱਜ ਦੇ ਨਾਲ ਨਾਲ ਉਸ ਵਿਚ ਆ ਰਹੇ ਮਾਨਸਿਕ ਸੰਕਟ ਨੂੰ ਵੀ ਬੜੀ ਬਰੀਕੀ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਸੰਗ੍ਰਹਿ "ਖੂਹ ਖਾਤੇ" ਵਿਚੋਂ 'ਪਰਦੇਸੀ', 'ਆਵਗੌਣ' ਆਦਿ ਕਹਾਣੀਆਂ ਵਿਚ ਕਿਸਾਨੀ ਪੱਖ ਨੂੰ ਆਧਾਰ ਬਣਾ ਕੇ ਇਸ ਵਿਸ਼ੇ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਅਧਿਆਇ ਦੇ ਪੰਜਵੇਂ ਵਿਸ਼ੇ ਵਿਚ 'ਪੰਜਾਬ ਸੰਕਟ ਦੀ ਪੇਸ਼ਕਾਰੀ' ਕੀਤੀ ਗਈ ਹੈ। ਜਸਵਿੰਦਰ ਸਿੰਘ ਆਪ ਇਸ ਮਾਹੌਲ ਵਿਚੋ ਗੁਜ਼ਰਿਆ ਹੋਣ ਕਰਕੇ ਪੰਜਾਬ

ਸੰਕਟ ਅਤੇ ਖਾੜਕੂ ਲਹਿਰ ਦੇ ਪ੍ਰਭਾਵ ਨੂੰ ਉਸ ਦੀ ਹਰ ਰਚਨਾ ਵਿਚ ਦੇਖਣ ਨੂੰ ਮਿਲਦਾ ਹੈ। ਉਸ ਦੀਆਂ ਕਹਾਣੀਆਂ ਵਿਚ ਖਾੜਕੂ ਲਹਿਰ ਦੇ ਪ੍ਰਭਾਵ ਨੂੰ ਏਨਾਂ ਖੌਫਨਾਕ ਪੇਸ਼ ਕੀਤਾ ਗਿਆ ਹੈ ਕਿ ਰਿਸ਼ਤੇਦਾਰ ਤਾਂ ਕਿ ਆਪਣੇ ਸਕੇ ਵੀ ਉਸੇ ਸਮੇਂ ਵਿਚ ਸਾਥ ਛੱਡ ਗਏ ਦਿਖਾਏ ਗਏ ਹਨ। ਅਜਿਹੇ ਪ੍ਰਭਾਵ ਉਸ ਦੀਆਂ ਕਹਾਣੀਆਂ ਵਿਚ ਦੇਖੇ ਜਾ ਸਕਦੇ ਹਨ। ਜਸਵਿੰਦਰ ਸਿੰਘ ਦੀਆਂ ਕਹਾਣੀਆਂ ਦੀਆਂ ਘਟਨਾਵਾਂ ਦੇ ਵਿਸ਼ਿਆਂ ਵਿਚ ਭਾਵੇਂ ਖਾੜਕੂ ਲਹਿਰ ਦੇ ਬੰਦਿਆਂ ਨੇ ਕੋਈ ਜਾਨੀ ਨੁਕਸਾਨ ਨਹੀਂ ਕੀਤਾ ਪਰ ਉਹਨਾਂ 'ਤੇ ਜਾਨੀ ਨੁਕਸਾਨ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਜਸਵਿੰਦਰ ਸਿੰਘ ਨੇ ਪੰਜਾਬ ਸੰਕਟ ਦੀ ਪੇਸ਼ਕਾਰੀ 'ਦੋਹਰਾ ਮਹਾਭਾਰਤ', 'ਖੂਹ-ਖਾਤੇ' ਅਤੇ 'ਸਹਿਕਦਾ ਸੱਚ' ਆਦਿ ਕਹਾਣੀਆਂ ਵਿਚ ਕੀਤੀ ਹੈ ਜਿਸ ਦੇ ਆਧਾਰ 'ਤੇ ਇਸ ਵਿਸ਼ੇ ਦੀ ਚੋਣ ਕੀਤੀ ਗਈ ਹੈ।

ਖੋਜ-ਪ੍ਰਬੰਧ ਦੇ ਅਧਿਆਇ ਪੰਜਵੇਂ ਵਿਚ "ਜਸਵਿੰਦਰ ਸਿੰਘ ਦੇ ਗਲਪ ਦਾ ਕਲਾਤਮਕ ਪੱਖ" ਨੂੰ ਪੇਸ਼ ਕੀਤਾ ਗਿਆ ਹੈ। ਜਸਵਿੰਦਰ ਸਿੰਘ ਦੇ ਨਾਵਲ "ਮਾਤਲੋਕ" ਅਤੇ ਕਹਾਣੀ ਸੰਗ੍ਰਹਿ "ਖੂਹ ਖਾਤੇ" ਦੇ ਸੰਦਰਭ ਵਿਚ ਉਹਨਾਂ ਦੇ ਕਲਾ ਪੱਖ ਨੂੰ ਜਾਣਨ ਦਾ ਪ੍ਰਸ਼ਨ ਸੁਭਾਵਕ ਹੀ ਇਹਨਾਂ ਰਚਨਾਵਾਂ ਨੂੰ ਉਹਨਾਂ ਮਾਪਦੰਡਾਂ ਨਾਲ ਪਰਖਣ ਤੇ ਪੜਚੋਲਣ ਨਾਲ ਜੁੜਿਆ ਹੋਇਆ ਹੈ ਜਿਹੜੇ ਪਹਿਲਾਂ ਇਸ ਰਚਨਾ ਨੂੰ ਨਾਵਲ ਦੀ ਉੱਚ ਕੋਟੀ ਦੇ ਅੰਤਰਗਤ ਰੱਖਣ ਵਿਚਾਰਨ ਦਾ ਤਰਕ ਸਿਰਜਦੇ ਹਨ। ਇਹਨਾਂ ਸਭ ਆਧਾਰਾਂ ਨੂੰ ਮੁੱਖ ਰੱਖ ਕੇ ਜਸਵਿੰਦਰ ਸਿੰਘ ਦੇ ਕਲਾਤਮਕ ਪੱਖ ਦੀ ਪੇਸ਼ਕਾਰੀ ਕੀਤੀ ਗਈ ਹੈ। ਨਾਵਲ ਦੀ ਗੱਲ ਕੀਤੀ ਜਾਵੇ ਤਾਂ ਇਹ ਇਕ ਬਿਰਤਾਂਤ ਕਲਾ ਹੈ, ਇਸ ਕਰਕੇ ਇਸ ਬਾਰੇ ਗੱਲ ਕਰਦਿਆਂ ਕਥਾ, ਕਥਾਨਕ, ਸਮਾਂ ਅਤੇ ਸੰਚਾਰ ਨਾਲ ਜੁੜੇ ਕਦੀਮੀ ਕਲਾਤਮਕ ਪ੍ਰਤਿਮਾਨਾਂ ਦਾ ਹਾਜ਼ਰ ਰਹਿਣਾ ਅਤੇ ਸਮਕਾਲੀ ਉੱਤਮ ਮਿਆਰਾਂ ਦਾ ਸੁਮੇਲ ਹੋਣਾ ਸੁਭਾਵਿਕ ਵੀ ਹੈ ਅਤੇ ਜ਼ਰੂਰੀ ਵੀ ਹੈ। ਮਾਤ ਲੋਕ ਨਾਵਲ ਦੀ ਪੜ੍ਹਤ ਅਤੇ ਪਰਖ ਇਸ ਆਧਾਰ 'ਤੇ ਹੀ ਕੀਤੀ ਗਈ ਹੈ। ਜਸਵਿੰਦਰ ਸਿੰਘ ਦੇ ਨਾਵਲ 'ਮਾਤ ਲੋਕ' ਵਿਚ 'ਪਾਤਰ ਚਿਤਰਨ' ਨੂੰ ਵੀ ਪਰਖਿਆ ਗਿਆ ਹੈ। ਨਾਵਲ ਮਨ ਦੀ ਬੁਝਾਰਤ ਹੈ ਅਤੇ ਇਹ ਬੁਝਾਰਤ ਪਾਤਰਾਂ ਰਾਹੀਂ ਪਾਈ ਜਾਂਦੀ ਹੈ। ਇਸ ਲਈ ਪਾਤਰ ਫੜੇ ਨਹੀਂ ਘੜੇ ਜਾਂਦੇ ਹਨ। ਇਸ ਲਈ ਇਸ ਨਾਵਲ ਵਿਚਲੇ ਪਾਤਰਾਂ ਦਾ ਚਿਹਰਾ ਮੁਹਰਾ, ਆਚਾਰ-ਵਿਹਾਰ, ਯਾਦਾਂ, ਸਿਮਰਤੀਆਂ, ਪੇਸ਼ਾ, ਸ਼ੌਂਕ ਦੱਸਦਾ ਹੈ ਕਿ ਨਾਵਲਕਾਰ ਨੇ ਹਰ ਪਾਤਰ ਨੂੰ ਵੱਖਰੇ ਮੰਤਵ ਅਤੇ ਵੱਖਰੀ ਸ਼ਿੱਦਤ ਨਾਲ ਘੜਿਆ ਹੈ ਜਿਸ ਦੀ ਪੇਸ਼ਕਾਰੀ ਕਲਾ ਪੱਖ ਵਿਚ ਕੀਤੀ ਗਈ ਹੈ। ਮਾਤ ਲੋਕ ਵਿਚ ਛੇ ਔਰਤਾਂ (ਹਰ ਕੌਰ, ਕਿਸ਼ਨਾ ਦੇਵੀ, ਮਾਂ ਜੀ, ਪ੍ਰਕਾਸ਼ ਕੌਰ, ਮਨਰਾਜ, ਬੱਲੀ) ਮਾਂ ਦਾ ਰੋਲ ਨਿਭਾ ਰਹੀਆਂ ਹਨ ਅਤੇ ਇਹਨਾਂ 6 ਪਾਤਰਾਂ ਦੇ ਮਮਤਾਈ ਵਿਹਾਰ ਦੀ ਭਿੰਨਤਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਲਦੇਵ, ਮਨਰਾਜ, ਹੇਮਾ, ਜੱਗਾ, ਆਦਿ ਮੁੱਖ ਪਾਤਰ ਹਨ ਜਿਨ੍ਹਾਂ ਦਾ ਵੇਰਵਾ ਕਲਾ ਪੱਖ ਵਿਚ ਦਿੱਤਾ ਗਿਆ ਹੈ। ਜਸਵਿੰਦਰ ਸਿੰਘ ਦੀ ਕਲਾ ਵਿਚ ਉਸ ਦੀ 'ਭਾਸ਼ਾ ਚੇਤਨਾ' ਨੂੰ ਵੀ ਪਰਖਿਆ ਗਿਆ ਹੈ। ਉਸ ਦੀ ਭਾਸ਼ਾ ਆਪਣੀ ਤਰ੍ਹਾਂ ਸਹਿਜ ਹੈ ਅਤੇ ਆਪਣੀ ਤਰ੍ਹਾਂ ਡੂੰਘੀ ਹੈ। ਇਸਨੂੰ ਲਹਿਜ਼ੇ ਅੰਦਾਜ ਵਿਚ ਪੇਸ਼ ਕੀਤਾ ਗਿਆ ਹੈ। ਅਸਲੋਂ ਆਮ ਬਾਤ ਚੀਤ ਦੇ ਅਮੂਰਤ ਘੜ ਦੇਣਾ ਅਤੇ ਦ੍ਰਿਸ਼ਾਂ ਵਿਚੋਂ ਸੰਵਾਦ ਦੀ ਗੰਜਾਰਿਸ਼ ਬਣਾ ਦੇਣਾ ਉਹਨਾਂ ਦੇ ਭਾਸ਼ਾਈ ਸੂਹਜ ਦਾ ਸ਼ਿਖਰਲਾ ਪ੍ਰਮਾਣ ਹੈ। ਜਸਵਿੰਦਰ ਸਿੰਘ ਦੇ ਕਈ ਅਜਿਹੇ ਦ੍ਰਿਸ਼ਾਂ ਦੇ ਅਰਥ ਪੜ੍ਹਨ/ਪ੍ਰਤੱਖਣ ਵਾਲੇ 'ਤੇ ਛੱਡ ਦਿੱਤੇ ਗਏ ਹਨ। ਕਲਾਤਮਕ ਪੱਖੋਂ ਜਸਵਿੰਦਰ ਸਿੰਘ ਦੇ ਗਲਪ ਦੀ ਵੱਡੀ ਖ਼ਾਸੀਅਤ ਇਸ ਅੰਦਰਲੇ

ਬਿਰਤਾਂਤ ਦੀ ਰਵਾਨੀ ਤੋਂ ਹੈ। ਕਿਧਰੇ ਵੀ ਕੁਝ ਫਾਲਤੂ ਨਹੀਂ ਲੱਗਦਾ। ਉਹਨਾਂ ਦੀ ਭਾਸ਼ਾ ਪਾਠਕਾਂ ਨੂੰ ਕੀਲੀ ਰੱਖਦੀ ਹੈ। ਮਨ ਦੀਆਂ ਬੁੱਝਣੀਆਂ ਅਤੇ ਉਹਨਾਂ ਨੂੰ ਸਹੀ ਸ਼ਬਦ ਦੇਣੇ ਉਹਨਾਂ ਦੀ ਭਾਸ਼ਾਕਾਰੀ ਦਾ ਕਮਾਲ ਹੈ। ਜਸਵਿੰਦਰ ਸਿੰਘ ਦੀ ਭਾਸ਼ਾ ਚੇਤਨਾ ਕਰਕੇ ਉਸ ਦਾ ਗਲਪ ਕੇਵਲ ਪੜ੍ਹਨਯੋਗ ਹੀ ਨਹੀਂ ਬਣਿਆ ਸਗੋਂ ਭਾਸ਼ਾਕਾਰੀ ਨੇ ਇਸ ਦੇ ਬਿਰਤਾਂਤਕ ਵਾਚ ਨੂੰ ਵੀ ਸਿਫ਼ਤੀ ਬਣਾਇਆ ਹੈ। ਕਹਿੰਦੇ ਹਨ ਕਿ ਸਾਹਿਤਕਾਰ ਉਹ ਹੈ ਜਿਹੜਾ ਆਪਣੀ ਰਚਨਾ ਪਿਛੇ ਲੁਪਤ ਹੋ ਜਾਣਾ ਚਾਹੇ, ਜਿਸ ਨੂੰ ਆਪਣੀ ਭਾਸ਼ਾ ’ਤੇ ਵਿਸ਼ਵਾਸ ਹੋਵੇ, ਜਸਵਿੰਦਰ ਸਿੰਘ ਦੀ ਭਾਸ਼ਾ ਚੇਤਨਾ ਵਿਚ ਅਜਿਹਾ ਗੁਣ ਦੇਖਣ ਨੂੰ ਮਿਲਿਆ ਹੈ। ਜਸਵਿੰਦਰ ਸਿੰਘ ਦੇ ਨਾਵਲ ਵਿਚ ਕਲਾ ਪੱਖ ਤੋਂ ਇਕ ਹੋਰ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਉਸਨੇ ਆਪਣੇ ਨਾਵਲ “ਮਾਤ ਲੋਕ” ਵਿਚ ‘ਦੋਹਰੇ ਪਲਾਟ’ ਦੀ ਪੇਸ਼ਕਾਰੀ ਕੀਤੀ ਹੈ। ਉਸ ਦੇ ਨਾਵਲ ਵਿਚ ਦੋ ਕਹਾਣੀਆਂ ਸਮਾਨੰਤਰ ਰੂਪ ਵਿਚ ਕਿਰਿਆਸ਼ੀਲ ਰਹਿੰਦੀਆਂ ਹਨ। ਜਸਵਿੰਦਰ ਸਿੰਘ ਦੋ ਕਹਾਣੀਆਂ ਨੂੰ ਸਮਾਨੰਤਰ ਰੂਪ ਵਿਚ ਚਲਾਉਂਦਾ ਹੋਇਆ ਇਕ ਅਜਿਹਾ ਸਾਂਝਾ ਸੂਤਰ ਉਭਾਰਦਾ ਹੈ ਜਿਸ ਵਿਚ ਦੋਹਾਂ ਕਹਾਣੀਆਂ ਦੇ ਪਾਤਰਾਂ ਦਾ ਸੰਬੰਧ ਆਪਸ ਵਿਚ ਜੁੜ ਜਾਂਦਾ ਹੈ। ਦੋਵੇਂ ਪਲਾਟ ਦੋ ਜੀਵਨ ਮੁੱਲਾਂ ਦੀ ਪ੍ਰਤਿਨਿਧਤਾ ਕਰਦੇ ਹਨ। ਇਕ ਪਾਸੇ ਪਿਆਰ ਦੀ ਕਾਮਨਾ ਜੀਵਨ ਵਿਚ ਹਰ ਸੰਕਟ ਸਮੇਂ ਇਕ ਸੰਤੁਲਨ ਬਣਾਈ ਰੱਖਦੀ ਹੈ, ਦੂਜੇ ਪਾਸੇ ਅੰਨ੍ਹੀ ਕਾਮਨਾ ਕਈ ਸੰਕਟ ਖੜੇ ਕਰਦੀ ਹੈ। ਜਸਵਿੰਦਰ ਸਿੰਘ ਦੇ ਦੋਹਰੇ ਪਲਾਟ ਨੂੰ ਬਹੁਤ ਵਧਿਆ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿਚ ਹੀ ਜਸਵਿੰਦਰ ਸਿੰਘ ਦੀ ਕਲਾ ਦਾ ਇਕ ਹੋਰ ਪਹਿਲੂ ‘ਪਿਛਲ ਝਾਤ’ ਵਿਧੀ ਨੂੰ ਵੀ ਪੇਸ਼ ਕੀਤਾ ਗਿਆ ਹੈ। ਉਸ ਦੀਆਂ ਕਈ ਕਹਾਣੀਆਂ ਵਿਚ ਅਜਿਹੀ ਜੁਗਤ ਨੂੰ ਦੇਖਿਆ ਗਿਆ ਹੈ। ਕਹਾਣੀਕਾਰ ਦੀ ਕਹਾਣੀ ਕਲਾ ਇਸੇ ਵਿਚ ਹੈ ਕਿ ਉਹ ਆਪਣੀ ਗੱਲ ਕਹਿਣ ਲਈ ਕਿੱਥੋਂ ਸ਼ੁਰੂਆਤ ਕਰਦਾ ਹੈ, ਕਿਹੜੀ ਜੁਗਤ ਨਾਲ ਕਦੋਂ, ਕਿਹੜੀ ਅਤੇ ਕਿਵੇਂ ਗੱਲ ਕਹਿਣੀ ਹੈ ਅਤੇ ਕਹਾਣੀ ਨੂੰ ਸਮੇਟਣਾ ਕਿਵੇਂ ਹੈ। ਉਹਨਾਂ ਦੀ ਕਹਾਣੀ ਵਿਚ ‘ਮੈਂ’ ਦੀ ਥਾਂ ਤੇ ‘ਉਸ’ ਨੂੰ ਕਥਾ ਨਾਇਕ ਬਣਾਇਆ ਜਾਂਦਾ ਹੈ ਅਤੇ ਕਹਾਣੀ ਦਾ ਸਮੁੱਚਾ ਸੰਸਾਰ ਵਕਤਾ ਦੇ ਸਰਬੰਗ ਵਰਣਨ ਵਿਚ ਰੁਪਾਇਤ ਹੁੰਦਾ ਹੈ। ਨਿੱਕੇ-ਨਿੱਕੇ ਵੇਰਵਿਆਂ ਨੂੰ ਉਪ ਘਟਨਾਵਾਂ, ਸੰਵਾਦਾਂ ਅਤੇ ਪਿਛਲਝਾਤ ਦੀ ਜੁਗਤ ਰਾਹੀਂ ਸਮੇਟਣਾ ਉਸ ਦੀ ਕਹਾਣੀ ਦਾ ਬਿਰਤਾਂਤਕ ਰਿਦਮ ਬਣਦਾ ਹੈ। ਇਸ ਆਧਾਰ ’ਤੇ ਉਸ ਦੀ ਪਿਛਲਝਾਤ ਯੁਗਤ ਨੂੰ ਵੀ ਕਲਾ ਪੱਖ ਵਿਚ ਪੇਸ਼ ਕੀਤਾ ਗਿਆ ਹੈ। ਜਸਵਿੰਦਰ ਸਿੰਘ ਨੇ ਆਪਣੇ ਕਹਾਣੀ ਸੰਗ੍ਰਹਿ “ਖੂਹ ਖਾਤੇ” ਵਿਚ ‘ਆਵਾਗੌਣ’, ‘ਸਹਿਕਦਾ ਸੱਚ’, ‘ਦੋਹਰੇ ਮਹਾਭਾਰਤ’,‘ਮਰੇ ਮਾਤਮ’ ਆਦਿ ਕਹਾਣੀਆਂ ਵਿਚ ਪਿਛਲਾ-ਝਾਤ ਵਿਧੀ ਦੀ ਵਰਤੋਂ ਕੀਤੀ ਹੈ। ਇਸ ਅਧਿਆਇ ਵਿਚ ਹੀ ਜਸਵਿੰਦਰ ਸਿੰਘ ਦੀ ‘ਸਾਹਿਕਤਾ’ ਨੂੰ ਵੀ ਪਰਖਿਆ ਗਿਆ ਹੈ। ਜਸਵਿੰਦਰ ਸਿੰਘ ਦੀ ਗਲਪ ਵਿਚ ਇਕ ਵਿਸ਼ੇਸ ਗੁਣ ਇਹ ਹੈ ਕਿ ਇਹ ‘ਅਸ਼ਲੀਲਤਾ’ ਤੋਂ ਨਿਰਪੇਖ ਸਾਹਿਤਕ ਗੁਣਾਂ ’ਤੇ ਖਰਾ ਉਤਰਿਆ ਹੈ। ਜਸਵਿੰਦਰ ਸਿੰਘ ਦੀ ਇਹ ਸੰਰਚਨਾ ਵਿਧੀ ਹੈ ਕਿ ਜੇਉਹ ਆਪਣੇ ਪਾਤਰਾਂ ਤੋਂ ਗਾਲ੍ਹਾਂ ਵੀ ਕਢਵਾਉਂਦਾ ਹੈ ਤਾਂ ਉਥੇ ਵੀ ਸਾਹਿਤਕ ਮਿਆਰ ਕਾਇਮ ਰੱਖਦਾ ਹੈ। ਗਾਲ੍ਹ ਦੀ ਖਾਨਾਪੂਰਤੀ ਨੂੰ ਉਹ ਖ਼ਾਲੀ ਜਗ੍ਹਾ ਛੱਡ ਕੇ ਪੂਰਦਾ ਹੈ। ਉਸਦੀ ਅਜਿਹੀ ਸਾਹਿਤਕਤਾ ‘ਪਰਦੇਸੀ’, ‘ਦੋਹਰੇ ਮਹਾਭਾਰਤ’, ‘ਮਰੇ ਮਾਤਮ’ ਆਦਿ ਕਹਾਣੀਆਂ ਵਿਚ ਦੇਖੀ ਜਾ ਸਕਦੀ ਹੈ।

ਕੁਲ ਮਿਲਾ ਕੇ ਕਹਿ ਸਕਦੇ ਕਿ ਜਸਵਿੰਦਰ ਸਿੰਘ ਦੀ ਗਲਪ ਚੇਤਨਾ ਜਿਥੇ ਵਿਸ਼ੇ ਦੇ ਪੱਖ ਤੋਂ ਮਹੱਤਤਾ ਰੱਖਦੀ ਹੈ ਉਥੇ ਕਲਾਤਮਕ ਦੇ ਪੱਖ ਤੋਂ ਵੀ ਮਹੱਤਵਪੂਰਨ ਹੈ।

# ਸਥਾਪਨਾਵਾਂ

- ਜਸਵਿੰਦਰ ਸਿੰਘ ਦੀ ਗਲਪ ਚੇਤਨਾ ਵਿਚ ਇਹ ਖੂਬਸੂਰਤੀ ਦੇਖੀ ਜਾ ਸਕਦੀ ਹੈ ਕਿ ਉਸ ਦੇ ਨਾਵਲ ਅਤੇ ਕਹਾਣੀਆਂ ਨੂੰ ਪੜ੍ਹਦਿਆਂ ਇਕ ਅਜਿਹੇ ਮਨੁੱਖ ਦੀ ਸਿਰਜਣਾ ਸਾਕਾਰ ਹੋ ਜਾਂਦੀ ਹੈ ਜਿਸ ਦੇ ਅਵਚੇਤਨ ਵਿਚ ਤੀਜੀ ਦੁਨੀਆ ਦੇ ਲੋਕਾਂ ਦੀਆਂ ਸਮੁੱਚੀਆਂ ਸਮੱਸਿਆਵਾਂ, ਦੁਵਿਧਾਵਾਂ ਅਤਿ ਸੰਘਣੇ ਅਤੇ ਮਹੀਨ ਵਰਤਾਰੇ ਦੇ ਰੂਪ ਵਿਚ ਪਈਆਂ ਹਨ।
- ਜਸਵਿੰਦਰ ਸਿੰਘ ਆਪਣੇ ਗਲਪ ਵਿਚ ਵਿਕਸਿਤ ਪੂੰਜੀਵਾਦੀ ਅਰਥ ਵਿਵਸਥਾ ਨਾਲ ਅਚੇਤ ਤੌਰ ’ਤੇ ਸੰਵਾਦ ਰਚਾਉਂਦਾ ਹੈ।
- ਜਸਵਿੰਦਰ ਸਿੰਘ ਇਕ ਵਿਸ਼ੇਸ ਕਿਸਮ ਦੇ ਬਿਰਤਾਂਤਕ ਕੋਡ ਜਿਵੇਂ ਪਿਛਲ-ਝਾਤ, ਕਲਪਨਾ, ਕਾਵਿਕ ਸ਼ੈਲੀ ਆਦਿ ਰਾਹੀਂ ਆਪਣੇ ਗਲਪ ਨੂੰ ਪੇਸ਼ ਕਰਦਾ ਹੈ, ਜਿਸ ਦੀ ਪੇਸ਼ਕਾਰੀ ਹਥਲੇ ਖੋਜ ਕਾਰਜ ਵਿਚ ਕੀਤੀ ਗਈ ਹੈ।
- ਪਦਾਰਥਵਾਦੀ ਯੁੱਗ ਦੇ ਮਨੁੱਖ ਦੀ ਹੋਣੀ ਨੂੰ ਪੇਸ਼ ਕਰਦਾ ਇਹ ਗਲਪ ਮਨੁੱਖ ਦੀ ‘ਮੈਂ’ ਮੂਲਕ ਪ੍ਰਵਿਰਤੀ ਕਾਰਨ ਪੈਦਾ ਹੁੰਦੇ ਤਣਾਓ ਨੂੰ ਸਫ਼ਲਤਾ ਨਾਲ ਪੇਸ਼ ਕਰਦੀ ਹੈ।
- ਜਸਵਿੰਦਰ ਸਿੰਘ ਦਾ ਗਲਪ ਸਪੱਸ਼ਟ ਰੂਪ ਵਿਚ ਦਰਸਾਉਂਦਾ ਹੈ ਕਿ ਮਸ਼ੀਨੀ ਯੁੱਗ ਵਿਚ ਫਸਿਆ ਹੋਇਆ ਮਨੁੱਖ ਇਕੱਲਤਾ ਅਤੇ ਬੇਗਾਨਗੀ ਦੀ ਮਾਰ ਨੂੰ ਝੱਲਦਾ ਹੋਇਆ ਇਕੱਲਾ ਹੈ।
- ਰਿਸ਼ਤਿਆਂ ਵਿਚਲੇ ਇਸ ਤਣਾਓ ਦਾ ਇੱਕ ਕਾਰਨ ਪੰਜਾਬੀ ਲੋਕਾਂ ਦੀ ਆਰਥਿਕਤਾ ਨਾਲ ਵੀ ਜੁੜਦਾ ਹੈ ਜਦੋਂ ਉਹ ਆਰਥਕ ਖੁਸ਼ਹਾਲੀ ਲਈ ਦਿਨ ਰਾਤ ਮਿਹਨਤ ਕਰਨ ਦੇ ਬਾਵਜੂਦ ਆਰਥਿਕ ਪੱਖ ਤੋਂ ਮਜਬੂਤ ਨਹੀਂ ਹੁੰਦੇ ਤਾਂ ਰਿਸ਼ਿਤਿਆਂ ਵਿਚ ਤਣਾਓ ਪੈਦਾ ਕਰ ਲੈਂਦੇ ਹਨ, ਅਜਿਹੇ ਵਿਸ਼ਿਆਂ ਦੀ ਪੇਸ਼ਕਾਰੀ ਜਸਵਿੰਦਰ ਸਿੰਘ ਦੇ ਗਲਪ ਵਿਚ ਕੀਤੀ ਗਈ ਹੈ।
- ਜਸਵਿੰਦਰ ਸਿੰਘ ਦੇ ਗਲਪ ਦਾ ਇਕ ਹੋਰ ਪਹਿਲੂ ਪੰਜਾਬ ਸੰਕਟ ਦੀ ਪੇਸ਼ਕਾਰੀ ਨਾਲ ਵੀ ਜੁੜਿਆ ਹੋਇਆ ਹੈ। ਜਸਵਿੰਦਰ ਸਿੰਘ ਦੀਆਂ ਰਚਨਾਵਾਂ ਵਿਚ ਖਾੜਕੂ ਲਹਿਰ ਦੇ ਪ੍ਰਭਾਵ ਕਾਰਨ ਪੰਜਾਬ ਵਿਚ ਜੋ ਮਾਤਮ, ਖ਼ੌਫ, ਖੂਨ ਆਤੰਕ ਦਾ ਮਾਹੌਲ ਸੀ ਉਸ ਦੀ ਪੇਸ਼ਕਾਰੀ ਕੀਤੀ ਗਈ ਹੈ।
- ਨਾਵਲ ਮਾਤ ਲੋਕ ਸਮਕਾਲੀ ਪੰਜਾਬੀ ਨਾਵਲ ਦੀ ਯਥਾਰਥ ਰੂਪ ਵਿਧੀ ਨੂੰ ਸਮਝਣ ਤੇ ਪੇਸ਼ ਕਰਨ ਦੀਆਂ ਜੁਗਤਾਂ ਵਿਚ ਵਿਚਾਰਨਯੋਗ ਤਬਦੀਲੀਆਂ ਕਰਨ ਅਤੇ ਉਸ ਨੂੰ ਅੱਜ ਦੇ ਪੰਜਾਬੀ ਬੰਦੇ ਦੀਆਂ ਮਨੋ ਸੰਕਲਪਨਾਵਾਂ ਅਤੇ ਸਰਗਰਮੀਆਂ ਦੇ ਹਾਣ ਦਾ ਬਣਾਉਣ ਵਿਚ ਸਰਗਰਮ ਦਿਖਾਈ ਦਿੰਦੀ ਹੈ।

- ਜਸਵਿੰਦਰ ਸਿੰਘ ਦਾ ਨਾਵਲ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਵਾਲਾ ਅਤੇ ਆਪਣੇ ਸਮੇਂ ਦੇ ਰਾਜਨੀਤਿਕ ਸੰਸਕ੍ਰਿਤਕ ਖਿਲਾਰੇ ਨੂੰ ਨਾਵਲੀ ਬਿਰਤਾਂਤ ਵਿਚ ਬੰਨ੍ਹਣ ਵਾਲੀ ਰਚਨਾ ਤਸਲੀਮ ਕਰਦਾ ਹੈ।
- ਜਸਵਿੰਦਰ ਸਿੰਘ ਦੇ ਗਲਪ ਵਿਚ ਪਾਤਰ ਚਿਤਰਨ ਨੂੰ ਵੀ ਪਰਖਿਆ ਗਿਆ ਹੈ। ਨਾਵਲ ਅਤੇ ਕਹਾਣੀਆਂ ਵਿਚਲੇ ਪਾਤਰਾਂ ਦਾ ਚਿਹਰਾ ਮੁਹਰਾ, ਆਚਾਰ-ਵਿਹਾਰ, ਯਾਦਾਂ, ਸਿਮਰਤੀਆਂ, ਪੇਸ਼ਾ, ਸ਼ੌਂਕ ਦੱਸਦਾ ਹੈ ਕਿ ਜਸਵਿੰਦਰ ਸਿੰਘ ਨੇ ਹਰ ਪਾਤਰ ਨੂੰ ਵੱਖਰੇ ਮੰਤਵ ਅਤੇ ਵੱਖਰੀ ਸ਼ਿੱਦਤ ਨਾਲ ਘੜਿਆ ਹੈ।
- ਜਦਵਿੰਦਰ ਸਿੰਘ ਦੇ ਨਾਵਲ ਮਾਤ ਲੋਕ ਦਾ ਅੰਤ ਇਕ ਨਾਟਕ ਰਾਹੀਂ ਹੁੰਦਾ ਹੈ। ਪਹਿਲੀ ਨਜ਼ਰੇ ਨਾਵਲ ਨੂੰ ਪੜ੍ਹਦਿਆਂ ਲਗਦਾ ਹੈ ਕਿ ਨਾਵਲ ਸੰਪੂਰਨ ਨਹੀਂ ਹੈ ਪਰ ਜਦੋਂ ਇਕ ਖੋਜਾਰਥੀ ਅਤੇ ਅਧਿਏਤਾ ਨਾਵਲ ਦੇ ਅਧਿਐਨ ਵੱਲ ਰੁਚਿਤ ਹੁੰਦਾ ਹੈ ਤਾਂ ਇਸ ਗੱਲ ਦੀ ਸਹਿਜੇ ਹੀ ਪ੍ਰਤੀਤੀ ਹੁੰਦੀ ਹੈ ਕਿ ਨਾਵਲ ਦਾ ਖੁਲ੍ਹਾ ਅੰਤ ਵੀ ਬਹੁਤ ਕੁਝ ਕਹਿ ਜਾਂਦਾ ਹੈ ਅਤੇ ਪਾਠਕਾਂ ਨੂੰ ਕੁਝ ਨਵਾਂ ਸੋਚਣ ’ਤੇ ਮਜ਼ਬੂਰ ਕਰ ਜਾਂਦਾ ਹੈ।
- ਅਸਲੋਂ ਆਮ ਬਾਤ-ਚੀਤ ਦੇ ਅਮੂਰਤ ਘੜ ਦੇਣਾ ਅਤੇ ਦ੍ਰਿਸ਼ਾਂ ਵਿਚੋਂ ਸੰਵਾਦ ਦੀ ਗੁੰਜਾਰਿਸ਼ ਬਣਾ ਦੇਣਾ ਜਸਵਿੰਦਰ ਸਿੰਘ ਦੇ ਭਾਸ਼ਾਈ ਸੁਹਜ ਦਾ ਸ਼ਿਖਰਲਾ ਪ੍ਰਮਾਣ ਹੈ। ਉਸ ਦੇ ਕਈ ਅਜਿਹੇ ਦ੍ਰਿਸ਼ਾਂ ਦੇ ਅਰਥ ਪੜ੍ਹਨ/ਪ੍ਰਤੱਖਣ ਵਾਲੇ ’ਤੇ ਛੱਡ ਦਿੱਤੇ ਗਏ ਹਨ।
- ਨਾਵਲ ‘ਮਾਤ ਲੋਕ’ ਵਿਚ ਦੋਹਰੇ ਪਲਾਟ ਦੀ ਪੇਸ਼ਕਾਰੀ ਕੀਤੀ ਹੈ। ਉਸ ਦੇ ਨਾਵਲ ਵਿਚ ਦੋ ਕਹਾਣੀਆਂ ਸਮਾਨੰਤਰ ਰੂਪ ਵਿਚ ਕਿਰਿਆਸ਼ੀਲ ਰਹਿੰਦੀਆਂ ਹਨ। ਜਸਵਿੰਦਰ ਸਿੰਘ ਦੋ ਕਹਾਣੀਆਂ ਨੂੰ ਸਮਾਨੰਤਰ ਰੂਪ ਵਿਚ ਚਲਾਉਂਦਾ ਹੋਇਆ ਇਕ ਅਜਿਹਾ ਸਾਂਝਾ ਸੂਤਰ ਉਭਾਰਦਾ ਹੈ ਜਿਸ ਵਿਚ ਦੋਹਾਂ ਕਹਾਣੀਆਂ ਦੇ ਪਾਤਰਾਂ ਦਾ ਸੰਬੰਧ ਆਪਸ ਵਿਚ ਜੁੜ ਜਾਂਦਾ ਹੈ। ਦੋਵੇਂ ਪਲਾਟ ਦੋ ਜੀਵਨ ਮੁੱਲਾਂ ਦੀ ਪ੍ਰਤਿਨਿਧਤਾ ਕਰਦੇ ਹਨ। ਇਕ ਪਾਸੇ ਪਿਆਰ ਦੀ ਕਾਮਨਾ ਜੀਵਨ ਵਿਚ ਹਰ ਸੰਕਟ ਸਮੇਂ ਇਕ ਸੰਤੁਲਨ ਬਣਾਈ ਰੱਖਦੀ ਹੈ, ਦੂਜੇ ਪਾਸੇ ਅੰਨ੍ਹੀ ਕਾਮਨਾ ਕਈ ਸੰਕਟ ਖੜੇ ਕਰਦੀ ਹੈ।

# ਪੁਸਤਕ ਸੂਚੀ


ਉੱਪਲ, ਸਵਿੰਦਰ ਸਿੰਘ (ਡਾ.), ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪਟਿਆਲਾ: ਪੰਜਾਬੀ ਯੂਨੀਵਰਸਿਟੀ 1995

ਅਹੂਜਾ, ਰੋਸ਼ਨ ਲਾਲ (ਡਾ.), ਸਾਹਿਤ ਸ਼ਾਸਤਰ, ਲੁਧਿਆਣਾ: ਲਾਹੌਰ ਬੁੱਕ ਸ਼ਾਪ, 1987

ਅਜਮੇਰ ਸਿੰਘ (ਡਾ.), (ਸੰਪਾ.), ਖੋਜ ਪੱਤ੍ਰਿਕਾ, ਵੀਹਵੀਂ ਸਦੀ ਦਾ ਪੰਜਾਬੀ ਗਲਪ ਵਿਸ਼ੇਸ਼ ਅੰਕ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1999

ਅਰਸ਼ੀ, ਗੁਰਚਰਨ ਸਿੰਘ, ਸਾਹਿਤ ਸਮੀਖਿਆ, ਦਿੱਲੀ: ਆਰਸ਼ੀ ਪਬਲਿਸ਼ਰਜ, 2011

ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2006

ਕਸੇਲ, ਕਿਰਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1972

ਕੋਹਲੀ, ਸੁਰਿੰਦਰ ਸਿੰਘ, ਪੰਜਾਬੀ ਸਾਹਿਤ ਕੋਸ਼ (ਭਾਗ ਦੂਜਾ), ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1976

ਕੇਸਰ, ਕੇਸਰ ਸਿੰਘ (ਡਾ.), ਖੋਜ ਚਿੰਤਨ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2013

ਕਿਰਨ, ਕਿਰਨਦੀਪ ਸਿੰਘ (ਡਾ.), ਪ੍ਰੇਮ ਪ੍ਰਕਾਸ਼ ਦੀ ਕਥਾ ਸੰਵੇਦਨਾ, ਅੰਮ੍ਰਿਤਸਰ: ਰਵੀ ਸਹਿਤ ਪ੍ਰਕਾਸ਼ਨ, 2006

ਗਾਸੋ, ਓਮ ਪ੍ਰਕਾਸ਼, ਪੰਜਾਬੀ ਸੱਭਿਆਚਾਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2000

ਗੁਰਜੰਟ ਸਿੰਘ (ਡਾ.), ਰਵਿੰਦਰ ਰਵੀ ਦੀ ਕਹਾਣੀ, ਸੱਭਿਆਚਾਰਕ ਪਰਿਪੇਖ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2009

ਜਸਵਿੰਦਰ ਸਿੰਘ (ਡਾ.), ਪੰਜਾਬੀ ਸੱਭਿਆਚਾਰ, ਪਛਾਣ ਚਿੰਨ, ਪਟਿਆਲਾ: ਪੁਨੀਤ ਪ੍ਰਕਾਸ਼ਨ, 1989

ਜਸਵਿੰਦਰ ਸਿੰਘ (ਡਾ.), ਮਾਤ ਲੋਕ, ਲੁਧਿਆਣਾ: ਪੰਜਾਬੀ ਭਵਨ, 2011

ਜਸਵਿੰਦਰ ਸਿੰਘ (ਡਾ.), ਖੂਹ ਖਾਤੇ, ਲੁਧਿਆਣਾ: ਐਸਥੈਟਿਕ ਪਬਲੀਕੇਸ਼ਨ, 1996

ਜਸਵਿੰਦਰ ਸਿੰਘ (ਡਾ.) ਅਤੇ ਢੀਂਡਸਾ, ਮਾਨ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2012

ਜੋਸ਼ੀ, ਜੀਤ ਸਿੰਘ, ਪੰਜਾਬੀ ਅਧਿਐਨ ਤੇ ਅਧਿਆਪਨ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ

ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, (ਪੰਜਾਬੀ ਸਾਹਿਤ ਦਾ ਇਤਿਹਾਸ), ਦਿੱਲੀ: ਪੰਜਾਬੀ ਅਕਾਦਮੀ, 2004

ਧਨਵੰਤ ਕੌਰ (ਡਾ.), ਗਲਪਕਾਰ: ਡਾ. ਦਲੀਪ ਕੌਰ ਟਿਵਾਣਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1996

ਧਨਵੰਤ ਕੌਰ (ਡਾ.), ਕਹਾਣੀ 2000, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2002

ਧਾਲੀਵਾਲ, ਬਲਦੇਵ ਸਿੰਘ (ਡਾ.), ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀਮੂਲਕ ਪਰਿਪੇਖ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ, 2007

ਨਾਭਾ, ਭਾਈ ਕਾਨ ਸਿੰਘ, ਗੁਰੁਸ਼ਬਦ ਰਤਨਾਕਰ: ਮਹਾਨ ਕੋਸ਼, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011 ਜਿਲਦ ਤੀਜੀ

ਨੂਰ, ਸਤਿੰਦਰ ਸਿੰਘ, ਵਿਚਾਰਧਾਰਾ ਸਾਹਿਤ ਤੇ ਸੱਭਿਆਚਾਰ, ਲੁਧਿਆਣਾ: ਚੇਤਨਾ ਪ੍ਰਕਾਸ਼ਨ, 2001

ਪ੍ਰਮਿੰਦਰ ਸਿੰਘ (ਡਾ.), ਕਸੇਲ, ਕਿਰਪਾਲ ਸਿੰਘ ਅਤੇ ਲਾਂਬਾ, ਗੋਬਿੰਦ ਸਿੰਘ (ਡਾ.), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲੁਧਿਆਣਾ: ਲਾਹੌਰ ਬੁੱਕ ਸ਼ਾਪ, 2011

ਪਿਆਰਾ ਸਿੰਘ (ਪ੍ਰੋ.), ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਜਲੰਧਰ: ਨਿਊ ਬੁੱਕ ਕੰਪਨੀ ਮਾਈ ਹੀਰਾ ਗੇਟ, 2012

ਪਿਆਰ ਸਿੰਘ (ਡਾ.), ਖੋਜ ਸਿਧਾਂਤ ਤੇ ਵਿਵਹਾਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011

ਫਰੈਂਕ, ਗੁਰਬਖਸ਼ ਸਿੰਘ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 1992 ਦੂਜਾ ਅਡੀਸ਼ਨ

ਬ੍ਰਹਮਜਗਦੀਸ਼ ਸਿੰਘ (ਪ੍ਰੋ.), ਪੰਜਾਬੀ ਨਾਵਲ ਸਿਧਾਂਤ, ਇਤਿਹਾਸ ਤੇ ਪ੍ਰਵ੍ਰਿਤੀਆਂ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 2012

ਬ੍ਰਹਮਜਗਦੀਸ਼ ਸਿੰਘ (ਪ੍ਰੋ.) ਅਤੇ ਰਾਜਬੀਰ ਕੌਰ (ਪ੍ਰੋ.), ਪੰਜਾਬੀ ਸਾਹਿਤ ਦਾ ਇਤਿਹਾਸ, ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 2011

ਰੰਧਾਵਾ, ਹਰਸਿਮਰਨ ਸਿੰਘ (ਸੰਪਾ.), ਮਾਤ ਲੋਕ ਜਗਤ ਤੇ ਜੋਤ, ਪਟਿਆਲਾ: Gracious books, 2014

ਰਾਹੀਂ, ਜੋਗਿੰਦਰ ਸਿੰਘ, ਮਸਲੇ ਗਲਪ ਦੇ, ਅੰਮ੍ਰਿਤਸਰ: ਨਾਨਕ ਸਿੰਘ ਪੁਸਤਕਮਾਲਾ, 2004